ਬੁੱਧਵਾਰ, 17 ਜੁਲਾਈ, 2024
2 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 46

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 17 JULY, 2024 ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਕੈਪਟਨ ਤੇ ਚਾਰ ਜਵਾਨ ਸ਼ਹੀਦ

**ਸ੍ਰੀਨਗਰ** : ਡੋਡਾ ਜ਼ਿਲ੍ਹੇ ਵਿਚ ਡੇਸਾ ਜੰਗਲ ਦੇ ਧਾਰੀ ਗੋਟੇ ਉਤਾਰਬਾਗੀ ਵਿਚ ਦਹਿਸ਼ਤਗਰਦਾਂ ਦੇ ਹਮਲੇ ਕਾਰਨ ਫੌਜ ਦੇ ਕੈਪਟਨ ਸਣੇ ਚਾਰ ਜਵਾਨਾਂ ਸ਼ਹੀਦ ਹੋ ਗਏ। ਇਕ ਪੁਲਸ ਮੁਲਾਜ਼ਮ ਵੀ ਸ਼ਹਾਦਤ ਦਾ ਜਾਮ ਪੀ ਗਿਆ। ਸ਼ਹੀਦ ਹੋਣ ਵਾਲਿਆਂ ਵਿਚ ਕੈਪਟਨ ਬ੍ਰਿਜੇਸ਼ ਥਾਪਾ, ਨਾਇਕ ਡੀ ਰਾਜੇਸ਼, ਸਿਪਾਹੀ ਬਿਜੇਂਦਰ ਤੇ ਸਿਪਾਹੀ ਅਜੈ ਸ਼ਾਮਲ ਹਨ।

ਰਾਸ਼ਟਰੀ ਰਾਈਫਲਜ਼ ਤੇ ਪੁਲਸ ਵੱਲੋਂ ਸੋਮਵਾਰ ਸ਼ਾਮ ਤੋਂ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ। ਇਸ ਦੌਰਾਨ ਦਹਿਸ਼ਤਗਰਦ ਗੋਲੀਬਾਰੀ ਕਰਦੇ ਹੋਏ ਫਰਾਰ ਹੋ ਗਏ। ਇਸ ਦੇ ਨਾਲ ਹੀ ਸੰਘਣਾ ਜੰਗਲ ਹੈ, ਜਿੱਥੋਂ ਦਹਿਸ਼ਤਗਰਦ ਅੱਗੇ ਨਿਕਲ ਗਏ। ਇਸ ਦੌਰਾਨ ਪੰਜ ਜਵਾਨ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੇ ਮੰਗਲਵਾਰ ਇਲਾਜ ਦੌਰਾਨ ਦਮ ਤੋੜ ਦਿੱਤਾ। ਮੀਡੀਆ ਰਿਪੋਰਟਾਂ ਅਨੁਸਾਰ ਇਸ ਹਮਲੇ ਦੀ ਜ਼ਿੰਮੇਵਾਰੀ ਕਸ਼ਮੀਰ ਟਾਈਗਰਜ਼ ਨੇ ਲਈ ਹੈ। ਫੌਜ ਦੇ ਅਧਿਕਾਰੀ ਨੇ ਦੱਸਿਆ ਕਿ ਦਹਿਸ਼ਤਗਰਦਾਂ ਨੇ ਫੌਜ ਦੇ ਜਵਾਨਾਂ ਵੱਲ ਗੋਲੀਆਂ ਚਲਾਈਆਂ। ਇਸ ਤੋਂ ਬਾਅਦ ਜਵਾਨਾਂ ਨੇ ਜਵਾਬੀ ਕਾਰਵਾਈ ਕੀਤੀ। ਫਰਾਰ ਹੋਏ ਦਹਿਸ਼ਤਗਰਦਾਂ ਦੀ ਭਾਲ ਕੀਤੀ ਜਾ ਰਹੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਬਹਾਦਰ ਜਵਾਨਾਂ ਦੀ ਸ਼ਹਾਦਤ ਤੋਂ ਉਹ ਬਹੁਤ ਦੁਖੀ ਹਨ। ਦੇਸ਼ ਇਸ ਵੇਲੇ ਦੁਖੀ ਪਰਵਾਰਾਂ ਨਾਲ ਖੜ੍ਹਾ ਹੈ ਅਤੇ ਉਹ ਉਨ੍ਹਾਂ ਫੌਜੀ ਪਰਵਾਰਾਂ ਦੀ



ਆਰਥਿਕ ਸਹਾਇਤਾ ਕਰਨਗੇ, ਜਿਨ੍ਹਾਂ ਨੇ ਡਿਊਟੀ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਦਹਿਸ਼ਤ ਵਿਰੋਧੀ ਮੁਹਿੰਮ ਜਾਰੀ ਹੈ ਅਤੇ ਫੌਜਾਂ ਦਹਿਸ਼ਤਗਰਦੀ ਦੇ ਖ਼ਾਤਮੇ ਅਤੇ ਖੇਤਰ ਵਿਚ ਸ਼ਾਂਤੀ ਬਹਾਲੀ ਲਈ ਵਚਨਬੱਧ ਹਨ।

ਜੰਮੂ ਖੇਤਰ ਵਿਚ 2021 ਤੋਂ ਹੁਣ ਤਕ 52 ਜਵਾਨਾਂ (ਬਹੁਤੇ ਫੌਜੀ) ਸਣੇ 70 ਲੋਕ ਮਾਰੇ ਜਾ ਚੁੱਕੇ ਹਨ। ਬਹੁਤੀਆਂ ਜਾਨਾਂ ਰਾਜੌਰੀ ਤੇ ਪੁਣਛ ਜ਼ਿਲ੍ਹਿਆਂ ਵਿਚ ਗਈਆਂ ਹਨ, ਜਿੱਥੇ 54 ਦਹਿਸ਼ਤਗਰਦਾਂ ਨੂੰ ਮਾਰਿਆ ਗਿਆ ਹੈ।

## ਲੋਕਾਂ ਲਈ ਇਹ ਕਹਿਣਾ ਅਸਾਨ ਹੈ ਕਿ...

**ਕੋਲਕਾਤਾ** : ਡੋਡਾ ਵਿਚ ਸੋਮਵਾਰ ਗੋਲੀਬਾਰੀ ਦੌਰਾਨ ਸ਼ਹੀਦ ਹੋਣ ਵਾਲੇ ਕੈਪਟਨ ਬ੍ਰਿਜੇਸ਼ ਥਾਪਾ ਦੇ ਪਰਵਾਰ ਨੇ ਮੰਗਲਵਾਰ ਪੁੱਛਿਆ ਕਿ ਸਰਕਾਰ ਜੰਮੂ-ਕਸ਼ਮੀਰ ਵਿਚ ਦਹਿਸ਼ਤਗਰਦਾਂ ਖਿਲਾਫ ਕਦੋਂ ਕਾਰਵਾਈ ਕਰੇਗੀ ? ਬ੍ਰਿਜੇਸ਼ ਦੇ ਅੰਕਲ ਯੋਗੇਸ਼ ਥਾਪਾ ਨੇ ਕਿਹਾ ਕਿ ਦਹਿਸ਼ਤਗਰਦ ਹਰ ਦਿਨ ਹਮਲੇ ਕਰ ਰਹੇ ਹਨ। ਅਸੀਂ ਰੋਜ਼ਾਨਾ ਸ਼ਹੀਦੀਆਂ ਬਾਰੇ ਸੁਣ ਰਹੇ ਹਾਂ। ਸਰਕਾਰ ਕੀ ਤੇ ਕਦੋਂ ਕਾਰਵਾਈ ਕਰੇਗੀ ? ਲੋਕਾਂ ਲਈ ਇਹ ਕਹਿਣਾ ਅਸਾਨ ਹੈ ਕਿ ਅਧਿਕਾਰੀ ਦੇਸ਼ 'ਤੇ ਕੁਰਬਾਨ ਹੋ ਗਿਆ, ਪਰ ਪਰਵਾਰ ਲਈ ਘਾਟਾ ਬਰਦਾਸ਼ਤ ਕਰਨਾ ਸੌਖਾ ਨਹੀਂ ਹੋਵੇਗਾ।

ਕੈਪਟਨ ਬ੍ਰਿਜੇਸ਼ ਦੀ ਮਾਤਾ ਨੀਲਿਮਾ ਥਾਪਾ ਨੇ ਕਿਹਾ—ਬ੍ਰਿਜੇਸ਼ ਨੇ ਦੇਸ਼ ਲਈ ਜਾਨ ਨਿਛਾਵਰ ਕੀਤੀ ਅਤੇ ਇਸ ਦਾ ਅਸੀਂ ਮਾਣ ਮਹਿਸੂਸ ਕਰਦੇ ਹਾਂ, ਪਰ ਇਹ ਹੀ ਅੰਤ ਨਹੀਂ। ਸਰਕਾਰ ਨੂੰ ਕਾਰਵਾਈ ਕਰਨੀ ਪੈਣੀ ਹੈ। ਸਰਕਾਰ ਚੁੱਪ ਨਹੀਂ ਰਹਿ ਸਕਦੀ। ਬ੍ਰਿਜੇਸ਼ ਦੇ ਪਿਤਾ ਭੁਵਨੇਸ਼ ਥਾਪਾ ਕਰਨਲ ਵਜੋਂ ਰਿਟਾਇਰ ਹੋਏ ਸਨ ਤੇ ਦਾਰਜੀਲਿੰਗ ਵਿਚ ਰਹਿੰਦੇ ਹਨ।

## ਮੁਕੇਸ਼ ਸਾਹਨੀ ਦੇ ਪਿਤਾ ਦਾ ਕਤਲ

**ਦਰਭੰਗਾ** : ਵਿਕਾਸਸ਼ੀਲ ਇਨਸਾਨ ਪਾਰਟੀ ਦੇ ਮੁਖੀ ਮੁਕੇਸ਼ ਸਹਨੀ ਦੇ 70 ਸਾਲਾ ਪਿਤਾ ਜੀਤਨ ਸਹਨੀ ਦੀ ਬਿਹਾਰ ਦੇ



ਦਰਭੰਗਾ ਜ਼ਿਲ੍ਹੇ ਵਿਚ ਉਨ੍ਹਾ ਦੇ ਜੱਦੀ ਘਰ ਵਿਚ ਮੰਗਲਵਾਰ ਕਥਿਤ ਤੌਰ 'ਤੇ ਹੱਤਿਆ ਕਰ ਦਿੱਤੀ ਗਈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜੀਤਨ ਸਹਨੀ ਦੀ ਲਾਸ਼ ਉਨ੍ਹਾ ਦੇ ਬਿਰੌਲ ਇਲਾਕੇ ਵਿਚ ਸਥਿਤ ਘਰ ਦੇ ਕਮਰੇ 'ਚ ਮਿਲੀ। ਉਨ੍ਹਾ ਦੇ ਸਰੀਰ 'ਤੇ ਚਾਕੂ ਨਾਲ ਕਈ ਵਾਰ ਕੀਤੇ ਗਏ ਹਨ। ਮੁਕੇਸ਼ ਸਾਹਨੀ ਬਿਹਾਰ ਸਰਕਾਰ ਵਿਚ ਮੰਤਰੀ ਰਹਿ ਚੁੱਕੇ ਹਨ ਅਤੇ ਉਨ੍ਹਾ ਦੀ ਪਾਰਟੀ ਇੰਡੀਅਨ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਦੀ ਭਾਈਵਾਲ ਹੈ।

ਬਿਹਾਰ ਦੇ ਉਪ ਮੁੱਖ ਮੰਤਰੀ ਅਤੇ ਭਾਜਪਾ ਆਗੂ ਸਮਰਾਟ ਚੌਧਰੀ ਨੇ ਕਿਹਾ-ਮੈਂ ਸਾਰਿਆਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਸਖਤ ਕਾਰਵਾਈ ਕਰੇਗੀ ਅਤੇ ਸਰਕਾਰ ਇਸ ਦੁੱਖ ਦੀ ਘੜੀ 'ਚ ਮੁਕੇਸ਼ ਸਾਹਨੀ ਦੇ ਪਰਵਾਰ ਨਾਲ ਖੜ੍ਹੀ ਹੈ।

# 13 ਲੋਭੀ ਮਹਾਂਮੰਡਲੇਸ਼ਵਰ ਅਖਾੜਾ ਪ੍ਰੀਸ਼ਦ 'ਚੋਂ ਕੱਢੇ, 112 ਸੰਤਾਂ ਨੂੰ ਨੋਟਿਸ

**ਪ੍ਰਯਾਗਰਾਜ** (ਯੂ ਪੀ) : ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਨੇ 13 ਮਹਾਂਮੰਡਲੇਸ਼ਵਰਾਂ ਨੂੰ ਪੈਸੇ ਕਮਾਉਣ ਅਤੇ ਧਾਰਮਿਕ ਕੰਮਾਂ ਨੂੰ ਛੱਡ ਹੋਰ ਕੰਮਾਂ ਵਿਚ ਸ਼ਾਮਲ ਹੋਣ ਕਰਕੇ ਅਖਾੜੇ ਵਿੱਚੋਂ ਕੱਢ ਦਿੱਤਾ ਹੈ। ਇਸ ਤੋਂ ਇਲਾਵਾ ਪ੍ਰੀਸ਼ਦ ਨੇ 112 ਸੰਤਾਂ ਨੂੰ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਜੇ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਜਾਂਦਾ ਤਾਂ ਉਨ੍ਹਾਂ ਨੂੰ ਵੀ ਕੱਢਿਆ ਜਾਵੇਗਾ।

ਕੱਢੇ ਗਏ ਮਹਾਂਮੰਡਲੇਸ਼ਵਰ ਅਤੇ ਸੰਤ ਪ੍ਰੀਸ਼ਦ ਦੀ ਅੰਦਰੂਨੀ ਜਾਂਚ ਨੂੰ ਪਾਸ ਨਹੀਂ ਕਰ ਸਕੇ, ਜਿਸ ਕਾਰਨ ਉਨ੍ਹਾਂ ਦੇ ਮਹਾਂਕੁੰਭ ਵਿਚ ਸ਼ਾਮਲ ਹੋਣ ਲਈ ਪਾਬੰਦੀ ਲਾ ਦਿੱਤੀ ਗਈ ਹੈ। ਉਧਰ ਬਾਕੀ 112 ਸੰਤਾਂ 'ਤੇ ਵੀ ਕੁੰਭ ਵਿਚ ਜਾਣ ਦੀ ਪਾਬੰਦੀ ਲਗਾਉਂਦਿਆਂ 30 ਜੂਨ ਤੱਕ ਜਵਾਬ ਦੇਣ ਲਈ ਕਿਹਾ ਗਿਆ ਹੈ। ਪ੍ਰੀਸ਼ਦ ਵੱਲੋਂ ਅਪ੍ਰੈਲ ਮਹੀਨੇ ਵਿਚ ਸ਼ੁਰੂ ਕੀਤੀ ਗਈ ਇਹ ਜਾਂਚ ਹੁਣ ਤੱਕ ਜਾਰੀ ਹੈ।

ਇਸੇ ਤਰ੍ਹਾਂ ਨਿਰੰਜਨੀ ਅਖਾੜੇ ਵੱਲੋਂ ਮਹਾਂਮੰਡਲੇਸ਼ਵਰ



ਸ੍ਰੀਮਹੰਤ ਰਵਿੰਦਰ ਪੁਰੀ

ਮੰਦਾਕਿਨੀ ਪੁਰੀ ਨੂੰ ਬਾਹਰ ਕਰਦਿਆਂ ਪੁਲਸ ਸ਼ਿਕਾਇਤ ਦਰਜ ਕਰਵਾਈ ਗਈ ਹੈ। ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਅਤੇ ਸ੍ਰੀ ਨਿਰੰਜਨੀ ਅਖਾੜੇ ਦੇ ਪ੍ਰਧਾਨ ਸ੍ਰੀਮਹੰਤ ਰਵਿੰਦਰ ਪੁਰੀ ਨੇ ਕਿਹਾ ਕਿ ਛੇ ਸੰਤਾਂ ਵੱਲੋਂ ਕੀਤੀ ਗਈ ਅੰਦਰੂਨੀ ਜਾਂਚ 'ਚ ਬਹੁਤ ਸਾਰੇ ਮਹਾਂਮੰਡਲੇਸ਼ਵਰ ਅਤੇ ਸੰਤ ਪਾਸ ਨਹੀਂ ਹੋਏ ਅਤੇ ਜੋ ਵੀ ਗਲਤ ਹੋਵੇਗਾ, ਉਸ ਖਿਲਾਫ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਅਖਾੜੇ ਤੋਂ ਬਾਹਰ ਕੱਢੇ ਗਏ ਸੰਤਾਂ ਨੂੰ ਮਹਾਂਕੁੰਭ 2025 'ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੂਨਾ ਅਖਾੜੇ ਦੇ ਬੁਲਾਰੇ ਸ੍ਰੀਮਹੰਤ ਨਰਾਇਣ ਗਿਰੀ ਨੇ ਕਿਹਾ ਕਿ ਸੰਤਾਂ ਦੇ ਕੰਮਾਂ ਦੀ ਜਾਂਚ ਚੱਲ ਰਹੀ ਹੈ। ਜਿਨ੍ਹਾਂ ਦੀ ਸਥਿਤੀ ਸ਼ੱਕੀ ਹੈ, ਉਨ੍ਹਾਂ ਨੂੰ ਨੋਟਿਸ ਦੇ ਕੇ ਜਵਾਬ ਦੇਣ ਲਈ ਕਿਹਾ ਗਿਆ ਹੈ। ਜੇ ਸਹੀ ਜਵਾਬ ਨਾ ਮਿਲਿਆ ਤਾਂ ਉਨ੍ਹਾਂ ਨੂੰ ਵੀ ਅਖਾੜੇ ਵਿੱਚੋਂ ਕੱਢ ਦਿੱਤਾ ਜਾਵੇਗਾ।

# ਫਿਰਕੂ ਏਜੰਡਾ ਚਲਾ ਰਹੇ ਡੀ ਜੀ ਪੀ ਨੂੰ ਹਟਾਓ : ਮਹਿਬੂਬਾ ਮੁਫਤੀ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਡੀ ਜੀ ਪੀ ਸ੍ਰੀ ਆਰ ਆਰ ਸਵੈਨ ਵੱਲੋਂ ਕਸ਼ਮੀਰ ਦੀਆਂ ਸਿਆਸੀ ਪਾਰਟੀਆਂ 'ਤੇ ਦਹਿਸ਼ਤਗਰਦਾਂ ਦੀ ਪੁਸ਼ਤਪਨਾਹੀ ਦਾ ਦੋਸ਼ ਲਾਉਣ ਦੇ ਇਕ ਦਿਨ ਬਾਅਦ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀ ਡੀ ਪੀ) ਦੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਦਹਿਸ਼ਤਗਰਦਾਂ ਦੇ ਵਧਦੇ ਹਮਲਿਆਂ ਦਰਮਿਆਨ ਉਨ੍ਹਾ ਦੀ ਬਰਤਰਫੀ ਦੀ ਮੰਗ ਕੀਤੀ ਹੈ। ਮਹਿਬੂਬਾ ਨੇ ਮੰਗਲਵਾਰ ਕਿਹਾ—ਕੇਂਦਰੀ ਗ੍ਰਹਿ ਮੰਤਰੀ ਤੇ ਰੱਖਿਆ ਮੰਤਰੀ ਨੂੰ ਜੰਮੂ-ਕਸ਼ਮੀਰ ਵਿਚ ਦਹਿਸ਼ਤਗਰਦਾਂ ਦੇ ਹਮਲਿਆਂ ਨਾਲ ਹੋ ਰਹੇ ਜਾਨੀ ਨੁਕਸਾਨ ਦਾ ਨੋਟਿਸ ਲੈਣਾ ਚਾਹੀਦਾ ਹੈ ਤੇ ਇਸ ਲਈ ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ। ਵਰਤਮਾਨ ਡੀ ਜੀ ਪੀ ਦੀ



ਤਾਇਨਾਤੀ ਤੋਂ ਬਾਅਦ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆ ਹੈ। ਡੀ ਜੀ ਪੀ ਆਪਣੇ ਫਰਜ਼ ਨਿਭਾਉਣ ਦੀ ਥਾਂ ਸਿਆਸੀ ਕਾਰਜਾਂ ਵਿਚ ਲੱਗੇ ਹੋਏ ਹਨ, ਪੀ ਡੀ ਪੀ ਨੂੰ ਤੋੜਨ ਲੱਗੇ ਹੋਏ ਹਨ, ਲੋਕਾਂ ਤੇ ਪੱਤਰਕਾਰਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਸਾਨੂੰ ਡੀ ਜੀ ਪੀ ਦੀ ਲੋੜ ਹੈ, ਫਿਕਸਰ ਦੀ ਨਹੀਂ। ਪਹਿਲਾਂ ਵੀ ਹੋਰਨਾਂ ਰਾਜਾਂ ਤੋਂ ਡੀ ਜੀ ਪੀ ਆਏ ਅਤੇ ਉਨ੍ਹਾਂ ਫਿਰਕੂ ਪੱਖਪਾਤ ਤੋਂ ਬਿਨਾਂ ਚੰਗਾ ਕੰਮ ਕੀਤਾ।

ਸਵੈਨ ਨੇ ਕਿਹਾ ਸੀ ਕਿ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਦੇ ਆਗੂ ਮਾਰੇ ਜਾਣ ਵਾਲੇ ਦਹਿਸ਼ਤਗਰਦਾਂ ਦੇ ਘਰਾਂ ਵਿਚ ਜਾਂਦੇ ਹਨ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੇ ਹਨ। ਪਾਕਿਸਤਾਨ ਨੇ ਵਾਦੀ ਦੀਆਂ ਇਲਾਕਾਈ ਪਾਰਟੀਆਂ ਦੀ ਮਦਦ ਨਾਲ ਦਹਿਸ਼ਤਗਰਦਾਂ ਦੀ ਆਮ ਲੋਕਾਂ ਵਿਚ ਘੁਸਪੈਠ ਕਰਵਾ ਦਿੱਤੀ ਹੈ।

## ਪੇਪਰ ਲੀਕ ਮਾਮਲੇ 'ਚ ਦੋ ਹੋਰ ਗ੍ਰਿਫ਼ਤਾਰ

**ਨਵੀਂ ਦਿੱਲੀ** : ਸੀ ਬੀ ਆਈ ਨੇ ਨੀਟ-ਯੂ ਜੀ ਪੇਪਰ ਲੀਕ ਮਾਮਲੇ 'ਚ ਮੁੱਖ ਮੁਲਜ਼ਮ ਸਣੇ ਦੋ ਹੋਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ ਕਥਿਤ ਤੌਰ 'ਤੇ ਨੈਸ਼ਨਲ ਟੈਸਟਿੰਗ ਏਜੰਸੀ ਤੋਂ ਪੇਪਰ ਚੋਰੀ ਕੀਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਦੋ ਗ੍ਰਿਫਤਾਰੀਆਂ ਨਾਲ ਮੈਡੀਕਲ ਦਾਖਲਾ ਪ੍ਰੀਖਿਆ ਲੀਕ ਹੋਣ, ਨਕਲ ਅਤੇ ਹੋਰ ਬੇਨੇਮੀਆਂ ਨਾਲ ਸੰਬੰਧਤ ਮਾਮਲਿਆਂ 'ਚ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਗਿਣਤੀ ਹੁਣ 14 ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਜਮਸ਼ੇਦਪੁਰ ਤੋਂ 2017 ਬੈਚ ਦੇ ਸਿਵਲ ਇੰਜਨੀਅਰ ਪੰਕਜ ਕੁਮਾਰ ਉਰਫ ਆਦਿਤਿਆ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਕਥਿਤ ਤੌਰ 'ਤੇ ਹਜ਼ਾਰੀਬਾਗ ਸਥਿਤ ਐਨ ਟੀ ਏ ਟਰੰਕ ਤੋਂ ਪੇਪਰ ਚੋਰੀ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਬੋਕਾਰੋ ਦੇ ਰਹਿਣ ਵਾਲੇ ਕੁਮਾਰ ਨੂੰ ਪਟਨਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਸੀ ਬੀ ਆਈ ਨੇ ਇੱਕ ਹੋਰ ਮੁਲਜ਼ਮ ਰਾਜੂ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਹੈ, ਜਿਸ ਨੇ ਕਥਿਤ ਤੌਰ 'ਤੇ ਕਾਗਜ਼ ਚੋਰੀ ਕਰਨ ਅਤੇ ਉਨ੍ਹਾਂ ਨੂੰ ਗਰੋਹ ਦੇ ਹੋਰ ਮੈਂਬਰਾਂ ਤੱਕ ਪਹੁੰਚਾਉਣ 'ਚ ਕੁਮਾਰ ਦੀ ਮਦਦ ਕੀਤੀ ਸੀ। ਰਾਜੂ ਸਿੰਘ ਨੂੰ ਹਜ਼ਾਰੀਬਾਗ ਤੋਂ ਗ੍ਰਿਫਤਾਰ ਕੀਤਾ ਗਿਆ।

## ਸ਼ਾਹ ਵੱਲੋਂ ਹਰਿਆਣਾ 'ਚ ਓ ਬੀ ਸੀ ਨੂੰ ਖੁਸ਼ ਕਰਨ ਦੀ ਕੋਸ਼ਿਸ਼

**ਮਹਿੰਦਰਗੜ੍ਹ** : ਹਰਿਆਣਾ ਅਸੰਬਲੀ ਚੋਣਾਂ ਦੇ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਇੱਥੇ ਓ ਬੀ ਸੀ ਸਨਮਾਨ ਰੈਲੀ 'ਚ ਤਿੰਨ ਵੱਡੇ ਐਲਾਨ ਕੀਤੇ। ਉਨ੍ਹਾ ਹਰਿਆਣਾ 'ਚ ਓ ਬੀ ਸੀ ਰਿਜ਼ਰਵੇਸਨ 'ਚ ਕ੍ਰੀਮੀ ਲੇਅਰ ਦੀ ਸੀਮਾ ਛੇ ਲੱਖ ਤੋਂ ਵਧਾ ਕੇ



ਅੱਠ ਲੱਖ ਕਰਨ ਦਾ ਐਲਾਨ ਕੀਤਾ। ਇਸ 'ਚ ਤਨਖਾਹ ਅਤੇ ਖੇਤੀ ਆਮਦਨ ਨੂੰ ਨਹੀਂ ਗਿਣਿਆ ਜਾਵੇਗਾ। ਪੰਚਾਇਤਾਂ 'ਚ ਓ ਬੀ ਸੀ ਗਰੁੱਪ ਏ 'ਚ ਅੱਠ ਫੀਸਦੀ ਰਾਖਵਾਂਕਰਨ ਸੀ। ਹੁਣ ਓ ਬੀ ਸੀ ਗਰੁੱਪ-ਬੀ ਨੂੰ ਪੰਚਾਇਤਾਂ ਅਤੇ ਨਗਰ ਕੌਂਸਲਾਂ 'ਚ ਪੰਜ-ਪੰਜ ਫੀਸਦੀ ਰਾਖਵਾਂਕਰਨ ਮਿਲੇਗਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਨ੍ਹਾਂ ਤਿੰਨਾਂ ਐਲਾਨਾਂ ਨਾਲ ਸੰਬੰਧਤ ਨੋਟੀਫਿਕੇਸ਼ਨਾਂ ਦੀਆਂ ਕਾਪੀਆਂ ਵੀ ਸਟੇਜ 'ਤੇ ਹੀ ਮੁਹੱਈਆ ਕਰਵਾਈਆਂ। ਸ਼ਾਹ ਨੇ ਕਾਂਗਰਸ ਨੂੰ ਪੱਛੜੀਆਂ ਸ਼੍ਰੇਣੀਆਂ ਵਿਰੋਧੀ ਵੀ ਕਰਾਰ ਦਿੱਤਾ। ਹਰਿਆਣਾ 'ਚ ਓ ਬੀ ਸੀ ਭਾਈਚਾਰਾ ਲਗਭਗ 42 ਫੀਸਦੀ ਹੈ।

ਜੇਕਰ ਅਹੀਰਵਾਲ ਪਾ ਲਈਏ ਤਾਂ 70 ਫੀਸਦੀ ਤੋਂ ਉੱਪਰ ਜਾਂਦਾ ਹੈ।

## ਸੁਪਰੀਮ ਕੋਰਟ 'ਚ ਦੋ ਨਵੇਂ ਜੱਜਾਂ ਦੀ ਨਿਯੁਕਤੀ ਨੂੰ ਮਨਜ਼ੂਰੀ



**ਨਵੀਂ ਦਿੱਲੀ** : ਸੁਪਰੀਮ ਕੋਰਟ ਕੌਲਿਜੀਅਮ ਦੀਆਂ ਸਿਫਾਰਸ਼ਾਂ 'ਤੇ ਕੇਂਦਰ ਨੇ ਮੰਗਲਵਾਰ ਜਸਟਿਸ ਐਨ ਕੋਟੀਸ਼ਵਰ ਸਿੰਘ ਅਤੇ ਆਰ ਮਹਾਦੇਵਨ ਦੀ ਸੁਪਰੀਮ ਕੋਰਟ ਦੇ ਜੱਜਾਂ ਵਜੋਂ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ। ਕੌਲਿਜੀਅਮ ਨੇ 11 ਜੁਲਾਈ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਹਾਈ ਕੋਰਟ ਦੇ ਚੀਫ ਜਸਟਿਸ ਐਨ ਕੋਟੀਸ਼ਵਰ ਸਿੰਘ ਅਤੇ ਮਦਰਾਸ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਆਰ ਮਹਾਦੇਵਨ ਦੀ ਨਿਯੁਕਤੀ ਦੀ ਸਿਫਾਰਸ਼ ਕੀਤੀ ਸੀ।

## ਅਕਾਲ ਤਖਤ 'ਤੇ ਪੇਸ਼ ਹੋਵਾਂਗਾ : ਸੁਖਬੀਰ

**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਾਲੇ ਪੰਜ ਸਿੰਘ ਸਾਹਿਬਾਨ ਵੱਲੋਂ ਤਲਬ ਕੀਤੇ ਜਾਣ ਤੋਂ ਬਾਅਦ ਮੰਗਲਵਾਰ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣਗੇ। ਉਨ੍ਹਾ ਸੋਸ਼ਲ ਮੀਡੀਆ ਪਲੇਟਫਾਰਮ ਐੈਕਸ 'ਤੇ ਇਸ ਸੰਬੰਧੀ ਪੰਜਾਬੀ 'ਚ ਇਕ ਪੋਸਟ ਸਾਂਝੀ ਕਰਕੇ ਕਿਹਾ ਕਿ ਇੱਕ ਨਿਮਾਣਾ ਸਿੱਖ ਹੋਣ ਦੇ ਨਾਤੇ ਉਹ ਅਕਾਲ ਤਖਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਪੇਸ਼ ਹੋਣਗੇ। ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਸੁਖਬੀਰ 'ਤੇ ਪੰਥ ਨਾਲ ਖਿਲਵਾੜ ਕਰਨ ਦੇ ਦੋਸ਼ ਲਾਏ ਗਏ ਸਨ, ਜਿਸ ਤੋਂ ਬਾਅਦ ਅਕਾਲ ਤਖਤ ਨੇ ਸੋਮਵਾਰ ਸੁਖਬੀਰ ਨੂੰ 15 ਦਿਨਾਂ ਦੇ ਅੰਦਰ ਪੇਸ਼ ਹੋਣ ਦਾ ਆਦੇਸ਼ ਦਿੱਤਾ ਸੀ।

## ਅੰਬਾਨੀਆਂ ਦੇ ਵਿਆਹ 'ਚ ਬੰਬ ਦੀ ਗੱਲ ਕਹਿਣ ਵਾਲਾ ਗ੍ਰਿਫਤਾਰ

**ਮੁੰਬਈ** : ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਪੁੱਤਰ ਅਨੰਤ ਅੰਬਾਨੀ ਦੇ ਵਿਆਹ ਸਮਾਗਮ ਵਿਚ ਬੰਬ ਦੀ ਧਮਕੀ ਸੰਬੰਧੀ ਪਾਈ ਸੋਸ਼ਲ ਮੀਡੀਆ ਪੋਸਟ ਦੇ ਮਾਮਲੇ ਵਿਚ ਮੁੰਬਈ ਪੁਲਸ ਨੇ ਵਡੋਦਰਾ ਤੋਂ 32 ਸਾਲਾ ਇੰਜੀਨੀਅਰ ਵਿਰਲ ਸ਼ਾਹ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ 'ਐਕਸ' ਪੋਸਟ ਵਿਚ ਕਿਹਾ ਗਿਆ ਸੀ—ਮੈਂ ਸੋਚ ਰਿਹਾ ਹਾਂ ਕਿ ਅੰਬਾਨੀ ਦੇ ਵਿਆਹ ਵਿਚ ਬੰਬ ਫਟਣ ਤੋਂ ਬਾਅਦ ਕੱਲ੍ਹ ਅੱਧੀ ਦੁਨੀਆ ਉਲਟ ਜਾਵੇਗੀ, ਇਕ ਪਿੰਨ ਕੋਡ ਵਿਚ ਅਰਬਾਂ ਡਾਲਰ।

# ਪੰਜਾਬ ਵਿਚਲੇ ਕੌਮੀ ਮਾਰਗ ਪ੍ਰੋਜੈਕਟਾਂ ਦੀ ਦਿੱਲੀ 'ਚ ਸਮੀਖਿਆ

**ਚੰਡੀਗੜ੍ਹ** : ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਸੋਮਵਾਰ ਸੂਬੇ 'ਚ ਸੜਕੀ ਨੈਟਵਰਕ ਦੇ ਬੁਨਿਆਦੀ ਢਾਂਚੇ ਨੂੰ ਹੋਰ ਸੁਧਾਰਨ ਲਈ ਸੂਬੇ 'ਚ ਪੈਂਦੇ ਕੌਮੀ ਰਾਜ ਮਾਰਗ ਪ੍ਰੋਜੈਕਟਾਂ ਬਾਰੇ ਨਵੀਂ ਦਿੱਲੀ ਵਿਖੇ ਹੋਈ ਉੱਚ-ਪੱਧਰੀ ਸਮੀਖਿਆ ਮੀਟਿੰਗ 'ਚ ਸ਼ਾਮਲ ਹੋਏ। ਰਾਜਮਾਰਗ ਅਤੇ ਟਰਾਂਸਪੋਰਟ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ 'ਚ ਕੇਂਦਰੀ ਰਾਜ ਮੰਤਰੀ ਅਜੈ ਟਮਟਾ, ਹਰਸ਼ ਮਲਹੋਤਰਾ, ਕੇਂਦਰ ਅਤੇ ਰਾਜ ਦੇ ਪ੍ਰਬੰਧਕੀ ਸਕੱਤਰ, ਸੜਕੀ ਆਵਾਜਾਈ ਬਾਰੇ ਕੇਂਦਰੀ ਮੰਤਰਾਲੇ, ਐਨ ਐਚ ਏ ਆਈ, ਪੰਜਾਬ ਲੋਕ ਨਿਰਮਾਣ ਵਿਭਾਗ ਦੇ ਉੱਚ ਅਧਿਕਾਰੀ, ਕੰਸੈਸ਼ਨੇਅਰ/ਠੇਕੇਦਾਰ ਅਤੇ ਕੰਨਸਲਟੈਂਟ ਆਦਿ ਮੌਜੂਦ ਸਨ। ਸਮੀਖਿਆ ਦੌਰਾਨ ਇਹ ਦੱਸਿਆ ਗਿਆ ਕਿ ਪੰਜਾਬ ਵਿਖੇ ਮੌਜੂਦਾ ਸਮੇਂ 1438 ਕਿਲੋਮੀਟਰ ਕੌਮੀ ਰਾਜਮਾਰਗਾਂ ਦੇ ਕੰਮ ਲਗਭਗ 45000 ਕਰੋੜ ਰੁਪਏ ਨਾਲ ਕੀਤੇ ਜਾ



ਰਹੇ ਹਨ। ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਐਕਊਆਇਰ ਕੀਤੀ ਜ਼ਮੀਨ ਦਾ ਕਬਜ਼ਾ ਜਲਦ ਤੋਂ ਜਲਦ ਮੁਹਈਆ ਕਰਵਾਉਣ, ਮੁਆਵਜ਼ਾ ਰਾਸ਼ੀ ਦੀ ਵੰਡ ਪ੍ਰਕ੍ਰਿਆ ਹੋਰ ਤੇਜ਼ ਕਰਨ, ਜੰਗਲਾਤ ਦੀ ਐਕਊਆਇਰ ਕੀਤੀ ਜ਼ਮੀਨ ਦੇ ਬਦਲ ਵਿਚ ਦੇਣ ਲਈ ਗੈਰ-ਜੰਗਲਾਤ ਜ਼ਮੀਨ ਦਾ ਲੈਂਡ ਬੈਂਕ ਤਿਆਰ ਕਰਨ ਅਤੇ ਥਰਮਲ ਪਾਵਰ ਪਲਾਂਟਾਂ ਤੋਂ ਰਾਖ ਦੀ ਉਪਲਬਧਤਾ ਆਦਿ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸੇ ਦੌਰਾਨ ਕੁਝ ਪ੍ਰੋਜੈਕਟਾਂ ਲਈ ਲੋੜੀਂਦੀ ਜ਼ਮੀਨ ਦੀ ਪ੍ਰਾਪਤੀ ਨਾ ਹੋਣ ਕਾਰਨ ਹੋ ਰਹੀ ਦੇਰੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਇਨ੍ਹਾਂ ਦਾ ਜਲਦੀ ਹੱਲ ਕੱਢਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਹਰਭਜਨ ਸਿੰਘ ਈ ਟੀ ਓ ਨੇ ਸੂਬਾ ਸਰਕਾਰ ਵੱਲੋਂ ਸਾਰੇ ਮਾਮਲਿਆਂ ਨੂੰ ਸਮਾਂ-ਬੱਧ ਤਰੀਕੇ ਨਾਲ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਤੋਂ ਇਲਾਵਾ ਪੰਜਾਬ 'ਚ ਰਾਜ ਮਾਰਗਾਂ ਨੂੰ ਹੋਰ ਚੰਗੇ ਢੰਗ ਨਾਲ ਜੋੜਨ ਅਤੇ ਸੜਕ ਸੁਰੱਖਿਆ ਨੂੰ ਸੁਧਾਰਨ ਲਈ ਖਾਨ-ਕੋਟ ਵਿਖੇ ਵਹੀਕਲਰ ਅੰਡਰ ਪਾਸ (ਵੀ ਯੂ ਪੀ) ਉਸਾਰਣ ਆਦਿ ਪ੍ਰੋਜੈਕਟ ਕੇਂਦਰੀ ਮੰਤਰੀ ਦੇ ਧਿਆਨ 'ਚ ਲਿਆਂਦੇ ਗਏ।

## ਡਾਇਰੀਏ ਖਿਲਾਫ ਤੁਰੰਤ ਐਕਸ਼ਨ 'ਚ ਆਉਣ 'ਤੇ ਜ਼ੋਰ

**ਚੰਡੀਗੜ੍ਹ** : ਪੰਜਾਬ ਦੇ ਕੁਝ ਕਸਬਿਆਂ 'ਚ ਡਾਇਰੀਆ ਦੇ ਫੈਲਾਅ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਮੰਗਲਵਾਰ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਹੰਗਾਮੀ ਮੀਟਿੰਗ ਕੀਤੀ।

ਵਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ ਕਿ ਸਾਰੀਆਂ ਨਗਰ ਨਿਗਮਾਂ ਅਤੇ ਮਿਉਂਸਪਲ ਕਮੇਟੀਆਂ ਆਪੋ-ਆਪਣੇ ਅਧਿਕਾਰ ਖੇਤਰਾਂ 'ਚ ਲੋਕਾਂ ਦੇ ਪੀਣ ਲਈ 100 ਫੀਸਦੀ ਸਾਫ ਪਾਣੀ ਯਕੀਨੀ ਬਣਾਉਣ। ਉਨ੍ਹਾ ਡਿਪਟੀ ਕਮਿਸ਼ਨਰਾਂ, ਨਗਰ ਨਿਗਮ ਕਮਿਸ਼ਨਰਾਂ ਅਤੇ ਕਾਰਜਕਾਰੀ ਅਧਿਕਾਰੀਆਂ ਨੂੰ ਆਪਣੇ ਅਧਿਕਾਰ ਖੇਤਰ 'ਚ ਪੈਂਦੇ ਸੰਵੇਦਨਸ਼ੀਲ ਅਤੇ ਝੁੱਗੀ-ਝੌਂਪੜੀ ਵਾਲੇ ਇਲਾਕਿਆਂ ਦਾ ਨਿੱਜੀ ਤੌਰ 'ਤੇ ਦੌਰਾ ਕਰਨ ਦੇ ਨਿਰਦੇਸ਼ ਦਿੱਤੇ। ਵਰਮਾ ਨੇ ਸਥਾਨਕ ਸਰਕਾਰ ਵਿਭਾਗ ਦੇ ਸਕੱਤਰ ਨੂੰ ਹਦਾਇਤ ਕੀਤੀ ਕਿ ਉਹ ਸਾਰੇ ਕਮਿਸ਼ਨਰਾਂ ਅਤੇ ਈਓਜ਼ ਤੋਂ ਸਰਟੀਫਿਕੇਟ ਲੈਣ ਕਿ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਸਾਰੇ ਖੇਤਰਾਂ ਦੇ ਸਾਰੇ ਇਲਾਕਿਆਂ 'ਚ ਪੂਰੀ ਤਰ੍ਹਾਂ ਗੰਦਗੀ ਰਹਿਤ ਸਾਫ-ਸੁਥਰਾ ਪੀਣ ਵਾਲਾ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ।

ਵਰਮਾ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਪ੍ਰਮੁੱਖ ਸਕੱਤਰ ਨੂੰ ਦਿਹਾਤੀ ਖੇਤਰਾਂ 'ਚ ਵੀ ਇਸੇ ਕਵਾਇਦ ਨੂੰ ਅਪਨਾਉਣ ਦੇ ਨਿਰਦੇਸ਼ ਦਿੱਤੇ। ਵਰਮਾ ਨੇ ਸਕੱਤਰ ਸਿਹਤ ਨੂੰ ਪਾਣੀ ਦੇ ਸੈਂਪਲਾਂ ਦੀ ਗਿਣਤੀ ਦੁੱਗਣੀ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਹੁਣ ਤੱਕ ਬਿਮਾਰ ਪਏ ਵਿਅਕਤੀਆਂ ਦਾ ਮੁਫਤ ਅਤੇ ਢੁਕਵਾਂ ਇਲਾਜ ਯਕੀਨੀ ਬਣਾਉਣ ਲਈ ਹਦਾਇਤ ਵੀ ਕੀਤੀ।

## ਟਰੰਪ ਦੀ ਕਨਵੈਨਸ਼ਨ 'ਚ ਅਰਦਾਸ

**ਵਾਸ਼ਿੰਗਟਨ** : ਸਿਵਲ ਰਾਈਟਸ ਅਟਾਰਨੀ ਅਤੇ ਰਿਪਬਲਿਕਨ ਪਾਰਟੀ ਦੀ ਆਗੂ ਹਰਮੀਤ ਕੌਰ ਢਿੱਲੋਂ ਨੇ ਮਿਲਵਾਕੀ 'ਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਮੌਜੂਦਗੀ 'ਚ



ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ 'ਅਰਦਾਸ' ਕੀਤੀ। ਹਰਮੀਤ ਕੌਰ ਢਿੱਲੋਂ ਪਹਿਲਾਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਵਾਈਸ ਚੇਅਰ ਵਿਮੈਨ ਦੇ ਤੌਰ 'ਤੇ ਕੰਮ ਕਰ ਚੁੱਕੀ ਹੈ। ਉਸ ਨੇ ਕਿਹਾ ਕਿ ਉਸ ਨੂੰ ਅਰਦਾਸ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ, ਜੋ ਆਮ ਤੌਰ 'ਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਵੱਲੋਂ ਕਿਸੇ ਵੀ ਨਵੇਂ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੀਤੀ ਜਾਂਦੀ ਹੈ। ਇਹ ਪ੍ਰਮਾਤਮਾ ਦਾ ਧੰਨਵਾਦ ਕਰਨ ਅਤੇ ਸਾਰਿਆਂ ਲਈ ਨਿਮਰਤਾ, ਸੱਚਾਈ ਅਤੇ ਨਿਆਂ ਵਰਗੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ 'ਚ ਮਦਦ ਕਰਨ ਦੀ ਮੰਗ ਕਰਨ ਲਈ ਕੀਤੀ ਜਾਂਦੀ ਹੈ।

## 21 ਨੂੰ ਸਰਬ ਪਾਰਟੀ ਮੀਟਿੰਗ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਸੰਸਦ ਦੇ ਅਗਲੇ ਮੌਨਸੂਨ ਸੈਸ਼ਨ ਤੋਂ ਪਹਿਲਾਂ 21 ਜੁਲਾਈ ਨੂੰ ਸਰਬ ਪਾਰਟੀ ਮੀਟਿੰਗ ਸੱਦੀ ਹੈ। ਵਿਰੋਧੀ ਧਿਰ ਦੇ ਆਗੂ ਵਜੋਂ ਰਾਹੁਲ ਗਾਂਧੀ ਦੀ ਇਹ ਪਹਿਲੀ ਮੀਟਿੰਗ ਹੋਵੇਗੀ। ਤ੍ਰਿਣਮੂਲ ਕਾਂਗਰਸ ਦੇ ਸੂਤਰਾਂ ਨੇ ਕਿਹਾ ਕਿ ਪਾਰਟੀ ਦਾ ਕੋਈ ਵੀ ਨੁਮਾਇੰਦਾ ਮੀਟਿੰਗ 'ਚ ਸ਼ਾਮਲ ਨਹੀਂ ਹੋਵੇਗਾ ਕਿਉਂਕਿ ਪਾਰਟੀ ਵੱਲੋਂ 21 ਜੁਲਾਈ ਨੂੰ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ। 21 ਜੁਲਾਈ ਦਾ ਸ਼ਹੀਦੀ ਦਿਵਸ 13 ਕਾਂਗਰਸ ਸਮਰਥਕਾਂ ਦੀ ਯਾਦ 'ਚ ਮਨਾਇਆ ਜਾਂਦਾ ਹੈ। ਸੰਸਦ ਦਾ ਮੌਨਸੂਨ ਸੈਸ਼ਨ 22 ਜੁਲਾਈ ਨੂੰ ਸ਼ੁਰੂ ਹੋਵੇਗਾ ਅਤੇ 12 ਅਗਸਤ ਨੂੰ ਸਮਾਪਤ ਹੋਵੇਗਾ। ਬਜਟ 23 ਜੁਲਾਈ ਨੂੰ ਪੇਸ਼ ਹੋਵੇਗਾ।

## ਮਿਹਿਰ ਸ਼ਾਹ ਦਾ ਹੋਰ ਪੁਲਸ ਰਿਮਾਂਡ ਨਹੀਂ ਮਿਲਿਆ

**ਮੁੰਬਈ** : ਇੱਥੋਂ ਦੇ ਬੀ ਐਮ ਡਬਲਿਊ ਹਿੱਟ ਐਂਡ ਰਨ ਕੇਸ 'ਚ ਅਦਾਲਤ ਨੇ ਮਿਹਿਰ ਸ਼ਾਹ ਨੂੰ 30 ਜੁਲਾਈ ਤਕ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਹਾਈ-ਪ੍ਰੋਫਾਈਲ ਵਰਲੀ ਹਿੱਟ ਐਂਡ ਰਨ ਕੇਸ ਦੇ ਮੁਲਜ਼ਮ ਮਿਹਿਰ ਸ਼ਾਹ ਨੂੰ ਸੇਵੜੀ ਅਦਾਲਤ 'ਚ ਪੇਸ਼ ਕੀਤਾ ਗਿਆ। ਪੁਲਸ ਨੇ ਮੁਲਜ਼ਮਾਂ ਲਈ ਹੋਰ ਪੁਲਸ ਰਿਮਾਂਡ ਦੀ ਮੰਗ ਕੀਤੀ ਪਰ ਅਦਾਲਤ ਨੇ ਰਿਮਾਂਡ ਦੇਣ ਤੋਂ ਇਨਕਾਰ ਕਰਦਿਆਂ ਮਿਹਿਰ ਸ਼ਾਹ ਨੂੰ 14 ਦਿਨਾਂ ਲਈ 30 ਜੁਲਾਈ ਤੱਕ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ। ਪੁਲਸ ਨੇ ਦੱਸਿਆ ਕਿ ਜਾਂਚ ਦੌਰਾਨ ਮਿਹਿਰ ਸ਼ਾਹ ਨੇ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਆਪਣੀਆਂ ਕਾਰਵਾਈਆਂ ਅਤੇ ਠਿਕਾਣਿਆਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਨੇ ਇਸ ਗੱਲ ਦਾ ਖੁਲਾਸਾ ਵੀ ਨਹੀਂ ਕੀਤਾ ਕਿ ਉਹ ਘਟਨਾ ਸਥਾਨ ਤੋਂ ਕਿਉਂ ਭੱਜਿਆ ਤੇ ਉਸ ਨੇ ਆਪਣੀ ਕਾਰ ਦੀ ਨੰਬਰ ਪਲੇਟ ਕਿੱਥੇ ਰੱਖੀ।

## ਨਵਦੀਪ ਜਲਬੇੜਾ ਦੀ ਜ਼ਮਾਨਤ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮੰਗਲਵਾਰ ਨਵਦੀਪ ਜਲਬੇੜਾ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ। ਕਿਸਾਨ ਕਾਰਕੁਨ ਨਵਦੀਪ ਨੂੰ ਅੰਬਾਲਾ ਪੁਲਸ ਨੇ ਕਿਸਾਨਾਂ ਦੇ ਦਿੱਲੀ ਚੱਲੋ ਅੰਦੋਲਨ ਦੇ ਸਿਲਸਿਲੇ ਵਿਚ ਮਾਰਚ 'ਚ ਮੁਹਾਲੀ ਤੋਂ ਗ੍ਰਿਫਤਾਰ ਕੀਤਾ ਸੀ। ਨਵਦੀਪ ਕਾਲੇ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਪਾਣੀ ਦੀ ਤੋਪ ਉੱਤੇ ਚੜ੍ਹਨ ਦੇ ਬਾਅਦ ਵਾਟਰ ਕੈਨਨ ਮੈਨ ਵਜੋਂ ਮਸ਼ਹੂਰ ਹੋ ਗਿਆ ਸੀ। ਕਿਸਾਨਾਂ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ ਨਵਦੀਪ ਦੀ ਰਿਹਾਈ ਲਈ 17 ਜੁਲਾਈ ਨੂੰ ਅੰਬਾਲਾ ਦੇ ਐੱਸ ਪੀ ਦਫਤਰ ਦਾ ਘਿਰਾਓ ਕਰਨਗੇ।



## ਸ਼ੰਭੂ ਬਾਰਡਰ ਖੁੱਲ੍ਹਦਿਆਂ ਹੀ ਦਿੱਲੀ ਵੱਲ ਵਧਾਂਗੇ : ਡੱਲੇਵਾਲ

**ਚੰਡੀਗੜ੍ਹ** : ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮੰਗਲਵਾਰ ਕਿਹਾ ਕਿ ਜਦੋਂ ਵੀ ਅੰਬਾਲਾ ਦੇ ਸ਼ੰਭੂ ਬਾਰਡਰ ਨੇੜੇ ਬੈਰੀਕੇਡਿੰਗ ਖੋਲ੍ਹੀ ਜਾਵੇਗੀ, ਕਿਸਾਨ ਦਿੱਲੀ ਵੱਲ ਰਵਾਨਾ ਹੋਣਗੇ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਸ਼ੰਭੂ 'ਤੇ ਬੈਰੀਕੇਡਿੰਗ ਨੂੰ ਖੋਲ੍ਹਣ ਲਈ ਕਿਹਾ ਗਿਆ ਸੀ। ਹਰਿਆਣਾ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਡੱਲੇਵਾਲ ਨੇ ਕਿਹਾ-ਸਾਡਾ ਫੈਸਲਾ ਹੈ ਕਿ ਜਦੋਂ ਵੀ ਸੜਕ ਖੋਲ੍ਹੀ ਜਾਵੇਗੀ, ਅਸੀਂ ਦਿੱਲੀ ਵੱਲ ਵਧਾਂਗੇ। ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

## ਸੁਪਰੀਮ ਕੋਰਟ 'ਚ ਸੁਣਵਾਈ 22 ਨੂੰ

**ਨਵੀਂ ਦਿੱਲੀ** : ਸ਼ੰਭੂ ਬਾਰਡਰ ਖੋਲ੍ਹਣ ਦੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਖਿਲਾਫ ਹਰਿਆਣਾ ਸਰਕਾਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ 22 ਜੁਲਾਈ ਨੂੰ ਸੁਣਵਾਈ ਕਰੇਗੀ। ਹਰਿਆਣਾ ਸਰਕਾਰ ਨੇ ਕਿਹਾ ਹੈ ਕਿ ਫਿਲਹਾਲ ਸਥਿਤੀ ਠੀਕ ਨਹੀਂ ਹੈ, ਕਿਸਾਨ ਅਤੇ ਪ੍ਰਦਰਸ਼ਨਕਾਰੀ ਵੱਡੀ ਗਿਣਤੀ 'ਚ ਟਰੈਕਟਰ-ਟਰਾਲੀਆਂ ਰਾਹੀਂ ਆ ਸਕਦੇ ਹਨ, ਕਾਨੂੰਨ ਵਿਵਸਥਾ ਵਿਗੜ ਸਕਦੀ ਹੈ, ਇਸ ਲਈ ਇਸ ਹੁਕਮ 'ਤੇ ਰੋਕ ਲਗਾਈ ਜਾਵੇ। ਹਾਈ ਕੋਰਟ ਨੇ ਕਿਹਾ ਸੀ ਕਿ ਜਦੋਂ ਸ਼ੰਭੂ 'ਚ ਸਥਿਤੀ ਸ਼ਾਂਤੀਪੂਰਨ ਹੈ ਤਾਂ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਣ ਦੀ ਕੋਈ ਤੁਕ ਨਹੀਂ ਹੈ।

## ਸਿਸੋਦੀਆ ਦੀ ਪਟੀਸ਼ਨ 'ਤੇ 29 ਨੂੰ ਸੁਣਵਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ 'ਆਪ' ਆਗੂ ਮਨੀਸ਼ ਸਿਸੋਦੀਆ ਦੀ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਲਈ ਸਹਿਮਤੀ ਦਿੱਤੀ। ਜਸਟਿਸ ਬੀ ਆਰ ਗਵਈ ਦੀ ਅਗਵਾਈ ਵਾਲੀ ਬੈਂਚ ਨੇ ਸਿਸੋਦੀਆ ਦੀ ਪਟੀਸ਼ਨ 'ਤੇ ਸੀ ਬੀ ਆਈ ਅਤੇ ਈ ਡੀ ਤੋਂ ਜਵਾਬ ਮੰਗ ਕੇ ਮਾਮਲੇ ਦੀ ਸੁਣਵਾਈ 29 ਜੁਲਾਈ 'ਤੇ ਪਾ ਦਿੱਤੀ।

## ਅੱਜ-ਨਾਮਾ

ਵਧਿਆ ਕੈਂਸਰ ਹੈ ਬਹੁਤ ਪੰਜਾਬ ਅੰਦਰ,
ਹਾਈ ਕੋਰਟ ਨੇ ਪਾਈ ਫਿਰ ਝਾੜ ਮੀਆਂ।
ਚੌਦਾਂ ਸਾਲਾਂ ਤੋਂ ਲਟਕਿਆ ਮਾਮਲਾ ਇਹ,
ਡਾਢੀ ਪਾਉਂਦਾ ਈ ਪਿਆ ਉਜਾੜ ਮੀਆਂ।
ਕਰੇ ਸਰਕਾਰ ਜੇ ਯਤਨ ਸੁਹਿਰਦ ਹੋ ਕੇ,
ਬੀਮਾਰੀ ਸਾਹਮਣੇ ਲਾਏਗੀ ਵਾੜ ਮੀਆਂ।
ਹਸਪਤਾਲਾਂ ਵਿੱਚ ਲੋਕੀਂ ਨਹੀਂ ਜਾਣ ਸਾਂਭੇ,
ਜ਼ਰੂਰਤ ਜੋਗੇ ਨਹੀਂ ਕਿਤੇ ਜੁਗਾੜ ਮੀਆਂ।
ਜਦ ਵੀ ਕੌਮਾਂ 'ਤੇ ਏਦਾਂ ਦਾ ਕਹਿਰ ਆਵੇ,
ਸਰਕਾਰ ਲੈਂਦੀ ਆ ਲੋਕਾਂ ਦੀ ਸਾਰ ਮੀਆਂ।
ਚੌਦਾਂ ਸਾਲਾਂ ਤੋਂ ਕੋਰਟ ਜਦ ਰਹੀ ਕਹਿੰਦੀ,
ਸੁੱਤੀ ਅਫਸਰਾਂ ਦੀ ਕਿਉਂ ਸੀ ਡਾਰ ਮੀਆਂ।

-ਤੀਸ ਮਾਰ ਖਾਂ

# 3 ਪਿਸਤੌਲਾਂ ਸਮੇਤ 3 ਗ੍ਰਿਫ਼ਤਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)**

ਹਥਿਆਰਾਂ ਦੀ ਤਸਕਰੀ ਦੇ ਇੱਕ ਹੋਰ ਅੰਤਰਰਾਜੀ ਨੈੱਟਵਰਕ ਦਾ ਪਰਦਾ ਫਾਸ਼ ਕਰਦਿਆਂ ਸਟੇਟ ਸਪੈਸ਼ਲ ਅਪ੍ਰੇਸ਼ਨ ਸੈੱਲ (ਐੱਸ ਐੱਸ ਓ ਸੀ) ਅੰਮ੍ਰਿਤਸਰ ਨੇ ਤਿੰਨ ਵਿਅਕਤੀਆਂ ਨੂੰ 32 ਬੋਰ ਦੇ ਤਿੰਨ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ।

ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੁਖਦੇਵ ਸਿੰਘ ਉਰਫ ਮੱਟੂ, ਸਾਹਿਲ ਕੁਮਾਰ ਉਰਫ ਮਸਤ ਦੋਵੇਂ ਵਾਸੀ ਛੋਟਾ ਹਰੀਪੁਰਾ, ਅੰਮ੍ਰਿਤਸਰ ਅਤੇ ਪ੍ਰਭਜੋਤ ਸਿੰਘ ਉਰਫ ਪ੍ਰਭ ਵਾਸੀ ਗੁਰੂ ਨਾਨਕਪੁਰਾ (ਅੰਮ੍ਰਿਤਸਰ) ਵਜੋਂ ਹੋਈ ਹੈ।ਪੁਲਸ ਟੀਮਾਂ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਤਿੰਨ ਪਿਸਤੌਲ ਬਰਾਮਦ ਕਰਨ ਤੋਂ ਇਲਾਵਾ ਤਿੰਨ ਮੈਗਜ਼ੀਨ ਅਤੇ ਛੇ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਇਹ ਸਫ਼ਲਤਾ ਐੱਸ ਐੱਸ ਓ ਸੀ ਅੰਮ੍ਰਿਤਸਰ ਵੱਲੋਂ ਵਿਦੇਸ਼ੀ ਮੂਲ ਦੇ ਅੱਤਵਾਦੀ ਲਖਬੀਰ ਉਰਫ਼ ਲੰਡਾ ਦੀ ਹਮਾਇਤ ਪ੍ਰਾਪਤ ਹਥਿਆਰਾਂ ਦੀ ਤਸਕਰੀ ਦੇ ਮਡਿਊਲ ਦਾ ਪਰਦਾ ਫਾਸ਼ ਕਰਕੇ ਇਸ ਦੇ ਦੋ ਕਾਰਕੁਨਾਂ ਨੂੰ .32 ਬੋਰ ਦੇ ਛੇ ਅਤਿ-ਆਧੁਨਿਕ ਪਿਸਤੌਲਾਂ, ਮੈਗਜ਼ੀਨਾਂ ਅਤੇ ਗੋਲੀ-ਸਿੱਕੇ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਸਾਹਮਣੇ ਆਈ ਹੈ।ਯਾਦਵ ਨੇ ਦੱਸਿਆ ਕਿ ਐੱਸ ਐੱਸ ਓ ਸੀ ਅੰਮ੍ਰਿਤਸਰ ਨੂੰ ਖੁਫ਼ੀਆ ਜਾਣਕਾਰੀ ਮਿਲੀ ਸੀ ਕਿ ਅੰਮ੍ਰਿਤਸਰ ਦੇ ਕੁਝ ਵਿਅਕਤੀ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਹਨ ਅਤੇ ਉਨ੍ਹਾਂ ਮੱਧ ਪ੍ਰਦੇਸ਼ ਦੇ ਗੈਰ-ਕਾਨੂੰਨੀ ਹਥਿਆਰਾਂ ਦੇ ਡੀਲਰਾਂ ਤੋਂ ਹਥਿਆਰਾਂ ਦੀ ਖੇਪ ਖਰੀਦੀ ਹੈ। ਉਨ੍ਹਾਂ ਵੱਲੋਂ ਇਹ ਖੇਪ ਵੱਲਾ ਦੀ ਗੁਰੂ ਤੇਗ ਬਹਾਦਰ ਮਾਰਕੀਟ ਦੇ ਇਲਾਕੇ ਵਿੱਚ ਕੁਝ ਅਪਰਾਧਿਕ ਅਨਸਰਾਂ ਤੱਕ ਪਹੁੰਚਾਈ ਜਾਣੀ ਹੈ।

ਤੇਜ਼ੀ ਨਾਲ ਕਾਰਵਾਈ ਕਰਦਿਆਂ ਐੱਸ ਐੱਸ ਓ ਸੀ ਅੰਮ੍ਰਿਤਸਰ ਦੀਆਂ ਪੁਲਸ ਟੀਮਾਂ ਨੇ ਅਪ੍ਰੇਸ਼ਨ ਚਲਾਇਆ ਅਤੇ ਤਿੰਨੋਂ ਮੁਲਜ਼ਮਾਂ ਨੂੰ ਤਿੰਨ ਪਿਸਤੌਲਾਂ ਸਮੇਤ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਖੇਪ ਦੀ ਡਲਿਵਰੀ ਲਈ ਵੱਲਾ ਇਲਾਕੇ ਵਿੱਚ ਖਰੀਦਦਾਰਾਂ ਦੀ ਉਡੀਕ ਕਰ ਰਹੇ ਸਨ।

ਡੀ ਜੀ ਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਸੁਖਦੇਵ ਸਿੰਘ ਉਰਫ਼ ਮੱਟੂ ਅਤੇ ਸਾਹਿਲ ਕੁਮਾਰ ਉਰਫ਼ ਮਸਤ ਦਾ ਇੱਕ ਕਤਲ ਕੇਸ ਵਿੱਚ ਸ਼ਮੂਲੀਅਤ ਸਮੇਤ ਪੁਰਾਣਾ ਅਪਰਾਧਿਕ ਰਿਕਾਰਡ ਹੈ। ਹੋਰ ਵੇਰਵੇ ਸਾਂਝੇ ਕਰਦਿਆਂ ਏ ਆਈ ਜੀ ਐੱਸ ਐੱਸ ਓ ਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਮੱਧ ਪ੍ਰਦੇਸ਼ ਵਿੱਚ ਹਥਿਆਰਾਂ ਦੇ ਡੀਲਰ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਹਥਿਆਰਾਂ ਦੀ ਇਹ ਖੇਪ ਪਹੁੰਚਾਈ ਜਾਣੀ ਸੀ, ਦੀ ਪਛਾਣ ਲਈ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪਰਵਾਸੀ ਮਜ਼ਦੂਰਾਂ ਦੀ ਤਸਦੀਕ ਮੁਕੰਮਲ ਨਾ ਕਰਨ 'ਤੇ ਰਾਜਾਂ ਦੀ ਖਿਚਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਰਾਸ਼ਨ ਜਾਰੀ ਕਰਨ ਲਈ ਈ-ਸ਼੍ਰਮ ਪੋਰਟਲ 'ਤੇ ਰਜਿਸਟਰਡ ਪਰਵਾਸੀ ਮਜ਼ਦੂਰਾਂ ਦੀ ਤਸਦੀਕ 'ਚ ਦੇਰੀ ਲਈ ਸੂਬਿਆਂ ਦੇ ਅਧਿਕਾਰੀਆਂ ਦੀ ਖਿਚਾਈ ਕਰਦਿਆਂ ਉਨ੍ਹਾਂ ਨੂੰ ਚਾਰ ਹਫਤਿਆਂ ਦੇ ਅੰਦਰ ਤਸਦੀਕ ਦਾ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਉਸ ਨੇ ਕੇਂਦਰ ਨੂੰ ਉਨ੍ਹਾਂ ਰਾਜਾਂ ਨੂੰ ਅਨਾਜ ਜਾਰੀ ਕਰਨ ਦਾ ਵੀ ਨਿਰਦੇਸ਼ ਦਿੱਤਾ, ਜਿਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਤਸਦੀਕ ਮੁਕੰਮਲ ਕਰ ਲਈ ਹੈ। ਦੂਜੇ ਪਾਸੇ ਦੇਰੀ ਨੂੰ ਮੰਦਭਾਗਾ ਕਰਾਰ ਦਿੰਦਿਆਂ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਅਹਸਾਨੂਦੀਨ ਅਮਾਨਉੱਲ੍ਹਾ ਦੀ ਬੈਂਚ ਨੇ ਕਿਹਾ ਕਿ ਜੇ ਸੂਬੇ ਨਿਰਧਾਰਤ ਸਮੇਂ ਦੇ ਅੰਦਰ ਤਸਦੀਕ ਪ੍ਰਕਿਰਿਆ ਨੂੰ ਮੁਕੰਮਲ ਕਰਨ 'ਚ ਅਸਫਲ ਰਹਿੰਦੇ ਹਨ ਤਾਂ ਉਹ ਸੰਬੰਧਤ ਸਕੱਤਰਾਂ ਨੂੰ ਤਲਬ ਕਰਨਗੇ। ਉਨ੍ਹਾਂ ਸਵਾਲ ਕੀਤਾ ਕਿ ਚਾਰ ਮਹੀਨਿਆਂ 'ਚ ਤਸਦੀਕ ਕਿਉਂ ਨਹੀਂ ਹੋ ਸਕੀ। ਇਸ ਲਈ ਹੁਣ ਵੀ ਸਮਾਂ ਮੰਗਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਬਿਹਾਰ ਅਤੇ ਤੇਲੰਗਾਨਾ ਹੀ ਅਜਿਹੇ ਸੂਬੇ ਹਨ, ਜਿਨ੍ਹਾਂ ਪਰਵਾਸੀ ਮਜ਼ਦੂਰਾਂ ਦੀ 100 ਫੀਸਦੀ ਤਸਦੀਕ ਮੁਕੰਮਲ ਕਰ ਲਈ ਹੈ।

## ਰੱਤੋਕੇ ਸਕੂਲ ਦੇ 18 ਵਿਦਿਆਰਥੀਆਂ ਨੇ ਐੱਨ ਐੱਮ ਐੱਮ ਐੱਸ ਟੈੱਸਟ ਪਾਸ ਕੀਤਾ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਿੱਖਿਆ ਵਿਭਾਗ ਵੱਲੋਂ ਹਰ ਸਾਲ ਐਨ ਐਮ ਐਮ ਐਸ ਸਕਾਲਰਸ਼ਿਪ ਟੈਸਟ ਲਿਆ ਜਾਂਦਾ ਹੈ, ਇਸ ਟੈੱਸਟ ਨੂੰ ਅੱਠਵੀਂ ਜਮਾਤ ਵਿੱਚ ਪੜ੍ਹਦੇ ਬੱਚੇ ਦੇ ਸਕਦੇ ਹਨ, ਜੋ ਵੀ ਵਿਦਿਆਰਥੀ ਇਹ ਟੈੱਸਟ ਪਾਸ ਕਰਦਾ ਹੈ ਉਸਨੂੰ ਨੌਵੀਂ, ਦਸਵੀਂ, ਗਿਆਰ੍ਹਵੀਂ, ਬਾਰ੍ਹਵੀਂ ਜਮਾਤ ਵਿੱਚ ਹਰ ਮਹੀਨੇ ਵਜ਼ੀਫ਼ਾ ਮਿਲਦਾ ਹੈ।ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਇਸ ਸਕਾਲਰਸ਼ਿਪ ਦਾ ਨਤੀਜਾ ਘੋਸ਼ਿਤ ਕੀਤਾ ਗਿਆ।ਰੱਤੋਕੇ ਸਕੂਲ ਦੇ ਵਿਦਿਆਰਥੀ ਹਰ ਸਾਲ ਇਹ ਵਜੀਫਾ ਪ੍ਰੀਖਿਆ ਪਾਸ ਕਰਦੇ ਹਨ, ਪਰ ਇਸ ਵਾਰ ਦਾ ਨਤੀਜਾ ਵਿਲੱਖਣ ਹੀ ਰਿਹਾ ਹੈ।ਇਸ ਸਾਲ ਅੱਠਵੀਂ ਜਮਾਤ ਦੇ 28 ਬੱਚਿਆਂ 'ਚੋਂ 18 ਬੱਚਿਆਂ ਨੇ ਇਹ ਟੈਸਟ ਪਾਸ ਕੀਤਾ ਹੈ।ਰੱਤੋਕੇ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹੇ ਵਿੱਚੋਂ ਪਹਿਲੇ ਚਾਰ ਸਥਾਨਾਂ 'ਤੇ ਕਬਜ਼ਾ ਵੀ ਕੀਤਾ ਹੈ।ਇਸ ਸ਼ਾਨਦਾਰ ਨਤੀਜੇ ਨੂੰ ਦੇਖਦੇ ਹੋਏ ਵਿਦਿਆਰਥੀਆਂ, ਮਾਪਿਆਂ, ਪੰਚਾਇਤ ਮੈਂਬਰਾਂ ਅਤੇ ਹੋਰ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ।ਉਨ੍ਹਾਂ 18 ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਅਤੇ ਸਕੂਲ ਵੈਲਫੇਅਰ ਕਮੇਟੀ ਵੱਲੋਂ ਸਕੂਲ ਵਿੱਚ ਬੁਲਾ ਕੇ ਸਨਮਾਨਤ ਕੀਤਾ ਗਿਆ।ਗਿਆਨ ਸਿੰਘ ਭੁੱਲਰ ਤੇ ਬਲਜੀਤ ਸਿੰਘ ਬੱਲੀ ਨੇ ਕਿਹਾ ਕਿ ਇਹਨਾਂ ਵਿਦਿਆਰਥੀਆਂ ਨੇ ਪਿੰਡ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ, ਸਾਨੂੰ ਸਾਡੇ ਵਿਦਿਆਰਥੀਆਂ ਸਕੂਲ ਤੇ ਸਟਾਫ ਉੱਪਰ ਮਾਣ ਹੈ। ਸਰਪੰਚ ਕੁਲਦੀਪ ਕੌਰ ਅਤੇ ਸਾਬਕਾ ਫੌਜੀ ਮਨਜੀਤ ਸਿੰਘ ਵੱਲੋਂ ਵਿਦਿਆਰਥੀਆਂ, ਸਟਾਫ਼ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਆਉਣ ਵਾਲੇ ਸਾਲਾਂ ਵਿੱਚ ਨਤੀਜੇ ਹੋਰ ਵੀ ਸ਼ਾਨਦਾਰ ਆਉਣ ਦੀ ਆਸ ਪ੍ਰਗਟ ਕੀਤੀ ਗਈ। ਯਾਦ ਰਹੇ ਕਿ ਇਹਨਾਂ ਵਿਦਿਆਰਥੀਆਂ ਨੇ ਹੀ ਡੀਟੀਐਫ ਵਜ਼ੀਫਾ ਪ੍ਰੀਖਿਆ ਅਤੇ ਰਾਮਾਨੁਜਣ ਪ੍ਰੀਖਿਆ ਵਿੱਚ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ।

## ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਹੋਈ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਰਾਜਬੀਰ ਸਿੰਘ ਗਿੱਲ ਸੰਧਵਾਂ ਬੀਕੇਯੂ ਕਾਦੀਆਂ ਜ਼ਿਲ੍ਹਾ ਸਕੱਤਰ ਜਨਰਲ ਦੀ ਪ੍ਰਧਾਨਗੀ ਹੇਠ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਦੀ ਮੀਟਿੰਗ ਹੋਈ, ਜਿਸ ਵਿਚ ਪ੍ਰਮੁੱਖ ਆਗੂਆਂ ਵਿੱਚ ਬਿੰਦਰ ਸਿੰਘ ਗੋਲੇਵਾਲਾ ਸੂਬਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਸ਼ਮਸ਼ੇਰ ਸਿੰਘ ਕਿੰਗਰਾ ਸੂਬਾ ਜਨਰਲ ਸਕੱਤਰ ਕੌਮੀ ਕਿਸਾਨ ਯੂਨੀਅਨ, ਭੁਪਿੰਦਰ ਸਿੰਘ ਔਲਖ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਦਲੀਪ ਸਿੰਘ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਜਗਸੀਰ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਬੀਕੇਯੂ ਮਾਲਵਾ, ਸੁਖਜਿੰਦਰ ਸਿੰਘ ਤੁੰਬੜਭੰਨ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਸੁਰਜੀਤ ਸਿੰਘ ਹਰੀਏਵਾਲਾ ਜ਼ਿਲ੍ਹਾ ਪ੍ਰਧਾਨ ਬੀਕੇਯੂ ਲੱਖੋਵਾਲ, ਜ਼ੋਰਾਂ ਸਿੰਘ ਭਾਣਾ ਜ਼ਿਲ੍ਹਾ ਜਰਨਲ ਸਕੱਤਰ ਬੀਕੇਯੂ ਧਨੇਰ, ਹਰਮੇਲ ਸਿੰਘ ਜ਼ਿਲ੍ਹਾ ਯੂਥ ਪ੍ਰਧਾਨ ਬੀਕੇਯੂ ਰਾਜੇਵਾਲ, ਗੁਰਵਿੰਦਰ ਸਿੰਘ ਨੰਗਲ ਬੀਕੇਯੂ ਡਕੌਂਦਾ ਬੁਰਜ ਗਿੱਲ, ਗੁਰਜੀਤ ਸਿੰਘ ਅਜਿੱਤਗਿੱਲ ਸੂਬਾ ਪ੍ਰਧਾਨ ਲੋਕ ਸੰਘਰਸ਼ ਹਜ਼ੂਮ ਕਿਸਾਨ ਯੂਨੀਅਨ, ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਸੰਘਰਸ਼ ਦੁਰਾਨ ਕੁਝ ਵਾਅਦੇ ਕੀਤੇ ਸਨ, ਜਿਨ੍ਹਾਂ ਤੋਂ ਬਾਅਦ ਵਿੱਚ ਮੁਨਕਰ ਹੋਈ ਭਾਜਪਾ ਸਰਕਾਰ ਨੂੰ ਉਨ੍ਹਾਂ ਵਾਅਦਿਆਂ ਨੂੰ ਯਾਦ ਕਰਾਉਣ ਲਈ ਸੰਯੁਕਤ ਕਿਸਾਨ ਮੋਰਚਾ ਪੰਜਾਬ ਭਾਰਤ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਕਿ ਆਉਣ ਵਾਲੀ 18 ਜੁਲਾਈ ਨੂੰ ਦੇਸ਼ ਭਰ ਵਿਚ ਐਮ ਪੀਜ਼ ਨੂੰ ਮੰਗ ਪੱਤਰ ਦੇਣ ਦਾ ਫ਼ੈਸਲਾ ਕੀਤਾ, ਉਸ ਨੂੰ ਮੁੱਖ ਰੱਖਦੇ ਹੋਏ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਨੇ ਫੈਸਲਾ ਕੀਤਾ ਹੈ ਕਿ 18 ਜੁਲਾਈ ਨੂੰ ਲੋਕ ਸਭਾ ਹਲਕਾ ਫ਼ਰੀਦਕੋਟ ਦੇ ਐਮ ਪੀ ਸਰਬਜੀਤ ਸਿੰਘ ਖਾਲਸਾ ਨੂੰ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਵਿਖੇ 11 ਵਜੇ ਮੰਗ ਪੱਤਰ ਸੌਂਪਿਆ ਜਾਵੇਗਾ। ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਫ਼ਰੀਦਕੋਟ ਦੀਆਂ ਸਾਰੀਆਂ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਉਹ ਵੱਡੀ ਗਿਣਤੀ ਵਿਚ ਝੰਡਿਆਂ ਸਮੇਤ ਸ਼ਮੂਲੀਅਤ ਕਰਨ।

## ਮਿਸ਼ਨ ਸਮਰੱਥ ਤੇ ਦਾਖ਼ਲਾ ਮੁਹਿੰਮ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਮੀਟਿੰਗ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮਿਸ਼ਨ ਸਮਰੱਥ ਤੇ ਦਾਖਲਾ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਨੀਲਮ ਰਾਣੀ ਦੀ ਅਗਵਾਈ ਹੇਠ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਫਿਰੋਜ਼ਪੁਰ-2 ਰਾਜਨ ਨਰੂਲਾ ਤੇ ਮਿਸ਼ਨ ਸਮਰੱਥ ਦੇ ਜ਼ਿਲ੍ਹਾ ਰਿਸੋਰਸ ਪਰਸਨ ਸ੍ਰੀ ਸੁਭਾਸ਼ ਚੰਦਰ ਵੱਲੋਂ ਬਲਾਕ ਫਿਰੋਜ਼ਪੁਰ-2 ਦੀ ਅਹਿਮ ਮੀਟਿੰਗ ਬੀ. ਆਰ. ਸੀ. ਹਾਲ ਫਿਰੋਜ਼ਪੁਰ-2 ਵਿਖੇ ਕੀਤੀ ਗਈ।ਇਸ ਮੌਕੇ ਬਲਾਕ ਸੀ.ਐੱਚ.ਟੀ. ਸਾਹਿਬਾਨ, ਸਕੂਲ ਮੁਖੀ/ਇੰਚਾਰਜ ਸਾਹਿਬਾਨ ਨਾਲ ਨਵੇਂ ਦਾਖ਼ਲੇ ਵਿੱਚ ਵਾਧੇ ਤੇ ਮਿਸ਼ਨ ਸਮਰੱਥ ਨੂੰ ਸਫਲ ਬਣਾਉਣ ਲਈ ਮੀਟਿੰਗ ਕੀਤੀ ਗਈ।ਡੀ.ਈ.ਓ. ਨੇ ਦਾਖ਼ਲਾ ਵਧਾਉਣ ਲਈ ਸਕੂਲ ਪੱਧਰ ਤੱਕ ਦਾ ਡਾਟਾ ਸਬੰਧਤ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਘੋਖਿਆ ਗਿਆ।ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਪੱਧਰ 'ਤੇ ਅਧਿਆਪਕਾਂ ਵੱਲੋਂ ਪੜ੍ਹਾਏ ਜਾ ਰਹੇ ਹਰੇਕ ਵਿਸ਼ੇ ਬਾਰੇ ਸੈਂਟਰ ਤੇ ਸਕੂਲ ਅਨੁਸਾਰ ਬੱਚਿਆਂ ਦੇ ਹੁਣ ਦੇ ਪੱਧਰਾਂ ਬਾਰੇ ਵਿਸਥਾਰਪੂਰਵਕ ਗੱਲਬਾਤ ਕੀਤੀ ਗਈ।ਇਸ ਮੌਕੇ ਬੀ.ਪੀ.ਈ.ਓ. ਫਿਰੋਜ਼ਪੁਰ-2 ਰਾਜਨ ਨਰੂਲਾ ਨੇ ਦੱਸਿਆ ਕਿ ਬਲਾਕ ਫਿਰੋਜ਼ਪੁਰ-2 ਵਿੱਚ ਮਿਸ਼ਨ ਸਮਰੱਥ ਵਧੀਆ ਢੰਗ ਨਾਲ ਚੱਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਪੱਧਰ ਅਨੁਸਾਰ ਸਿੱਖਿਆ ਦੇਣ ਦਾ ਬਹੁਤ ਲਾਭ ਹੋਇਆ ਹੈ।ਇਸ ਪ੍ਰਾਜੈਕਟ ਨਾਲ ਬੱਚੇ ਬਹੁਤ ਤੇਜ਼ੀ ਨਾਲ ਤੇ ਪ੍ਰਪੱਕਤਾ ਨਾਲ ਸਿੱਖਿਆ ਲੈ ਰਹੇ ਹਨ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਏ.ਪੀ.ਸੀ. ਜਨਰਲ ਸਰਬਜੀਤ ਸਿੰਘ ਟੁਰਨਾ, ਬਲਾਕ ਫਿਰੋਜ਼ਪੁਰ-2 ਦੇ ਸਾਰੇ ਸੈਂਟਰ ਹੈੱਡ ਟੀਚਰ, ਸੰਦੀਪ ਗਗਨੇਜਾ, ਮਨਦੀਪ ਸਿੰਘ, ਰਾਜ ਪੁਰੀ, ਰੀਨਾ ਆਦਿ ਹਾਜ਼ਰ ਸਨ।

## ਪ੍ਰਾਇਮਰੀ ਸਕੂਲ ਬਸਤੀ ਉਦੋਂਵਾਲੀ 'ਚ ਬੂਟੇ ਲਗਾਏ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਫ਼ਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਫਿਰੋਜ਼ਪੁਰ-2 ਰਾਜਨ ਨਰੂਲਾ ਦੀ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਉਦੋਂਵਾਲੀ ਦੇ ਸਮੂਹ ਸਟਾਫ ਵੱਲੋਂ ਸਕੂਲ ਵਿੱਚ ਵੱਡੀ ਗਿਣਤੀ ਵਿੱਚ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਸਕੂਲ ਮੁਖੀ ਮੈਡਮ ਸੁਸ਼ੀਲ ਕੁਮਾਰੀ ਨੇ ਸ਼ੁੱਧ ਵਾਤਾਵਰਨ ਪ੍ਰਤੀ ਜਾਗਰੂਕ ਕਰਦਿਆਂ ਦੱਸਿਆ ਕਿ ਅੱਜ ਦੇ ਸਮੇਂ ਵਾਤਾਵਰਨ 'ਚ ਕਈ ਦੂਸ਼ਿਤ ਰਸਾਇਣਕ ਗੈਸਾਂ ਦੀ ਭਰਮਾਰ ਹੋ ਗਈ ਹੈ।ਲੋਕਾਂ ਵੱਲੋਂ ਵੱਡੀ ਤਦਾਦ ਵਿੱਚ ਰੁੱਖਾਂ ਦੀ ਕਟਾਈ ਕੀਤੀ ਜਾ ਰਹੀ ਹੈ।ਇਹੋ ਜਿਹੇ ਵਾਤਾਵਰਨ 'ਚ ਆਕਸੀਜਨ ਦੀ ਘਾਟ ਕਾਰਨ ਸਾਹ ਲੈਣਾ ਔਖਾ ਹੋ ਜਾਂਦਾ ਹੈ ਤੇ ਕਈ ਭਿਆਨਕ ਬਿਮਾਰੀਆਂ ਪੈਦਾ ਹੁੰਦੀਆਂ ਹਨ।ਜੇਕਰ ਅਸੀਂ ਬੂਟੇ ਲਗਾਉਣ ਦੇ ਉਪਰਾਲੇ ਕਰਾਂਗੇ ਤਾਂ ਹੀ ਸਾਡਾ ਵਾਤਾਵਰਨ ਸ਼ੁੱਧ ਹੋਵੇਗਾ।ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਨੇ ਕਿਹਾ ਕਿ ਦਰੱਖਤਾਂ ਦੀ ਘਾਟ ਕਾਰਨ ਵਾਤਾਵਰਨ ਵਿੱਚ ਬਹੁਤ ਹੀ ਜ਼ਿਆਦਾ ਸਮੱਸਿਆ ਪੈਦਾ ਹੋ ਰਹੀ ਹੈ, ਧਰਤੀ ਦੇ ਪਾਣੀ ਦਾ ਸਤਰ ਦਿਨੋਂ-ਦਿਨ ਘਟਦਾ ਜਾ ਰਿਹਾ ਹੈ। ਇਸ ਲਈ ਸੋਕੇ ਤੋਂ, ਬਿਮਾਰੀਆਂ ਬਚਣ ਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਅਸੀਂ ਬੂਟੇ ਲਗਾਈਏ ਤੇ ਉਨ੍ਹਾਂ ਦੀ ਸੰਭਾਲ ਕਰੀਏ।ਇਸ ਮੌਕੇ ਬੱਚਿਆਂ ਨੂੰ ਵੀ ਬੂਟੇ ਲਗਾਉਣ ਲਈ ਵੰਡੇ ਗਏ ਤੇ ਇਨ੍ਹਾਂ ਬੂਟਿਆਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸਕੂਲ ਅਧਿਆਪਕ ਸੰਦੀਪ ਕੁਮਾਰ, ਵੀਨਾ ਕੁਮਾਰੀ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਤੇ ਪਿੰਡ ਦੇ ਵਾਤਾਵਰਨ ਪ੍ਰੇਮੀ ਹਾਜ਼ਰ ਸਨ।

## ਮੁਫ਼ਤੀ ਸਾਜਿਦ ਕਾਸਮੀ ਮਜਲਿਸੇ ਉਲਮਾ ਦੇ ਕਨਵੀਨਰ ਬਣੇ



ਮਾਲੇਰਕੋਟਲਾ (ਅਸਗਰ ਪਰਿਹਾਰ)-ਵੱਖੋ ਵੱਖ ਮਸਜਿਦਾਂ ਦੇ ਇਮਾਮਾਂ ਤੇ ਹੋਰ ਸਥਾਨਕ ਮੁਸਲਿਮ ਧਾਰਮਿਕ ਵਿਦਵਾਨਾਂ ਵੱਲੋਂ ਸਥਾਨਕ ਜਮਾਅਤ ਇਸਲਾਮੀ ਹਿੰਦ ਕੰਪਲੈਕਸ ਵਿਖੇ ਇੱਕ ਅਹਿਮ ਮੀਟਿੰਗ ਵਿੱਚ ਜਿੱਥੇ ਮੁਸਲਿਮ ਸਮਾਜ ਵਿੱਚ ਸੰਭਾਵੀ ਸੁਧਾਰਾਂ ਤੇ ਵਿੱਦਿਅਕ ਪ੍ਰਸਾਰ ਦੇ ਮਕਸਦ ਨਾਲ ਇੱਕਜੁੱਟ ਹੋ ਕੇ ਸਾਂਝੀਆਂ ਕੋਸ਼ਿਸ਼ਾਂ ਕਰਨ ਦਾ ਫ਼ੈਸਲਾ ਕੀਤਾ ਗਿਆ, ਉੱਥੇ ਇਸ ਦੇ ਨਾਲ ਹੀ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਇਸ ਨਾਲ ਸਬੰਧਤ ਵਿਦਵਾਨ ਸਮੂਹਕ ਤੌਰ 'ਤੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਫਿਰਕੂ ਸਦਭਾਵਨਾ ਦੇ ਵਿਕਾਸ ਲਈ ਵੀ ਭਰਪੂਰ ਕੋਸ਼ਿਸ਼ਾਂ ਕਰਨਗੇ। ਮੀਟਿੰਗ ਵਿੱਚ ਸੰਸਥਾ ਦਾ ਕੰਮ ਕਾਰ ਚਲਾਉਣ ਲਈ ਸਰਬਸੰਮਤੀ ਨਾਲ ਮੁਫ਼ਤੀ ਸਾਜਿਦ ਕਾਸਮੀ ਨੂੰ ਮਜਲਿਸੇ ਉਲਮਾ ਦਾ ਕਨਵੀਨਰ ਚੁਣਿਆ ਗਿਆ। ਆਪਣੀ ਚੋਣ ਦੇ ਤੁਰੰਤ ਮਗਰੋਂ ਮੁਫ਼ਤੀ ਕਾਸਮੀ ਨੇ ਗੱਲਬਾਤ ਕਰਦਿਆਂ ਸੰਸਥਾ ਦੇ ਉਦੇਸ਼ ਤੇ ਕਾਰਜ ਵਿਧੀ ਬਾਰੇ ਵਿਸਥਾਰਤ ਚਰਚਾ ਕੀਤੀ ਅਤੇ ਸੰਸਥਾ ਦਾ ਘੇਰਾ ਦੂਰ ਪਿੰਡਾਂ ਤੱਕ ਫੈਲਾਏ ਜਾਣ 'ਤੇ ਜ਼ੋਰ ਦਿੱਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਾਫ਼ਿਜ਼ ਇਫ਼ਤਿਖ਼ਾਰ ਅਹਿਮਦ ਨੇ ਨਿਭਾਈ। ਇਸ ਮੌਕੇ ਮੁਫ਼ਤੀ ਅਬਦੁਲ ਮਲਿਕ, ਮੁਫ਼ਤੀ ਮੁਹੰਮਦ ਹਾਸ਼ਿਮ, ਕਾਰੀ ਰਜ਼ੀ ਅਹਿਮਦ, ਮੌਲਵੀ ਕਲੀਮੁੱਲਾਹ, ਮੌਲਵੀ ਅਬਦੁਲ ਕਾਦਿਰ ਅਤੇ ਮੁਫ਼ਤੀ ਸਾਕਿਬ ਆਦਿ ਹਾਜ਼ਰ ਸਨ।

# ਇੰਡਸਟਰੀ ਤੇ ਪੰਜਾਬ ਪ੍ਰਦੂਸ਼ਣ ਬੋਰਡ ਦੀ ਮਿਲੀਭੁਗਤ ਕਰਕੇ ਦਰਿਆ ਜ਼ਹਿਰੀਲੇ ਹੋਏ : ਆਗੂ



ਬੁੱਢੇ ਦਰਿਆ ਕੰਢੇ ਬੋਰੀ ਲੈ ਕੇ ਲਿਫਾਫੇ ਚੁੱਕਦੇ ਕੰਵਰ ਗਰੇਵਾਲ ਤੇ ਕਾਲ਼ੇ ਪਾਣੀ ਦਾ ਮੋਰਚਾ ਦੇ ਨੁਮਾਇੰਦੇ।

ਮੋਗਾ (ਇਕਬਾਲ ਸਿੰਘ ਖਹਿਰਾ)-ਕਾਲ਼ੇ ਪਾਣੀ ਦਾ ਮੋਰਚਾ ਦੀ ਅਗਵਾਈ ਕਰ ਰਹੀਆਂ ਸੰਸਥਾਵਾਂ ਨਰੋਆ ਪੰਜਾਬ ਮੰਚ, ਪੀਏਸੀ ਮੱਤੇਵਾੜਾ ਅਤੇ ਪੰਜਾਬ ਵਾਤਾਵਰਨ ਚੇਤਨਾ ਲਹਿਰ ਵੱਲੋਂ ਬੁੱਢਾ ਦਰਿਆ ਅਤੇ ਸਤਲੁਜ ਦੇ ਸੰਗਮ ਤੇ ਬੁੱਢੇ ਦਰਿਆ ਵੱਲੋਂ ਕੀਤੇ ਜਾਂਦੇ ਸਤਲੁਜ ਦੇ ਪ੍ਰਦੂਸ਼ਣ ਬਾਰੇ ਵਿਚਾਰ ਚਰਚਾ ਕਰਵਾਈ ਗਈ, ਜਿਸ ਵਿੱਚ ਪੰਜਾਬੀ ਦੇ ਉੱਘੇ ਗਾਇਕ ਕੰਵਰ ਗਰੇਵਾਲ ਸਮੇਤ ਕਈ ਵਿਦਵਾਨਾਂ ਅਤੇ ਪੰਜਾਬ ਦਰਦੀਆਂ ਨੇ ਸ਼ਮੂਲੀਅਤ ਕੀਤੀ। ਬੁੱਢੇ ਦਰਿਆ ਨੂੰ ਸਤਲੁਜ ਵਿੱਚ ਪੈਂਦਾ ਵੇਖ ਕੰਵਰ ਗਰੇਵਾਲ ਨੇ ਕਿਹਾ ਕਿ ਇਹ ਸੋਚਣ ਵਾਲੀ ਗੱਲ ਹੈ ਕਿ ਜਿਨ੍ਹਾਂ ਕਰਕੇ ਇਹ ਦਰਿਆ ਪਲੀਤ ਹੋ ਰਿਹਾ ਹੈ। ਉਨ੍ਹਾਂ ਦੇ ਘਰ ਵਿੱਚ ਇਸ ਮਸਲੇ ਬਾਰੇ ਕੀ ਵਿਚਾਰ ਚਰਚਾ ਹੁੰਦੀ ਹੋਵੇਗੀ। ਕੀ ਉਹ ਆਪਣੇ ਬੱਚਿਆਂ, ਪੋਤੇ ਪੋਤੀਆਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਇਹ ਕਹਿ ਸਕਦੇ ਹਨ ਕਿ ਕੁਝ ਪੈਸਿਆਂ ਵਾਸਤੇ ਲੋਕਾਂ ਨੂੰ ਜ਼ਹਿਰੀਲਾ ਪਾਣੀ ਪਿਆਉਣਾ ਜਾਇਜ਼ ਹੈ। ਇਸ ਮੌਕੇ ਪੁੱਜੇ ਕੰਵਰ ਗਰੇਵਾਲ ਨੇ ਹੱਥ ਵਿੱਚ ਬੋਰੀ ਫੜ ਕੇ ਖਿਲਰੇ ਪਲਾਸਟਿਕ ਦੇ ਲਿਫਾਫੇ ਇਕੱਠੇ ਕੀਤੇ ਤੇ ਅਪੀਲ ਕੀਤੀ ਕਿ ਜਿਸ ਨਾਲ ਸਾਡਾ ਹਵਾ ਪਾਣੀ ਪਲੀਤ ਹੁੰਦਾ ਹੈ ਉਹ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਨਰੋਆ ਪੰਜਾਬ ਮੰਚ ਦੇ ਜਸਕੀਰਤ ਸਿੰਘ ਨੇ ਕਿਹਾ ਇਹ ਪੰਜਾਬ ਦੀ ਤਰਾਸਦੀ ਹੈ ਕਿ ਭਾਵੇਂ ਜ਼ੀਰਾ ਸ਼ਰਾਬ ਫੈਕਟਰੀ ਹੋਵੇ ਤੇ ਭਾਵੇਂ ਲੁਧਿਆਣੇ ਦਾ ਬੁੱਢਾ ਦਰਿਆ, ਦੋਵੇਂ ਹੀ ਇੰਡਸਟਰੀ ਤੇ ਪ੍ਰਦੂਸ਼ਣ ਬੋਰਡ ਦੀ ਮਿਲੀ ਭੁਗਤ ਨਾਲ ਪੰਜਾਬ ਦੇ ਪਾਣੀਆਂ ਨੂੰ ਜ਼ਹਿਰੀਲਾ ਕਰ ਰਹੇ ਹਨ। ਪੰਜਾਬ ਪ੍ਰਦੂਸ਼ਣ ਬੋਰਡ ਦੇ ਅਫਸਰ ਹਮੇਸ਼ਾ ਇੰਡਸਟਰੀ ਦੀਆਂ ਕਾਲੀਆਂ ਕਰਤੂਤਾਂ 'ਤੇ ਪਰਦਾ ਪਾਉਂਦੇ ਆਏ ਹਨ। ਪੰਜਾਬ ਦੇ ਦਰਿਆਵਾਂ ਵਿੱਚ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਇਸ ਮਿਲੀਭੁਗਤ ਵਾਲੇ ਗੱਠਜੋੜ ਨੂੰ ਤੋੜਨ ਦੀ ਲੋੜ ਹੈ। ਮਸ਼ਹੂਰ ਫਿਲਮ ਡਾਇਰੈਕਟਰ ਅਮਿਤੋਜ ਮਾਨ ਨੇ ਇਸ ਵਿਚਾਰ ਚਰਚਾ ਦਾ ਸੰਚਾਲਨ ਕਰਦੇ ਹੋਏ ਕਿਹਾ ਕਿ ਦੁਨੀਆ ਭਰ ਵਿੱਚ ਵੱਡੀ ਤੋਂ ਵੱਡੀ ਇੰਡਸਟਰੀ ਹੈ, ਪਰ ਇਸ ਤਰ੍ਹਾਂ ਦਾ ਪ੍ਰਦੂਸ਼ਣ ਕਿਤੇ ਵੀ ਦੇਖਣ ਨੂੰ ਨਹੀਂ ਮਿਲਦਾ। ਖੇਤੀ ਅਰਥ ਸ਼ਾਸਤਰੀ ਦਵਿੰਦਰ ਸ਼ਰਮਾ ਨੇ ਦੱਸਿਆ ਕਿ ਦਰਿਆਵਾਂ ਨੂੰ ਪਲੀਤ ਕਰਨ ਨਾਲ ਜੀ.ਡੀ.ਪੀ. ਵੱਧਦੀ ਹੈ ਕਿਉਂਕਿ ਫੈਕਟਰੀਆਂ ਨੂੰ ਮੁਨਾਫਾ ਹੁੰਦਾ ਹੈ ਅਤੇ ਹਸਪਤਾਲਾਂ ਨੂੰ ਵੀ ਮੁਨਾਫ਼ਾ ਹੁੰਦਾ ਹੈ ਅਤੇ ਸਫਾਈ ਠੇਕੇਦਾਰਾਂ ਨੂੰ ਵੀ ਮੁਨਾਫ਼ਾ ਹੁੰਦਾ ਹੈ, ਜਦਕਿ ਇਸ ਦੇ ਉਲਟ ਦਰਿਆ ਸਾਫ ਰੱਖਣ ਨਾਲ ਜੀ.ਡੀ.ਪੀ. ਵਿੱਚ ਕੋਈ ਵਾਧਾ ਨਹੀਂ ਹੁੰਦਾ। ਇਹ ਅਜੀਬ ਹੀ ਆਰਥਿਕ ਮਾਡਲ ਹੈ। ਭਾਈ ਮਨਧੀਰ ਸਿੰਘ ਨੇ ਦੱਸਿਆ ਕਿ ਨੌਕਰਸ਼ਾਹੀ ਦਰਿਆਵਾਂ ਨੂੰ ਪ੍ਰਦੂਸ਼ਤ ਰੱਖ ਕੇ ਹੀ ਖੁਸ਼ ਹੈ, ਕਿਉਂਕਿ ਇਸ ਨਾਲ ਉਹਨਾਂ ਨੂੰ ਵੀ ਨਿੱਜੀ ਤੌਰ 'ਤੇ ਫਾਇਦਾ ਹੁੰਦਾ ਹੈ ਜੋ ਕਿ ਪ੍ਰਦੂਸ਼ਣ ਬੰਦ ਕਰਨ ਨਾਲ ਨਹੀਂ ਹੁੰਦਾ। ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਇਸ ਮਸਲੇ ਦਾ ਹੱਲ ਸੰਗਤ ਹੀ ਕਰ ਸਕਦੀ ਹੈ ਤੇ ਪਿੰਡਾਂ ਵਾਲਿਆਂ ਨੂੰ ਗ੍ਰਾਮ ਸਭਾ ਦੇ ਮਤੇ ਪਾ ਕੇ ਸਰਕਾਰ ਨੂੰ ਭੇਜਣੇ ਚਾਹੀਦੇ ਹਨ, ਜਿਸ ਨਾਲ ਨੌਕਰਸ਼ਾਹੀ ਇੰਡਸਟਰੀ ਤੇ ਪ੍ਰਦੂਸ਼ਣ ਬੋਰਡ ਦੇ ਇਸ ਨਾਪਾਕ ਗੱਠਜੋੜ ਨੂੰ ਤੋੜਿਆ ਜਾ ਸਕਦਾ ਹੈ। ਵਾਟਰ ਵਾਰੀਅਰਸ ਦੇ ਪ੍ਰੋਫੈਸਰ ਮਨਜੀਤ ਸਿੰਘ ਨੇ ਦੱਸਿਆ ਕਿ ਲੋਕ ਆਮ ਹੀ ਕਚਰਾ ਭਰ ਕੇ ਲਿਫਾਫੇ ਸਤਲੁਜ ਵਿੱਚ ਸੁੱਟ ਦਿੰਦੇ ਹਨ, ਜਿਸ ਨੂੰ ਰੋਕੇ ਜਾਣ ਦੀ ਬਹੁਤ ਲੋੜ ਹੈ। ਸਿੱਖ ਸਿਆਸਤ ਦੇ ਪਰਮਜੀਤ ਸਿੰਘ ਗਾਜ਼ੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਸਾਰਿਆਂ ਨੂੰ ਦਰਿਆਵਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਤੁਰੰਤ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਮਹਿੰਦਰਪਾਲ ਲੂੰਬਾ ਨੂੰ ਦੱਸਿਆ ਕਿ ਮੋਰਚੇ ਲਈ ਮੋਗਾ, ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਮਾਨਸਾ ਤੇ ਸੰਗਰੂਰ ਵਿਖੇ ਲਾਮਬੰਦੀ ਵੱਡੇ ਪੱਧਰ 'ਤੇ ਸ਼ੁਰੂ ਹੋ ਚੁੱਕੀ ਹੈ ਤੇ ਅਗਲੇ ਦਿਨਾਂ ਵਿੱਚ ਹੋਰ ਜ਼ਿਲ੍ਹੇ ਵੀ ਕਵਰ ਕੀਤੇ ਜਾਣਗੇ। ਆਗੂਆਂ ਨੇ ਇਹ ਵੀ ਦੱਸਿਆ ਕਿ ਕਾਲੇ ਪਾਣੀ ਦੇ ਮੋਰਚੇ ਵੱਲੋਂ ਜਲਦੀ ਹੀ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਇਸ ਤਰ੍ਹਾਂ ਦੇ ਹੋਰ ਕਈ ਪ੍ਰੋਗਰਾਮ ਕਰਵਾਏ ਜਾਣਗੇ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਇਹ ਸਮਝਾਇਆ ਜਾ ਸਕੇ ਕਿ ਕਿਸ ਤਰ੍ਹਾਂ ਭ੍ਰਿਸ਼ਟਾਚਾਰ ਦੀ ਇੱਕ ਵੱਡੀ ਖੇਡ ਰਾਹੀਂ ਪੰਜਾਬ ਦੇ ਲੋਕਾਂ ਦੀ ਇਹ ਨਸਲਕੁਸ਼ੀ ਕੀਤੀ ਜਾ ਰਹੀ ਹੈ ਤੇ ਉਸ ਦੇ ਵਿਰੋਧ ਵਿੱਚ 15 ਅਗਸਤ 2024 ਦੇ ਪ੍ਰਦੂਸ਼ਣ ਤੋਂ ਆਜ਼ਾਦੀ ਮਾਰਚ ਲਈ ਸਾਰੇ ਪੰਜਾਬ ਵਿੱਚੋਂ ਵੱਧ ਤੋਂ ਵੱਧ ਲਾਮਬੰਦੀ ਜ਼ਰੂਰੀ ਹੈ।

## ਹਾਕਮਵਾਲਾ ਸਕੂਲ 'ਚ ਐੱਨ ਐੱਮ ਐੱਮ ਐੱਸ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਦਾ ਸਨਮਾਨ

ਬੁਢਲਾਡਾ (ਅਸ਼ੋਕ ਲਾਕੜਾ)-ਐਸ.ਸੀ.ਈ.ਆਰ.ਟੀ.ਪੰਜਾਬ ਵੱਲੋਂ ਕਰਵਾਈ ਨੈਸ਼ਨਲ ਮੀਨਜ਼ ਮੈਰਿਟ ਸ਼ਕਾਲਰਸ਼ਿਪ ਪ੍ਰੀਖਿਆ ਦੇ ਐਲਾਨੇ ਨਤੀਜਿਆਂ 'ਚ ਸ਼ਹੀਦ ਪਰਭਜੀਤ ਸਿੰਘ ਸਰਕਾਰੀ ਹਾਈ ਸਕੂਲ ਹਾਕਮਵਾਲਾ ਦੇ ਵਿਦਿਆਰਥੀ ਦਾਤਾਰਪ੍ਰੀਤ ਸਿੰਘ ਕੌਲਧਾਰ ਪੁੱਤਰ ਸ੍ਰੀ ਜਸਪਾਲ ਸਿੰਘ ਕੌਲਧਾਰ ਨੇ ਇਹ ਪ੍ਰੀਖਿਆ ਪਾਸ ਕਰਕੇ, ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।

ਵਿਦਿਆਰਥੀ ਦਾਤਾਰਪ੍ਰੀਤ ਕੌਲਧਾਰ ਦੀ ਇਸ ਪ੍ਰਾਪਤੀ ਤੇ ਸਕੂਲ ਮੁਖੀ ਜਸਵੰਤ ਸਿੰਘ ਸਮੇਤ ਸਮੂਹ ਸਟਾਫ਼ ਵੱਲੋਂ ਵਿਦਿਆਰਥੀ ਦਾ ਸਨਮਾਨ ਕੀਤਾ।ਇਸ ਮੌਕੇ ਸਕੂਲ ਮੁਖੀ ਜਸਵੰਤ ਸਿੰਘ ਨੇ ਦੱਸਿਆ ਕਿ ਦਾਤਾਰਪ੍ਰੀਤ ਸਿੰਘ ਕੌਲਧਾਰ ਨੇ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦੁਆਰਾ ਹਾਲ ਹੀ 'ਚ ਲਈ ਗਈ ਸਕੂਲ ਆਫ਼ ਐਮੀਨੈਂਸ ਦੀ ਪ੍ਰੀਖਿਆ ਵੀ ਪਾਸ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਵਿਦਿਆਰਥੀ ਨੂੰ ਹੁਣ ਹਰ ਸਾਲ 12000 ਰੁਪਏ, ਪ੍ਰਤੀ ਮਹੀਨਾ 1000 ਰੁਪਏ ਦੀ ਰਾਸ਼ੀ ਸ਼ਕਾਲਰਸ਼ਿਪ ਵਜੋਂ ਇਹ ਰਾਸ਼ੀ 4 ਸਾਲ ਤੱਕ ਮਿਲੇਗੀ।ਉਨ੍ਹਾਂ ਵਿਦਿਆਰਥੀ ਦੀ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਦੀ ਮੈਥ ਵਿਸ਼ੇ ਦੀ ਅਧਿਆਪਕਾ ਸ਼੍ਰੀਮਤੀ ਬਖਸ਼ਿੰਦਰ ਕੌਰ ਦੇ ਸਿਰ ਸਜਾਉਂਦਿਆਂ ਕਿਹਾ ਕਿ ਸ਼੍ਰੀਮਤੀ ਬਖਸ਼ਿੰਦਰ ਕੌਰ ਜੀ ਅਣਥੱਕ ਮਿਹਨਤ ਸਦਕਾ ਹੀ ਸੰਭਵ ਹੋਇਆ ਹੈ।ਉਨ੍ਹਾਂ ਇਸ ਪ੍ਰਾਪਤੀ ਤੇ ਸਕੂਲ ਦੇ ਸਮੂਹ ਸਟਾਫ਼, ਵਿਦਿਆਰਥੀ ਦਾਤਾਰਪ੍ਰੀਤ ਸਿੰਘ ਕੌਲਧਾਰ, ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਇੰਚਾਰਜ ਤੇ ਪੰਜਾਬੀ ਅਧਿਆਪਕ ਜਸਵੰਤ ਸਿੰਘ, ਮੈਥ ਮਿਸਟ੍ਰੈਸ ਬਖਸ਼ਿੰਦਰ ਕੌਰ, ਸਾਇੰਸ ਮਾਸਟਰ ਗੁਰਸ਼ਰਨ ਸਿੰਘ, ਅੰਗਰੇਜ਼ੀ ਅਧਿਆਪਕ ਵੀਰ ਸਿੰਘ ਅਤੇ ਸ਼ਰੀਰਕ ਸਿੱਖਿਆ ਦੇ ਅਧਿਆਪਕ ਰਾਜਵੀਰ ਸਿੰਘ ਚੌਹਾਨ ਵੀ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ਵਿਖੇ ਨਵੇਂ ਸੈਸ਼ਨ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਾਏ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਨਵੇਂ ਸੈਸ਼ਨ ਦੇ ਆਗਾਜ਼ ਸਮੇਂ ਪ੍ਰਮਾਤਮਾ ਦਾ ਓਟ ਆਸਰਾ ਲੈਣ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਭੋਗ ਪਾਏ ਗਏ ਅਤੇ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ।ਇਸ ਮੌਕੇ ਮੈਨੇਜਮੈਂਟ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਨਵੇਂ ਸੈਸ਼ਨ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।ਵਧੀਕ ਸਕੱਤਰ ਸ੍. ਮਨਜੀਤ ਸਿੰਘ ਬਰਕੰਦੀ ਨੇ ਦੱਸਿਆ ਕਿ 15 ਜੁਲਾਈ ਤੋਂ ਨਵੇਂ ਸੈਸ਼ਨ ਦੇ ਦਾਖ਼ਲੇ ਸ਼ੁਰੂ ਹਨ ਤੇ ਵੱਖ-ਵੱਖ ਕੋਰਸਾਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਦਾਖ਼ਲਿਆਂ ਲਈ ਪਹੁੰਚ ਰਹੇ ਹਨ।ਉਨ੍ਹਾਂ ਪ੍ਰਿੰਸੀਪਲ, ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਸੰਸਥਾ ਦੀ ਪੁਰਜ਼ੋਰ ਕੋਸ਼ਿਸ਼ ਹੈ ਕਿ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ ਨਾਲ ਨੈਤਿਕ ਮੁੱਲਾਂ ਦੇ ਧਾਰਨੀ ਵੀ ਬਣਾਇਆ ਜਾਵੇ ਤਾਂ ਜੋ ਵਿਸ਼ਵ ਦੇ ਮੁਕਾਬਲੇ ਦੇ ਯੁੱਗ ਵਿੱਚ ਹਰ ਪੱਧਰ 'ਤੇ ਸਫ਼ਲਤਾ ਹਾਸਲ ਕਰ ਸਕਣ।

## ਅੱਜ ਦਾ ਮੁਹਾਲੀ 'ਚ ਸੂਬਾ ਪੱਧਰੀ ਧਰਨਾ ਮੁਲਤਵੀ

ਜਲਾਲਾਬਾਦ (ਜੀਤ ਕੁਮਾਰ)-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਅਧੀਨ ਚੱਲ ਰਹੀਆਂ ਪੇਂਡੂ ਵਾਟਰ ਸਪਲਾਈ ਸਕੀਮਾਂ 'ਤੇ ਫੀਲਡ ਤੇ ਦਫਤਰਾਂ ਵਿੱਚ ਪਿਛਲੇ 15-20 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ ਵਿੱਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਕੰਟਰੈਕਟ ਅਧੀਨ ਸ਼ਾਮਲ ਕਰਕੇ ਪੱਕਾ ਰੁਜ਼ਗਾਰ ਕਰਵਾਉਣ ਸਮੇਤ ਹੋਰ ਜਾਇਜ਼ ਤੇ ਹੱਕੀ ਮੰਗਾਂ ਨੂੰ ਲੈ ਕੇ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ 17 ਜੁਲਾਈ ਨੂੰ ਵਿਭਾਗੀ ਮੁੱਖੀ, ਜਸਸ ਵਿਭਾਗ ਮੋਹਾਲੀ ਵਿਖੇ ਦਿੱਤੇ ਜਾ ਰਹੇ ਧਰਨੇ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਧੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਇਥੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਵਿਭਾਗੀ ਮੁਖੀ, ਜਸਸ ਵਿਭਾਗ ਨਾਲ 18 ਜੁਲਾਈ 2024 ਨੂੰ ਸ਼ਾਮ 4 ਵਜੇ ਯੂਨੀਅਨ ਨੂੰ ਮੀਟਿੰਗ ਦਾ ਸਮਾਂ ਮਿਲਿਆ ਹੈ, ਜਿਸ ਕਰਕੇ ਅੱਜ ਦਾ ਇਹ ਧਰਨਾ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 18 ਜੁਲਾਈ ਦੀ ਮੀਟਿੰਗ ਵਿੱਚ ਜੇਕਰ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਲਈ ਚਿੱਠੀ ਜਾਰੀ ਨਾ ਕੀਤੀ ਗਈ ਤਾਂ ਯੂਨੀਅਨ ਦੀ ਸੂਬਾ ਕਮੇਟੀ ਦੀ ਮੀਟਿੰਗ ਬੁਲਾ ਕੇ ਫਿਰ ਤੋਂ ਸਰਕਾਰ ਤੇ ਮੈਨੇਜਮੈਂਟ ਖਿਲਾਫ ਤਿੱਖੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਸੂਬਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ ਅਤੇ ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ ਮੌਜੂਦ ਸਨ।

## ਰਸਤੇ ਦੇ ਵਿਵਾਦ ਨੂੰ ਲੈ ਕੇ ਹੋਏ ਝਗੜੇ 'ਚ ਭੈਣ-ਭਰਾ ਜ਼ਖ਼ਮੀ



ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਪਿੰਡ ਘੁਰਕਾ 'ਚ ਰਸਤੇ ਦੇ ਚੱਲਦੇ ਆ ਰਹੇ ਵਿਵਾਦ ਨੂੰ ਲੈ ਕੇ ਹੋਏ ਝਗੜੇ 'ਚ ਭੈਣ-ਭਰਾ ਜ਼ਖਮੀ ਹੋ ਗਏ, ਜਿਸ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਅੱਗੇ ਰੈਫਰ ਕਰ ਦਿੱਤਾ।ਉਨ੍ਹਾਂ ਨੇ ਉਨ੍ਹਾਂ ਨਾਲ ਝਗੜਾ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਖ਼ਮੀ ਜਸਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਆਪਣੇ ਖੇਤ ਵਿੱਚ ਰਸਤੇ ਨੂੰ ਲੈ ਕੇ ਗੁਆਂਢੀਆਂ ਨਾਲ ਝਗੜਾ ਚਲਦਾ ਆ ਰਿਹਾ ਸੀ।ਬੀਤੀ ਸ਼ਾਮ ਜਦੋਂ ਉਹ ਆਪਣੇ ਪਰਿਵਾਰ ਨਾਲ ਖੇਤਾਂ ਵਿੱਚ ਕੰਮ ਕਰਨ ਗਏ ਤਾਂ ਉਨ੍ਹਾਂ ਦੇ ਗੁਆਂਢੀਆਂ ਨੇ ਰਸਤੇ ਤੋਂ ਲੰਘਣ ਨੂੰ ਲੈ ਕੇ ਉਨ੍ਹਾਂ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ।ਇਸ ਦੌਰਾਨ ਉਨ੍ਹਾਂ ਦੀ ਕਾਫੀ ਕੁੱਟਮਾਰ ਕੀਤੀ ਗਈ ਤੇ ਉਨ੍ਹਾਂ ਨੂੰ ਝੋਨੇ ਦੇ ਖੇਤਾਂ ਵਿਚ ਪਾਣੀ ਵਿਚ ਬੁਰੀ ਤਰ੍ਹਾਂ ਘਸੀਟਿਆ ਗਿਆ।ਇਸ ਤੋਂ ਇਲਾਵਾ ਉਨ੍ਹਾਂ ਦੇ ਸਿਰ 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਵਾਲੇ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਫਾਜ਼ਿਲਕਾ ਲੈ ਗਏ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਨੂੰ ਅੱਗੇ ਰੈਫਰ ਕਰ ਦਿੱਤਾ।ਉਨ੍ਹਾਂ ਨੇ ਆਪਣੇ ਗੁਆਂਢੀਆਂ 'ਤੇ ਹੋਰ ਵੀ ਕਈ ਤਰ੍ਹਾਂ ਦੇ ਦੋਸ਼ ਲਗਾਏ ਹਨ ਤੇ ਇਨਸਾਫ ਦੀ ਮੰਗ ਕੀਤੀ ਹੈ।

## ਅੱਤ ਦੀ ਗਰਮੀ ਦੌਰਾਨ ਬਿਜਲੀ ਸਪਲਾਈ 'ਚ ਪਏ ਵਿਘਨ ਨੇ ਸ਼ਹਿਰੀ ਕੀਤੇ ਤੰਗ

### ਰਾਤ ਵੇਲੇ ਲੱਗ ਰਹੇ ਹਨ ਬਿਜਲੀ ਦੇ ਲੰਮੇ ਲੰਮੇ ਕੱਟ, ਲੋਕਾਂ 'ਚ ਹਾਹਾਕਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਭਾਵੇਂ 600 ਯੂਨਿਟ ਮੁਫਤ ਦੇਣ ਵਿੱਚ ਕੋਈ ਕਮੀ ਨਹੀਂ ਰੱਖੀ ਜਾ ਰਹੀ, ਪਰ ਪਿਛਲੇ ਕੁਝ ਦਿਨਾਂ ਤੋਂ ਬਿਜਲੀ ਦੇ ਲੱਗ ਰਹੇ ਕੱਟਾਂ ਨੇ ਲੋਕਾਂ ਦੇ ਗਰਮੀ 'ਚ ਵੱਟ ਕੱਢ ਕੇ ਰੱਖ ਦਿੱਤੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਪਰੋਂ ਗਰਮੀ ਵੱਧ ਹੈ ਅਤੇ ਇਧਰ ਬਿਜਲੀ ਦੇ ਸਪਲਾਈ ਟੁੱਟ-ਟੁੱਟ ਕੇ ਆਉਣ ਨਾਲ ਗਰਮੀ ਨੇ ਉਨ੍ਹਾਂ ਦੀ ਤ੍ਰੇਹ ਕੱਢ ਕੇ ਰੱਖ ਦਿੱਤੀ ਹੈ।ਸਥਾਨਕ ਵਾਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 600 ਯੂਨਿਟ ਬਿਜਲੀ ਮੁਫਤ ਦੇ ਕੇ ਜਿੱਥੇ ਲੋਕਾਂ ਨੂੰ ਖੁਸ਼ੀ ਦਿੱਤੀ ਹੈ, ਉੱਥੇ ਬਿਜਲੀ ਸਪਲਾਈ ਨਾ ਦੇ ਕੇ ਲੋਕਾਂ ਨੂੰ ਮਜਬੂਰੀ ਵੱਸ ਕਹਿਣਾ ਪੈ ਰਿਹਾ ਹੈ ਕਿ 600 ਯੂਨਿਟ ਦੀ ਥਾਂ ਬਿਜਲੀ ਦੀ ਸਪਲਾਈ ਬਹਾਲ ਕਰ ਦੇਣ ਤਾਂ ਚੰਗਾ ਹੋਵੇਗਾ।ਉਨ੍ਹਾਂ ਦੱਸਿਆ ਕਿ ਦਿਨ ਦੇ ਨਾਲ-ਨਾਲ ਰਾਤ ਵੇਲੇ ਵੀ ਬਿਜਲੀ ਦੇ ਲੰਮੇ-ਲੰਮੇ ਕੱਟ ਲੱਗ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਦਿਨ ਵੇਲੇ ਕੀਤੇ ਕੰਮ ਦੀ ਥਕਾਵਟ ਕਾਰਨ ਰਾਤ ਵੇਲੇ ਚੰਗੀ ਤਰ੍ਹਾਂ ਸੌਣਾ ਵੀ ਨਸੀਬ ਨਹੀਂ ਹੋ ਰਿਹਾ। ਉਨ੍ਹਾਂ ਦੱਸਿਆ ਕਿ ਕਈਂ ਵਾਰੀ ਰਾਤ ਨੂੰ ਖਾਣਾ ਖਾਣ ਵੇਲੇ ਵੀ ਬਿਜਲੀ ਸਪਲਾਈ ਨਹੀਂ ਹੁੰਦੀ।ਲੋਕਾਂ ਦਾ ਕਹਿਣਾ ਹੈ ਕਿ ਘਰੇਲੂ ਬਿਜਲੀ ਦੇ ਨਾਲ-ਨਾਲ ਖੇਤਾਂ ਵਾਲੀ ਬਿਜਲੀ ਸਪਲਾਈ ਦਾ ਬਹੁਤ ਮਾੜਾ ਹਾਲ ਹੈ।ਉਨ੍ਹਾਂ ਦੱਸਿਆ ਕਿ ਖੇਤਾਂ ਵਿੱਚ ਕਿਸਾਨਾਂ ਵੱਲੋਂ ਪਸ਼ੂਆਂ ਲਈ ਹਰੇ ਚਾਰੇ ਸਮੇਤ ਸਬਜ਼ੀ ਕਾਸ਼ਤਕਾਰਾਂ ਨੇ ਸਬਜ਼ੀ ਲਗਾਈ ਹੋਈ ਹੈ, ਜੋ ਪਾਣੀ ਦੀ ਘਾਟ ਦੇ ਕਾਰਨ ਸੁੱਕਣ ਕੰਢੇ ਹੈ।ਉਨ੍ਹਾਂ ਮੰਗ ਕੀਤੀ ਕਿ ਘਰੇਲੂ ਬਿਜਲੀ ਦੇ ਨਾਲ-ਨਾਲ ਖੇਤਾਂ ਵਾਲੀ ਬਿਜਲੀ ਸਪਲਾਈ ਦਾ ਸਮਾਂ ਵੀ ਵਧਾਇਆ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਪੰਜਾਬ ਵਿੱਚ ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ।ਤਾਪਮਾਨ 40 ਡਿਗਰੀ ਤੋਂ ਉਪਰ ਚਲਾ ਗਿਆ ਹੈ, ਉਥੇ ਬਿਜਲੀ ਦੇ ਲੰਮੇ-ਲੰਮੇ ਕੱਟ ਲੱਗਣ ਲੋਕ ਬੇਹਾਲ ਹੋ ਪਏ ਹਨ ਤੇ ਉਥੇ ਸਰਕਾਰ ਦੇ ਦਾਅਵਿਆਂ ਉਤੇ ਸਵਾਲ ਉੱਠਣੇ ਲਾਜ਼ਮੀ ਹੈ।ਇਹ ਹਾਲ ਹੈ ਜ਼ਿਲ੍ਹਾ ਫਿਰੋਜ਼ਪੁਰ ਦੇ ਹਲਕੇ ਦਾ, ਜਿੱਥੇ ਬਿਜਲੀ ਦੇ ਕੱਟਾਂ ਤੋਂ ਪ੍ਰੇਸ਼ਾਨ ਸ਼ਹਿਰ ਵਾਸੀਆਂ 'ਚ ਹਾਹਾਕਾਰ ਮੱਚੀ ਹੋਈ ਹੈ।

## ਦਾਲਾਂ ਤੋਂ ਬਾਅਦ ਹੁਣ ਸਬਜ਼ੀਆਂ ਵੀ ਗ਼ਰੀਬ ਦੀ ਥਾਲੀ 'ਚੋਂ ਹੋਣ ਲੱਗੀਆਂ ਗ਼ਾਇਬ !

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਮੱਧ ਵਰਗੀ ਤੇ ਗ਼ਰੀਬ ਪਰਵਾਰਾਂ ਦੀ ਸਬਜ਼ੀ ਦੀ ਥਾਲੀ ਵਿੱਚੋਂ ਦਾਲਾਂ ਤਾਂ ਪਹਿਲਾਂ ਹੀ ਗ਼ਾਇਬ ਹੋ ਚੁੱਕੀਆਂ ਹਨ, ਪਰ ਹੁਣ ਸਬਜ਼ੀਆਂ ਜਿਨ੍ਹਾਂ ਵਿੱਚ ਮਟਰ ਤੇ ਟਮਾਟਰ ਸ਼ਾਮਲ ਹਨ, ਵੀ ਉਨ੍ਹਾਂ ਦੀ ਥਾਲੀ ਵਿੱਚੋਂ ਗ਼ਾਇਬ ਹੋ ਗਏ ਹਨ।ਹੋਰ ਤਾਂ ਹੋਰ ਘੀਆ ਵਰਗੀ ਸਬਜ਼ੀ, ਜਿਸ ਨੂੰ ਕਈ ਲੋਕ ਖਾਣਾ ਤਕ ਪਸੰਦ ਨਹੀਂ ਕਰਦੇ, 80 ਰੁਪਏ ਕਿੱਲੋ ਤੱਕ ਪਹੁੰਚ ਗਿਆ ਹੈ। ਗੋਭੀ 120 ਰੁਪਏ ਤੋਂ ਘੱਟ ਨਹੀਂ ਮਿਲ ਰਹੀ ਤੇ ਭਿੰਡੀ ਵੀ 70 ਰੁਪਏ ਕਿਲੋ ਵਿਕ ਰਹੀ ਹੈ।ਲੱਸਣ ਤੇ ਅਦਰਕ, ਜੋ ਲਗਭਗ ਹਰ ਸਬਜ਼ੀ ਵਿੱਚ ਪੈਂਦੇ ਹਨ, ਦੀ ਕੀਮਤ ਵੀ 280 ਰੁਪਏ ਪ੍ਰਤੀ ਕਿਲੋ ਚਲ ਰਹੀ ਹੈ। ਫਲਾਂ ਵਿੱਚ ਸੇਬ 300 ਰੁਪਏ ਕਿਲੋ ਵਿਕ ਰਿਹਾ ਹੈ ਤੇ ਜਾਮਣ ਵੀ 150 ਤੋਂ 300 ਰੁਪਏ ਕਿੱਲੋ ਤੱਕ ਵਿਕ ਰਹੀ ਹੈ।ਲੋਕਲ ਸੇਬ ਵੀ 150 ਰੁਪਏ ਤੋਂ ਹੇਠਾਂ ਨਹੀਂ ਮਿਲ ਰਿਹਾ।ਫਲਾਂ ਦਾ ਰਾਜਾ ਵੱਖ ਵੱਖ ਰੇਟਾਂ 'ਤੇ 60 ਰੁਪਏ ਤੋਂ 200 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਹੈ।ਸਬਜ਼ੀ ਦੀ ਦੁਕਾਨ ਲਗਾਉਣ ਵਾਲੇ ਦੁਕਾਨਦਾਰ ਰਾਜੂ ਦਾ ਕਹਿਣਾ ਹੈ ਕਿ ਸਾਨੂੰ ਪਹਿਲਾਂ ਨਾਲੋਂ ਵੀ ਘੱਟ ਕਮਾਈ ਹੋ ਰਹੀ ਹੈ, ਕਿਉਂਕਿ ਪਿਛਲੇ ਸਬਜ਼ੀਆਂ ਪੂਰੀ ਮਾਤਰਾ ਵਿੱਚ ਨਹੀਂ ਆ ਰਹੀਆਂ, ਜਿਸ ਕਰਕੇ ਸਬਜ਼ੀਆਂ ਦੇ ਰੇਟ ਵੱਧ ਰਹੇ ਹਨ ਤੇ ਆਪਣਾ ਧੰਦਾ ਚਲਾਉਣ ਲਈ ਮਜਬੂਰਨ ਮਹਿੰਗੀਆਂ ਸਬਜ਼ੀਆਂ ਖਰੀਦ ਕੇ ਅੱਗੇ ਵੇਚ ਰਹੇ ਹਾਂ।ਦੁਕਾਨਦਾਰ ਰਾਜੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਟਮਾਟਰ 150-200 ਰੁਪਏ ਕਿੱਲੋ ਹੋ ਜਾਵੇਗਾ।ਆਮ ਆਦਮੀ 'ਤੇ ਮਹਿੰਗਾਈ ਦਾ ਬੋਝ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ।ਉਨ੍ਹਾ ਕਿ ਮੀਂਹ ਪੈਣ ਕਰਕੇ ਸਬਜ਼ੀ ਮੰਡੀ ਵਿੱਚ ਘੱਟ ਪਹੁੰਚ ਰਹੀ ਹੈ, ਪਰ ਮੰਗ ਜ਼ਿਆਦਾ ਹੋਣ ਕਰਕੇ ਸਬਜ਼ੀ ਦੇ ਰੇਟ ਵੱਧਦੇ ਜਾ ਰਹੇ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਕਈ ਕਿਸਾਨਾਂ ਦੀ ਫਸਲ ਖੇਤ ਵਿੱਚ ਖਰਾਬ ਹੋ ਗਈ ਹੈ।ਪਿਆਜ, ਲਸਣ, ਅਦਰਕ ਆਦਿ ਚੀਜ਼ਾਂ ਦੇ ਵਧੇ ਹੋਏ ਭਾਅ ਬਾਰੇ ਜਦ ਔਰਤਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਦੇ ਕੀਤੇ ਵਾਅਦਿਆਂ ਵਾਲੇ ਅੱਛੇ ਦਿਨ ਪਤਾ ਨਹੀਂ ਕਦੋਂ ਆਉਣਗੇ।ਸਰਬਜੀਤ ਕੌਰ, ਸੁਖਵੀਰ ਕੌਰ, ਜਸਵੀਰ ਕੌਰ, ਨੀਤੂ ਕੌਰ, ਸੋਨੀਕਾ, ਮੋਨਿਕਾ ਨੇ ਕਿਹਾ ਕਿ ਘਰਾਂ ਦੀਆਂ ਰਸੋਈਆਂ ਵਿੱਚ ਵਰਤਿਆ ਜਾਣ ਵਾਲਾ ਸਾਮਾਨ ਸਰਕਾਰ ਨੂੰ ਸਸਤਾ ਕਰਨਾ ਚਾਹੀਦਾ ਹੈ, ਕਿਉਂਕਿ ਮਹਿੰਗੇ ਭਾਅ ਦੀਆਂ ਚੀਜ਼ਾਂ ਲੈਣੀਆਂ ਆਮ ਬੰਦੇ ਦੇ ਵਸ ਵਿੱਚ ਨਹੀਂ ਹੈ।ਉਨ੍ਹਾਂ ਕਿਹਾ ਕਿ ਦਾਲ, ਸਬਜ਼ੀ ਬਣਾਉਣ ਲੱਗਿਆਂ ਕਿਸੇ ਵੀ ਚੀਜ਼ ਬਿਨਾਂ ਨਹੀਂ ਸਰਦਾ, ਪਰ ਅੰਤਾਂ ਦੀ ਮਹਿੰਗਾਈ 'ਚ ਕੀਤਾ ਕੀ ਜਾਵੇ ? ਔਰਤਾਂ ਨੇ ਸੂਬਾ ਤੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਲੋਕਾਂ ਦੀ ਮੁਸ਼ਕਲ ਵੱਲ ਧਿਆਨ ਦੇ ਕੇ ਪਿਆਜ ਸਮੇਤ ਬਾਕੀ ਸਭ ਚੀਜ਼ਾਂ ਦੇ ਭਾਅ ਘੱਟ ਕੀਤੇ ਜਾਣ ਤਾਂ ਕਿ ਆਮ ਲੋਕਾਂ 'ਤੇ ਕੋਈ ਬੋਝ ਨਾ ਪਵੇ।

## ਸਮੂਹ ਕਾਂਵੜ ਸੰਘ ਰਾਮਪੁਰਾ ਫੂਲ ਦੀ ਜਨਰਲ ਬਾਡੀ ਮੀਟਿੰਗ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਮੂਹ ਕਾਂਵੜ ਸੰਘ ਰਾਮਪੁਰਾ ਫੂਲ ਦੀ ਜਨਰਲ ਬਾਡੀ ਦੀ ਮੀਟਿੰਗ ਸੰਘ ਦੇ ਪ੍ਰਧਾਨ ਨੀਰਜ ਚੌਧਰੀ ਦੀ ਪ੍ਰਧਾਨਗੀ ਹੇਠ ਸਥਾਨਕ ਦੁਰਗਾ ਸੇਵਕ ਦਲ ਵਿਖੇ ਕੀਤੀ ਗਈ। ਮੀਟਿੰਗ ਦੌਰਾਨ ਸਾਉਣ ਮਹੀਨੇ ਦੀ ਸ਼ਿਵਰਾਤਰੀ ਮੌਕੇ ਕਾਂਵੜ ਯਾਤਰਾ ਤੇ ਨਗਰ ਫੇਰੀ ਦੀ ਤਿਆਰੀਆਂ ਸੰਬੰਧੀ ਚਰਚਾ ਕੀਤੀ ਗਈ।ਸੰਘ ਦੇ ਪ੍ਰਧਾਨ ਨੀਰਜ ਚੌਧਰੀ, ਚੇਅਰਮੈਨ ਰਜੇਸ਼ ਲਵਲੀ ਤੇ ਜਨਰਲ ਸਕੱਤਰ ਕੇਵਲ ਕ੍ਰਿਸ਼ਨ ਹੈਪੀ ਨੇ ਦੱਸਿਆ ਕਿ ਹਰ ਮਹਾਂਸ਼ਿਵਰਾਤਰੀ ਤੇ ਸਾਉਣ ਮਹੀਨੇ ਦੀ ਸ਼ਿਵਰਾਤਰੀ ਦੀ ਤਰ੍ਹਾਂ ਇਸ ਵਾਰ ਵੀ ਸ਼ਹਿਰ ਦੇ ਵੱਖ-ਵੱਖ ਮੰਦਰਾਂ ਵਿੱਚੋਂ ਸੈਂਕੜੇ ਸ਼ਿਵਭਗਤ ਕਾਂਵੜੀਏ ਹਰਿਦੁਆਰ ਤੇ ਹੋਰ ਧਾਰਮਿਕ ਸਥਾਨਾਂ ਤੋਂ ਕਾਂਵੜਾਂ ਵਿੱਚ ਪਵਿੱਤਰ ਗੰਗਾਜਲ ਲੈ ਕੇ ਆਉਣਗੇ।ਉਨ੍ਹਾਂ ਕਿਹਾ ਕਿ ਸ਼ਿਵਰਾਤਰੀ ਦੀ ਸਵੇਰ ਕਾਂਵੜੀਆਂ ਵੱਲੋਂ ਸਮੂਹ ਕਾਂਵੜ ਸੰਘ ਦੀ ਅਗਵਾਈ ਹੇਠ ਸ਼ਹਿਰ ਵਿੱਚ ਕਾਂਵੜ ਨਗਰ ਫੇਰੀ ਕੱਢੀ ਜਾਵੇਗੀ।ਇਸ ਤੋਂ ਬਾਅਦ ਕਾਂਵੜੀਆਂ ਵੱਲੋਂ ਸੰਬੰਧਤ ਮੰਦਰਾਂ ਵਿੱਚ ਭਗਵਾਨ ਭੋਲੇਨਾਥ ਨੂੰ ਪਵਿੱਤਰ ਗੰਗਾਜਲ ਅਰਪਿਤ ਕੀਤਾ ਜਾਵੇਗਾ।ਮੀਟਿੰਗ ਵਿੱਚ ਸੋਹਣ ਲਾਲ, ਸੋਮਨਾਥ ਸਿੰਗਲਾ, ਸੰਜੇ ਮੰਗਲਾ, ਮੱਖਣ ਬੱਲੋ, ਲਛਮਣ ਦਾਸ, ਰਵੀ, ਰਾਧੇਸ਼ਾਮ ਸਿੰਗਲਾ ਤੇ ਸੁਖਦੇਵ ਸਮੇਤ ਵੱਡੀ ਗਿਣਤੀ ਵਿੱਚ ਕਾਂਵੜੀਏ ਹਾਜ਼ਰ ਸਨ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਦੇ ਦਿਹਾੜੇ ਮੌਕੇ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸਾਵਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਭਾਰੀ ਗਰਮੀ ਤੇ ਹੁੰਮਸ ਭਰੇ ਮਾਹੌਲ ਦੇ ਬਾਵਜੂਦ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੀਆਂ।

ਗਰਮੀ ਦੇ ਮੌਸਮ ਨੂੰ ਦੇਖਦਿਆਂ ਬਾਬਾ ਮੋਹਣ ਸਿੰਘ ਦੀ ਅਗਵਾਈ ਵਿਚ ਠੰਢੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਗਈ ਜਿੱਥੋਂ ਹਜ਼ਾਰਾਂ ਸੰਗਤਾਂ ਨੇ ਜਲ ਛਕਿਆ। ਇਸ ਮੌਕੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਸਮੇਲ ਸਿੰਘ ਬੌਂਦਲੀ, ਸੀਨੀਅਰ ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਪ੍ਰਧਾਨ ਜਸਵੀਰ ਸਿੰਘ ਗਿੱਲ, ਹਰਜਿੰਦਰ ਸਿੰਘ ਗਿੱਲ ਮੌਜੂਦ ਸਨ।

## ਅਰਿਹੰਤ ਕਾਲਜ 'ਚ ਰੋਜ਼ਗਾਰ ਮੇਲਾ 19 ਨੂੰ

ਮਾਨਸਾ (ਪਮਾਰ)-ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਦਫ਼ਤਰ ਮਾਨਸਾ ਵੱਲੋਂ ਆਸਰਾ ਫਾਊਂਡੇਸ਼ਨ ਬਰੇਟਾ, ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ ਤੇ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੇ ਸਹਿਯੋਗ ਨਾਲ 19 ਜੁਲਾਈ ਸ਼ੁੱਕਰਵਾਰ ਨੂੰ ਅਰਿਹੰਤ ਕਾਲਜ ਆਫ ਐਜੂਕੇਸ਼ਨ (ਨੇੜੇ ਗਰੀਨ ਲੈਂਡ ਸਕੂਲ, ਬਰੇਟਾ ਕੈਂਚੀਆਂ) ਵਿਖੇ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਮਾਨਸਾ ਸ੍ਰੀ ਰਵਿੰਦਰ ਸਿੰਘ ਨੇ ਦਿੰਦਿਆਂ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ 10 ਦੇ ਕਰੀਬ ਕੰਪਨੀਆਂ ਭਾਗ ਲੈ ਰਹੀਆਂ ਹਨ।ਰੋਜ਼ਗਾਰ ਮੇਲੇ ਵਿਚ ਭਾਗ ਲੈਣ ਵਾਲੇ ਬੇਰੁਜ਼ਗਾਰ ਪ੍ਰਾਰਥੀਆਂ ਦੀ ਘੱਟ ਤੋਂ ਘੱਟ ਯੋਗਤਾ ਦਸਵੀਂ ਪਾਸ, ਉਮਰ 18 ਤੋਂ 37 ਸਾਲ ਤੱਕ ਹੋਣੀ ਚਾਹੀਦੀ ਹੈ।ਇੰਟਰਵਿਊ ਦਾ ਸਮਾਂ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 03:00 ਵਜੇ ਤੱਕ ਰੱਖਿਆ ਗਿਆ ਹੈ।


AXIS BANK

Axis Bank Ltd. : Retail Asset Center : 2nd and 3rd Floor, Property No. # 7-E, Municipal 3903/1142/16,Malhar Road, Saraabha Nagar, Ludhiana -141001

ਰੂਲ-8 (1) ਕਬਜ਼ਾ ਨੋਟਿਲ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ਐੱਸ ਸੀ ਓ 367-368, ਸੈਕਟਰ-34 ਏ, ਚੰਡੀਗੜ੍ਹ 160022 ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈਸ: ਪੀ ਐੱਮ ਡੀ ਪੈਂਟਰੋਕੈਮ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਨੋਟਿਸ 'ਚ ਦਰਸਾਈ ਰਕਮ ਰੁ. 4,74,23,091/- (ਚਾਰ ਕਰੋੜ ਚੁਹੱਤਰ ਲੱਖ ਤੇਈ ਹਜ਼ਾਰ ਇਕਾਨਵੇਂ ਰੁਪਏ ਕੇਵਲ) ਸਮੇਤ 27 ਜਨਵਰੀ 2022 ਤੋਂ ਅਦਾਇਗੀ ਦੀ ਮਿਤੀ ਤੱਕ ਇਸ ਉੱਪਰ ਇਕਰਾਰਨਮੇ ਦੀ ਦਰ 'ਤੇ ਅਣ-ਲਾਗੂ ਵਿਆਜ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 27 ਜਨਵਰੀ 2022 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਿਹਾ ਹੈ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਊਰਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਇਦਾਦ ਦਾ 11 ਜੁਲਾਈ 2024 ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ਐੱਸ ਸੀ ਓ 367-368, ਸੈਕਟਰ 34-ਏ, ਚੰਡੀਗੜ੍ਹ 160022 ਦੀ ਰਕਮ ਰੁ. 4,74,23,091/- (ਚਾਰ ਕਰੋੜ ਚੁਹੱਤਰ ਲੱਖ ਤੇਈ ਹਜ਼ਾਰ ਇਕਾਨਵੇਂ ਰੁਪਏ ਕੇਵਲ) ਸਮੇਤ 27 ਜਨਵਰੀ 2022 ਤੋਂ ਇਕਰਾਰਨਮੇ ਦੀ ਦਰ 'ਤੇ ਇਸ ਉੱਪਰ ਅਣ-ਲਾਗੂ ਵਿਆਜ ਅਤੇ ਹੋਰ ਚਾਰਜਿਜ਼/ਖਰਚਿਆਂ ਦੇ ਵਸੂਲ ਕੀਤੀ ਜਾਵੇਗੀ। ਉਪਲੱਬਧ ਸਮੇਂ 'ਚ ਸਕਿਊਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ

ਵਪਾਰਕ ਜ਼ਮੀਨ ਰਕਬਾ ਸੁਪਰ ਖੇਤਰ 8000 ਵਰਗ ਫੁੱਟ, 21 ਕਨਾਲ 7 ਮਰਲੇ ਦਾ 38/3843 ਹਿੱਸਾ, ਜੋ ਕਿ 0 ਕਨਾਲ 4 ਮਰਲੇ 2 ਸਰਸਾਹੀ ਹੈ, ਜਾਇਦਾਦ ਨੰ. ਬੀ-021-00057, ਖੇਵਟ ਖਤੌਨੀ ਨੰ. 544/808, ਖਸਰਾ ਨੰ. 25//22/2 (1-18), 33//1/2 (2-12), 2/1 (2-9), 4/2 (6-16), 9/1 (0-18), 10/2 (1-3), 2/2 (5-11) ਕਿੱਤੇ 7, ਜਮ੍ਹਾਂਬੰਦੀ ਸਾਲ 2014-15, ਹੇਠਲਾ ਗਰਾਊਂਡ ਫਲੋਰ, ਗੋਲਡਨ ਸਕੁਏਅਰ, ਪਿੰਡ ਲੋਹਗੜ੍ਹ, ਐੱਮ ਸੀ ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ, ਹੱਦਬਸਤ ਨੰ. 46, ਬੈਨਾਮਾ ਨੰ. 2018-19/13/1/9279 ਮਿਤੀ 29-03-2019 ਨੂੰ ਜਾਇੰਟ ਸਬ-ਰਜਿਸਟਰਾਰ ਜ਼ੀਰਕਪੁਰ ਦੇ ਦਫਤਰ 'ਚ ਰਜਿਸਟਰਡ, ਪੀ ਐੱਮ ਡੀ ਪੈਟਰੋਕੈਮ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ ਰਾਹੀਂ ਡਾਇਰੈਕਟਰ ਸ੍ਰੀ ਮੋਹਿਤ ਅਰੋੜਾ ਪੁੱਤਰ ਸ੍ਰੀ ਪ੍ਰੇਮ ਅਰੋੜਾ। (ਹੱਦਾਂ ਬੈਨਾਮੇ ਅਨੁਸਾਰ) (ਸਾਈਟ ਅਨੁਸਾਰ) ਉੱਤਰ : ਆਮ ਰਸਤਾ/ਪੌੜੀਆਂ, ਪੂਰਬ : ਨਿਰਮਤ ਸ਼ੋ-ਰੂਮ (ਡੀ ਡੈਕੋਰਾਈਟ), ਦੱਖਣ : ਹੰਗਾਮੀ ਰਸਤਾ (ਜੀ ਫਲੋਰ), ਪੱਛਮ : ਪਾਰਕਿੰਗ (ਜੀ ਫਲੋਰ)।

ਮਿਤੀ : 11.07-2024, ਸਥਾਨ : ਜ਼ੀਰਕਪੁਰ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



CSL Finance Limited

Reg. off.: 410-412,18/12, 4th Floor, W.E.A, Arya Samaj Road, Karol Bagh, New Delhi-110005, Corp off.: 716-717, 7th Floor, Tower B, World Trade Tower, Sector 16, Noida, 201301, (U.P.) Ph.: +91 120 4290650/52/53/54/55, Email: info@cslfinance.in, Legal@cslfinance.in., Web.: www.cslfinance.in, CIN: L74899DL1992PLC051462

ਸਕਿਉਰਟਾਈਜ਼ੇਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ('ਸਰਫੇਸੀ ਐਕਟ 2002') ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਜਨਤਕ ਨਿਲਾਮੀ ਨੋਟਿਸ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ/ਸਹਿ-ਕਰਜ਼ਦਾਰ ਨੇ ਸੀ ਐੱਸ ਐੱਲ ਫਾਇਨਾਂਸ ਲਿਮਟਿਡ ('ਰਿਣਦਾਤਾ') ਕੋਲ ਅਚੱਲ ਜਾਇਦਾਦ (ਜੋ ਕਿ ਹੇਠਾਂ ਦਰਸਾਈ ਗਈ ਹੈ) ਰਹਿਣ ਕੀਤੀ ਹੈ ਅਤੇ ਉਕਤ ਅਚੱਲ ਜਾਇਦਾਦ (ਸਕਿਊਰਡ ਐੱਸਟ/ਜਾਇਦਾਦ) ਦਾ ਰਿਣਦਾਤਾ ਦੇ ਅਧਿਕਾਰਤ ਅਫਸਰ ਨੇ ਸਰਫੇਸੀ ਐਕਟ 2002 ਅਤੇ ਇਸ ਦੇ ਰੂਲਜ਼ ਤਹਿਤ ਕਬਜ਼ਾ ਪ੍ਰਾਪਤ ਕਰ ਲਿਆ ਹੈ। ਬਕਾਇਆ ਕਰਜ਼ਾ ਸਮੇਤ ਲਾਗੂ ਵਿਆਜ, ਫੀਸ, ਚਾਰਜਿਜ਼ ਅਤੇ ਲਾਗਤਾਂ ਵਸੂਲ ਕਰਨ ਲਈ ਰਿਣਦਾਤਾ ਵੱਲੋਂ ਜਨਤਕ ਨਿਲਾਮੀ ਰਾਹੀਂ ਬੋਲੀ ਕਰਕੇ ਸਕਿਊਰਡ ਐੱਸਟ ਦੀ ਵਿਕਰੀ ਕੀਤੀ ਜਾਵੇਗੀ। ਸਕਿਊਰਡ ਐੱਸਟ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਹੈ ਜਿਵੇਂ ਹੈ', 'ਉੱਥੇ ਜੋ ਵੀ ਹੈ' ਅਤੇ ਰਿਕੋਰਸ ਅਧਾਰ ਤੋਂ ਬਿਨਾਂ ਸਕਿਊਰਡੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ਦੇ ਨੰਬਰ 8 ਅਤੇ 9 ਤਹਿਤ ਅਤੇ ਹੇਠਾਂ ਦਰਸਾਈਆਂ ਸ਼ਰਤਾਂ ਅਤੇ ਨਿਯਮਾਂ ਦੇ ਅਨੁਸਾਰ ਬੋਲੀ ਰਾਹੀਂ ਕੀਤੀ ਜਾਵੇਗੀ।

| ਕਰਜ਼ਦਾਰਾਂ ਦਾ ਨਾਂਅ ਅਤੇ ਪਤਾ | ਸਹਿ-ਕਰਜ਼ਦਾਰ ਦੇ ਨਾਂਅ ਅਤੇ ਪਤੇ | ਮਿਤੀ 06.05.2023 ਦੇ ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਕਮ : 5.5.2023 |
|---|---|---|
| ਕਰਜ਼ਦਾਰ : ਸੁਭਾਸ਼ ਬਵੇਜਾ ਮਕਾਨ ਨੰ. 4131/ਈ, ਗਲੀ ਨੰ.-4, ਨਿਊ ਮਾਧੋਪੁਰੀ, ਲੁਧਿਆਣਾ, ਭਾਰਤ ਨਗਰ ਚੌਕ, ਨੇੜੇ ਹਨੂੰਮਾਨ ਮੰਦਰ, ਲੁਧਿਆਣਾ, ਪੰਜਾਬ-141001 ਕਰਜ਼ਾ ਖਾਤਾ ਨੰ. SMELUDNIRMLO000005002487 | ਸੋਨੀਆ ਬਵੇਜਾ (ਸਕਿਉਰਟੀ ਪ੍ਰੋਵਾਈਡਰ) ਮੇਘਵ ਬਵੇਜਾ ਮਕਾਨ ਨੰ. 4131/ਈ, ਗਲੀ ਨੰ. 4, ਨਿਊ ਮਾਧੋਪੁਰੀ, ਲੁਧਿਆਣਾ, ਭਾਰਤ ਨਗਰ ਚੌਕ, ਨੇੜੇ ਹਨੂੰਮਾਨ ਮੰਦਰ, ਲੁਧਿਆਣਾ ਪੰਜਾਬ-141001 | ਰੁ. 56,17,713/-(ਛਪੰਜਾ ਲੱਖ ਸਤਾਰਾਂ ਹਜ਼ਾਰ ਸੱਤ ਸੌ ਤੇਰਾਂ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ, ਫੀਸ, ਲਾਗਤਾਂ ਅਤੇ ਚਾਰਜਿਜ਼। 15.07.2024 ਨੂੰ ਕੁੱਲ ਬਕਾਇਆ ਰਕਮ : ਰੁ. 71,49,368/- (ਇਕੱਤਰ ਲੱਖ ਉਨੰਜਾ ਹਜ਼ਾਰ ਤਿੰਨ ਸੌ ਅਠਾਹਠ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ, ਫੀਸ, ਲਾਗਤਾਂ ਅਤੇ ਚਾਰਜਿਜ਼। |

| ਟਾਈਟਲ ਹੋਲਡਰ ਦਾ ਨਾਂਅ | ਜਾਇਦਾਦ ਦਾ ਵੇਰਵਾ | ਸਕਿਉਰਡ ਐੱਸਟ ਦੀ ਨਿਲਾਮੀ ਦਾ ਸਥਾਨ, ਮਿਤੀ ਅਤੇ ਸਮਾਂ | ਰਾਖਵੀਂ ਕੀਮਤ/ਈ ਐੱਮ ਡੀ/ਬੋਲੀ ਵਾਧਾ |
|---|---|---|---|
| ਸ੍ਰੀਮਤੀ ਸੋਨੀਆ ਬਵੇਜਾ ਪਤਨੀ ਸੁਭਾਸ਼ ਬਵੇਜਾ | ਮਕਾਨ ਐੱਮ ਸੀ ਐੱਲ ਨੰ. ਬੀ-24-4131/11/3-ਈ, ਰਕਬਾ 100 ਵਰਗ ਗਜ਼, ਖਸਰਾ ਨੰ. 255/1,255/2, 256/2, 257/2, 258/2, 260/2, 261/6, 263/3, 268/4, 259/3, 3387/262/2, 3388/262/2, ਖੇਵਟ ਨੰ. 2158/2375, 2177/2394, ਜਮ੍ਹਾਂਬੰਦੀ ਸਾਲ 2002-2003, ਖੇਵਟ ਨੰ. 2185/2399, 2204/2414, ਜਮ੍ਹਾਂਬੰਦੀ ਸਾਲ 2007-2008, ਪਿੰਡ ਤਰਫ਼ ਸੈਂਦਾਂ, ਅਬਾਦੀ ਨਿਊ ਮਾਧੋਪੁਰੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਦੱਖਣ : ਗਲੀ 20' ਚੌੜੀ 18', ਉੱਤਰ : ਹੋਰ 18', ਪੂਰਬ : ਰੋਹਿਤ 50', ਪੱਛਮ : ਧਰਮਪਾਲ 50' | ਮਿਤੀ 02 ਅਗਸਤ 2024, ਸਮਾਂ : 11.00 ਵਜੇ ਸਵੇਰੇ, ਸਥਾਨ : ਸੀ ਐੱਸ ਐੱਲ ਫਾਇਨਾਂਸ ਲਿਮਟਿਡ, ਬੀ-15-79/ਈ/1 ਵਿਸ਼ਵਕਰਮਾ ਚੌਕ ਮਿੱਲਰਗੰਜ, ਲੁਧਿਆਣਾ, ਪੰਜਾਬ-141003 | ਰਾਖਵੀਂ ਕੀਮਤ : ਰੁ. 50,00,000/- ਈ ਐੱਮ ਡੀ ਰਾਖਵੀਂ ਕੀਮਤ ਦਾ 15 ਫੀਸਦੀ ਜੋ ਕਿ ਰੁ. 7,50,000/- |

ਕੇ ਵਾਈ ਸੀ ਦਸਤਾਵੇਜ਼ਾਂ/ਈ ਐੱਮ ਡੀ ਦੇ ਸਬੂਤ ਆਦਿ ਦੇ ਨਾਲ ਹਿੱਸਾ ਲੈਣ ਲਈ ਬੇਨਤੀ ਪੱਤਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ ਅਤੇ ਸਮਾਂ : 31 ਜੁਲਾਈ 2024, ਸ਼ਾਮ ਦੇ 4.00 ਵਜੇ

ਸਕਿਉਰਡ ਐੱਸਟਸ ਦੇ ਨਿਰੀਖਣ ਲਈ ਮਿਤੀ ਅਤੇ ਸਮਾਂ : 17.07 2024 ਤੋਂ 31.07.2024 ਤੱਕ, ਸਵੇਰੇ 11.00 ਤੋਂ ਸ਼ਾਮ ਦੇ 3.00 ਵਜੇ ਤੱਕ

ਅਧਿਕਾਰਤ ਅਫਸਰ ਦੇ ਵੇਰਵੇ :- ਨਾਂਅ : ਸ੍ਰੀ ਅਕਾਸ਼ ਬਾਂਸਲ, ਈਮੇਲ ਆਈ ਡੀ : Legal@cslfinance.in ਮੋਬਾਇਲ ਨੰਬਰ : 97738-96803

ਜਨਤਕ ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮ ਹੇਠਾਂ ਦਰਸਾਏ ਅਨੁਸਾਰ ਹਨ :

(1) ਜਨਤਕ ਨਿਲਾਮੀ 'ਜਿਵੇਂ ਹੈ ਜਿੱਥੇ ਹੈ, ਜੋ ਵੀ ਹੈ ਜਿਵੇਂ ਹੈ', ਅਤੇ ਰਿਕੋਰਸ ਅਧਾਰ ਤੋਂ ਬਿਨਾਂ ਕੀਤੀ ਜਾਵੇਗੀ ਅਤੇ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਦੀ ਜਾਣਕਾਰੀ ਜਾਂ ਨਾ ਜਾਣਕਾਰੀ 'ਚ ਸਾਰੇ ਮੌਜੂਦਾ ਜਾਂ ਭਵਿੱਖੀ ਜ਼ੋਖਮਾਂ ਦੇ ਨਾਲ ਵਿਕਰੀ ਕੀਤੀ ਜਾ ਰਹੀ ਹੈ, ਜਨਤਕ ਨਿਲਾਮੀ ਦੇ ਬੋਲੀ ਫਾਰਮ, ਘੋਸ਼ਣਾ, ਆਮ ਸ਼ਰਤਾਂ ਅਤੇ ਨਿਯਮ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਦੇ ਦਫਤਰ ਬੀ-15-79/ਈ/1, ਵਿਸ਼ਵਕਰਮਾ ਚੌਕ, ਮਿੱਲਰਗੰਜ ਲੁਧਿਆਣਾ, ਪੰਜਾਬ-141003 ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। (2) ਸਕਿਊਰਡ ਐੱਸਟ ਦੀ ਵਿਕਰੀ, ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਕੀਤੀ ਜਾਵੇਗੀ। (3) ਅਧਿਕਾਰਤ ਅਫਸਰ ਦੇ ਗਿਆਨ ਅਤੇ ਜਾਣਕਾਰੀ 'ਚ ਜਾਇਦਾਦਾਂ 'ਤੇ ਕੋਈ ਜ਼ੋਖਮ ਨਹੀਂ ਹੈ। ਬੇਸ਼ੱਕ, ਇਹ ਜ਼ਰੂਰੀ ਹੈ ਕਿ ਚਾਹਵਾਨ ਬੋਲੀਕਾਰ, ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਆਪਣੇ ਤੌਰ 'ਤੇ ਜਾਇਦਾਦ 'ਤੇ ਕਿਸੇ ਦਾਅਵੇ, ਚਾਰਜਿਜ, ਬਕਾਏ, ਜ਼ੋਖਮ ਆਦਿ ਬਾਰੇ ਛਾਣਬੀਣ ਕਰ ਲੈਣ ਅਤੇ ਟਾਈਟਲ, ਐਕਸਟੈਂਟ/ਰਕਬੇ ਆਦਿ ਬਾਰੇ ਵੀ ਸੰਤੁਸ਼ਟੀ ਕਰ ਲੈਣ। ਬੋਲੀ ਜਮ੍ਹਾਂ ਕਰਵਾਉਣ ਦੀ ਮਿਤੀ ਤੋਂ ਬਾਅਦ ਜਾਇਦਾਦ 'ਚ ਕਿਸੇ ਤਰ੍ਹਾਂ ਦੇ ਅੰਤਰ 'ਤੇ ਭਵਿੱਖੀ ਸਰਤਾਂ ਲਈ ਸਿਰਫ ਤੇ ਸਿਰਫ ਹਿੱਸਾ ਲੈਣ ਵਾਲਾ ਬੋਲੀਕਾਰ ਹੀ ਜ਼ਿੰਮੇਵਾਰ ਹੋਵੇਗਾ। (4) ਵਿਕਰੀ ਦੀ ਅਧਿਕਾਰਤ ਅਫਸਰ ਵੱਲੋਂ ਪੁਸ਼ਟੀ ਜ਼ਰੂਰੀ ਹੈ, ਜੇਕਰ ਕਰਜ਼ਦਾਰ/ਗਰੰਟਰ ਸਾਰੀ ਬਕਾਇਆ ਕੁਲ ਰਕਮ ਵਿਕਰੀ ਤੋਂ ਪਹਿਲਾਂ ਅਦਾ ਕਰ ਦਿੰਦਾ ਹੈ, ਫਿਰ ਵਿਕਰੀ ਨਹੀਂ ਕੀਤੀ ਜਾਵੇਗੀ। (5) ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਵਿਕਰੀ ਵਾਲੀ ਜਾਇਦਾਦ ਨਾਲ ਸੰਬੰਧਤ ਚਾਰਜਿਜ/ਜ਼ੋਖਮ ਆਦਿ ਦੇ ਦਾਅਵੇ ਜਾਂ ਕਿਸੇ ਹੋਰ ਮਾਮਲੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। (6) ਅਧਿਕਾਰਤ ਅਫਸਰ/ਸੀ ਐੱਸ ਐੱਲ ਵਿਕਰੀ ਵਾਲੀ ਜਾਇਦਾਦ 'ਤੇ ਕਿਸੇ ਤਰ੍ਹਾਂ ਦੇ ਚਾਰਜ, ਲੀਅਨ, ਜ਼ੋਖਮ, ਜਾਇਦਾਦ ਟੈਕਸ ਬਕਾਏ, ਬਿਜਲੀ ਬਕਾਏ ਆਦਿ ਜਾਂ ਹੋਰ ਸਰਕਾਰੀ, ਲੋਕਲ ਅਥਾਰਟੀ ਜਾਂ ਕਿਸੇ ਵਿਅਕਤੀ ਦੇ ਬਕਾਏ ਬਾਰੇ ਜ਼ਿੰਮੇਵਾਰ ਨਹੀਂ ਹੋਣਗੇ। (7) ਜਨਤਕ ਨਿਲਾਮੀ ਨੋਟਿਸ/ਇਸ਼ਤਿਹਾਰ ਸੀ ਐੱਸ ਐੱਲ ਵੱਲੋਂ ਕਿਸੇ ਤਰ੍ਹਾਂ ਦੀ ਪੇਸ਼ਕਸ਼ੀ ਦੀ ਪ੍ਰਤੀਨਿਧਤਾ ਨਹੀਂ ਕਰਦਾ ਅਤੇ ਨਾ ਹੀ ਕਰੇਗਾ। ਅਧਿਕਾਰਤ ਅਫਸਰ/ਸੀ ਐੱਸ ਐੱਲ ਕਿਸੇ ਤੀਸਰੀ ਧਿਰ ਦੇ ਦਾਅਵੇ/ਅਧਿਕਾਰਾਂ/ਬਕਾਇਆਂ ਬਾਰੇ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੋਣਗੇ। ਵਿਕਰੀ ਸਰਫੇਸੀ ਐਕਟ 2002 ਅਤੇ ਰੂਲਜ਼ ਦੀਆਂ ਸ਼ਰਤਾਂ ਅਤੇ ਨਿਯਮਾਂ ਅਧੀਨ ਹੋਵੇਗੀ। (9) ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਬੋਲੀਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ (ਏ) ਟਾਈਟਲ ਅਤੇ ਸੰਬੰਧਤ ਦਸਤਾਵੇਜ਼ਾਂ ਅਤੇ (ਬੀ) ਜਾਇਦਾਦ ਅਤੇ ਸਕਿਊਰਡ ਐੱਸਟ ਅਤੇ ਸਪੈਸੀਫਿਕੇਸ਼ਨਾਂ ਦਾ ਨਿਰੀਖਣ ਕਰ ਲਵੇ। ਨਿਰੀਖਣ ਸਥਾਨ 'ਤੇ ਦਾਖਲ ਹੋਣ ਤੋਂ ਪਹਿਲਾਂ, ਇਹ ਜ਼ਰੂਰੀ ਹੈ ਕਿ ਚਾਹਵਾਨ ਖਰੀਦਦਾਰ ਆਪਣੀ ਪਛਾਣ, ਪਤਾ ਅਤੇ ਸੰਪਰਕ ਵੇਰਵੇ ਦਾਖਲਾ ਰਜਿਸਟਰਡ 'ਚ ਦਰਜ ਕਰੇ ਅਤੇ ਦਸਤਖਤਾਂ ਨਾਲ ਹੀ ਜਾਇਦਾਦ ਤੋਂ ਬਾਹਰ ਆਵੇ। (10) ਚਾਹਵਾਨ ਬੋਲੀਕਾਰ ਈ ਐੱਮ ਡੀ ਸਮੇਤ ਬੋਲੀ ਜੋ ਕਿ ਡੀ ਡੀ ਰਾਹੀਂ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਦੇ ਹੱਕ 'ਚ ਨੋਇਡਾ ਵਿਖੇ ਅਦਾਇਗੀਯੋਗ, ਉਪਰੋਕਤ ਦਰਸਾਈ ਅੰਤਮ ਮਿਤੀ 'ਤੇ ਜਾਂ ਪਹਿਲਾਂ ਜਮ੍ਹਾਂ ਕਰਵਾ ਸਕਦੇ ਹਨ। (11) ਬੋਲੀ ਸਮੇਤ ਹੋਰ ਦਸਤਾਵੇਜ਼ਾਂ ਦੇ ਅਧਿਕਾਰਤ ਅਫਸਰ ਕੋਲ ਮੋਹਰਬੰਦ ਲਿਫਾਫੇ ਜਿਸ 'ਤੇ 'ਖਰੀਦ ਲਈ ਪੇਸ਼ਕਸ਼ : ਸ੍ਰੀਮਤੀ ਸੋਨੀਆ ਬਵੇਜਾ ਪਤਨੀ ਸੁਭਾਸ਼ ਬਵੇਜਾ LAN :SMELUDNIRMLO000005002487 ਲਿਖ ਕੇ ਜਮ੍ਹਾਂ ਕਰਵਾਈ ਜਾ ਸਕਦੀ ਹੈ ਅਤੇ ਇਹ ਬੋਲੀ ਜਮ੍ਹਾਂ ਕਰਵਾਏ ਜਾਣ ਲਈ ਉਪਰੋਕਤ ਦੱਸੀ ਅੰਤਮ ਮਿਤੀ 'ਤੇ ਜਾਂ ਪਹਿਲਾਂ ਅਧਿਕਾਰਤ ਅਫਸਰ ਤੱਕ ਪਹੁੰਚਣੀ ਚਾਹੀਦੀ ਹੈ। (12) ਬੋਲੀਕਾਰ ਨੂੰ ਬੋਲੀ ਜਮ੍ਹਾਂ ਕਰਵਾਉਂਦੇ ਸਮੇਂ ਹੇਠਾਂ ਦਰਸਾਏ ਦਸਤਾਵੇਜ਼ ਜਮ੍ਹਾਂ ਕਰਵਾਉਣੇ ਪੈਣਗੇ (i) ਈ ਐੱਮ ਡੀ ਜਮ੍ਹਾਂ ਕਰਵਾਉਣ ਦਾ ਸਬੂਤ (ii) ਪੈਨ ਕਾਰਡ ਦੀ ਕਾਪੀ (iii) ਪਛਾਣ/ਪਤਾ ਸਬੂਤ/ਅਧਾਰ ਕਾਰਡ/ਕੇ ਵਾਈ ਸੀ (ਖੁਦ ਤਸਦੀਕਸ਼ੁਦਾ ਕਾਪੀਆਂ), ਜਿਨ੍ਹਾਂ ਤੋਂ ਬਗੈਰ ਬੋਲੀ ਰੱਦ ਕੀਤੀ ਜਾ ਸਕਦੀ ਹੈ (13) ਬੋਲੀਕਾਰ ਇਕੱਲਾ ਹੀ ਜਨਤਕ ਨਿਲਾਮੀ ਪ੍ਰਕਿਰਿਆ 'ਚ ਹਿੱਸਾ ਲੈ ਸਕਦਾ ਹੈ, ਕਿਸੇ ਹੋਰ ਵਿਅਕਤੀ ਨੂੰ ਅਗਿਆ ਨਹੀਂ ਹੋਵੇਗੀ। (14) ਸਫਲ ਬੋਲੀਕਾਰ ਨੂੰ ਖਰੀਦ ਰਕਮ ਦਾ 25ਫੀਸਦੀ (ਪਹਿਲਾਂ ਜਮ੍ਹਾਂ ਕਰਵਾਈ ਗਈ ਈ ਐੱਮ ਡੀ ਸਮੇਤ) ਪੇਸ਼ਕਸ਼ ਸਵੀਕਾਰ ਅਤੇ ਅਧਿਕਾਰਤ ਅਫਸਰ ਵੱਲੋਂ ਐਲਾਨ ਕੀਤੇ ਜਾਣ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ, ਅਸਫਲ ਰਹਿਣ 'ਤੇ ਜਮ੍ਹਾਂ ਈ ਐੱਮ ਡੀ ਜਬਤ ਕਰ ਲਈ ਜਾਵੇਗੀ ਤੇ ਬੋਲੀਕਾਰ ਸੀ ਐੱਸ ਐੱਲ ਫਾਇਨਾਂਸ ਲਿਮਟਿਡ ਤੋਂ ਦਾਅਵਾ ਕਰ ਸਕਦਾ ਹੈ। (15) ਖਰੀਦ ਰਕਮ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਵੱਲੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ, ਅਸਫਲ ਰਹਿਣ 'ਤੇ ਬੋਲੀਕਾਰ ਵੱਲੋਂ ਪਹਿਲਾਂ ਜਮ੍ਹਾਂ ਕਰਵਾਈ ਗਈ ਰਕਮ ਬਿਨਾਂ ਕਿਸੇ ਅਗਾਊਂ ਨੋਟਿਸ ਦੇ ਜ਼ਬਤ ਹੋ ਜਾਵੇਗੀ ਅਤੇ ਇਸ ਸੰਬੰਧੀ ਵਾਪਸੀ ਲਈ ਕੋਈ ਬੇਨਤੀ ਵਿਚਾਰੀ ਨਹੀਂ ਜਾਵੇਗੀ। ਅੱਗੇ ਜਾਇਦਾਦ ਦੀ ਮੁੜ ਵਿਕਰੀ ਕੀਤੀ ਜਾਵੇਗੀ ਅਤੇ ਅਸਫਲ ਬੋਲੀਕਾਰ ਨੂੰ ਜਾਇਦਾਦ/ਰਕਮ 'ਤੇ ਕੋਈ ਦਾਅਵਾ/ਅਧਿਕਾਰ ਨਹੀਂ ਹੋਵੇਗਾ ਅਤੇ ਉਹ ਜੇਕਰ ਮੁੜ ਵਿਕਰੀ ਹੁੰਦੀ ਹੈ ਤਾਂ ਉਸ 'ਚ ਹਿੱਸਾ ਲੈਣ ਦੀ ਆਗਿਆ ਨਹੀਂ ਹੋਵੇਗੀ। (16) ਸਕਿਊਰਡ ਐੱਸਟ ਦੀ ਵਿਕਰੀ ਦੇ ਸੰਬੰਧ 'ਚ ਬੋਲੀਕਾਰ/ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕਰਵਾਈ ਗਈ ਈ ਐੱਮ ਡੀ 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। (17) ਖਰੀਦਦਾਰ/ਸਫਲ ਬੋਲੀਕਾਰ ਨੂੰ (ਏ) ਸਟੈਂਪ ਡਿਊਟੀ/ਰਜਿਸਟਰੇਸ਼ਨ/ਤਬਾਦਲਾ ਚਾਰਜਿਜ (ਬੀ) ਸਾਰੇ ਵਿਧਾਨਕ, ਗੈਰ ਵਿਧਾਨਕ, ਕਨਵਰਸ਼ਨ, ਬਿਜਲੀ, ਸੀਵੇਜ ਚਾਰਜਿਜ, ਕੋਈ ਬਕਾਏ, ਸੈੱਸ, ਫੀਸ ਟੈਕਸ, ਰੇਟਸ, ਅਸੈੱਸਮੈਂਟ ਚਾਰਜਿਜ ਆਦਿ ਜੋ ਕਿਸੇ ਵਿਅਕਤੀ, ਐਸੋਸੀਏਸ਼ਨ ਜਾਂ ਅਥਾਰਟੀ ਦੇ ਹਨ, ਸਹਿਣ ਕਰਨੇ ਪੈਣਗੇ। (18) ਵਿਕਰੀ ਸਰਟੀਫਿਕੇਟ ਸਿਰਫ ਸਫਲ ਬੋਲੀਕਾਰ ਦੇ ਹੱਕ 'ਚ ਨਿਰਧਾਰਤ ਫਾਰਮਟ ਜਾਰੀ ਕੀਤਾ ਜਾਵੇਗਾ। (19) ਸਫਲ ਬੋਲੀਕਾਰ ਨੂੰ ਰਜਿਸਟਰੇਸ਼ਨ ਆਦਿ ਦਾ ਇੰਤਜ਼ਾਮ ਕਰਨਾ ਪਵੇਗਾ ਅਤੇ ਰਜਿਸਟਰੇਸ਼ਨ ਅਤੇ ਸਟੈਂਪ ਦੀਆਂ ਵਿਵਸਥਾਵਾਂ ਤਹਿਤ ਵਿਕਰੀ ਸਰਟੀਫਿਕੇਟ ਦੀ ਲਾਗਤ ਵੀ ਅਦਾ ਕਰਨੀ ਪਵੇਗੀ। ਸਫਲ ਬੋਲੀਕਾਰ ਨੂੰ ਆਵਾਜਾਈ, ਰਜਿਸਟਰੇਸ਼ਨ ਫੀਸ, ਸਟੈਂਪ ਡਿਊਟੀ, ਟੈਕਸ,ਫੀਸ ਆਦਿ ਦੇਣੇ ਪੈਣਗੇ (20) ਜੇਕਰ ਜਾਇਦਾਦ 'ਤੇ ਕੋਈ ਜੋਖਮ ਹੋਇਆ ਤਾਂ ਸਫਲ ਬੋਲੀਕਾਰ/ਖਰੀਦਦਾਰ ਜੋਖਮ ਨੂੰ ਚੁਕਾਉਣ ਲਈ ਲੋੜੀਂਦੀ ਰਕਮ, ਵਿਆਜ, ਲਾਗਤ, ਖਰਚੇ ਆਦਿ ਅਧਿਕਾਰਤ ਅਫਸਰ ਕੋਲ ਜਮ੍ਹਾਂ ਕਰਵਾਉਣੀ ਪਵੇਗੀ (21) ਜੇਕਰ ਜਨਤਕ ਨਿਲਾਮੀ ਰੋਕੀ ਜਾਂਦੀ ਹੈ, ਸਟੇਅ, ਮੁਲਤਵੀ ਜਾਂ ਮੁੜ ਨਿਰਧਾਰਤ ਜਾਂ ਰੱਦ ਕੀਤੀ ਜਾਂਦੀ ਹੈ ਤਾਂ ਇਸ ਬਾਰੇ ਸੀ ਐੱਸ ਐੱਲ ਬਰਾਂਚ 'ਚ ਨੋਟਿਸ ਬੋਰਡ 'ਤੇ ਦਰਸਾਇਆ ਜਾਵੇਗਾ ਅਤੇ ਇਸ ਸੰਬੰਧ 'ਚ ਕਿਸੇ ਬੋਲੀਕਾਰ ਜਾਂ ਹੋਰ ਨੂੰ ਨਿੱਜੀ/ਵਿਅਕਤੀਗਤ ਤੌਰ 'ਤੇ ਸੂਚਨਾ ਨਹੀਂ ਦਿੱਤੀ ਜਾਵੇਗੀ। (22) ਬੋਲੀਕਾਰ ਵੱਲੋਂ ਬੋਲੀ ਜਮ੍ਹਾਂ ਕਰਵਾਏ ਜਾਣ ਦਾ ਮਤਲਬ ਹੈ ਕਿ ਉਸ ਨੇ ਜਨਤਕ ਨਿਲਾਮੀ ਨਾਲ ਸੰਬੰਧਤ ਸਾਰੀਆਂ ਸ਼ਰਤਾਂ ਅਤੇ ਨਿਯਮ ਪੜ੍ਹ ਲਏ ਹਨ ਅਤੇ ਸਵੀਕਾਰ ਕਰ ਲਏ ਹਨ। (23) ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਨਿਲਾਮੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ। (24) ਅਧਿਕਾਰਤ ਅਫਸਰ ਉਚਤਮ ਬੋਲੀ/ਬੋਲੀ ਸਵੀਕਾਰ ਕਰਨ ਦਾ ਪਾਬੰਦ ਨਹੀਂ ਅਤੇ ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਜਨਤਕ ਨਿਲਾਮੀ ਲਈ ਕਿਸੇ ਪੇਸ਼ਕਸ਼ ਨੂੰ ਸਵੀਕਾਰ ਜਾਂ ਰੱਦ ਕਰਨ, ਜਨਤਕ ਨਿਲਾਮੀ ਨੂੰ ਮੁਲਤਵੀ/ਰੋਕਣ/ਰੱਦ ਕਰਨ ਦਾ ਅਧਿਕਾਰ ਪ੍ਰਾਪਤ ਹੈ। (25) ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਨਾਲ 97738-96803 'ਤੇ ਸੰਪਰਕ ਕੀਤਾ ਜਾਵੇ।

ਮਿਤੀ : 16.07.2024 — ਸਹੀ/-ਅਧਿਕਾਰਤ ਅਫਸਰ

ਸਥਾਨ : ਲੁਧਿਆਣਾ (ਪੰਜਾਬ) — ਸੀ ਐੱਸ ਐੱਲ ਫਾਇਨਾਂਸ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

16-JULY-PAGE-3.qxd 7/16/2024 10:14 PM Page 1



## ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਣ ਲਈ ਡਾ. ਸੋਹਲ ਵੱਲੋਂ ਅਧਿਕਾਰੀਆਂ ਨੂੰ ਹਦਾਇਤਾਂ



**ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ)**-ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਬਲਾਕ ਵਿਕਾਸ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਹੈ। ਵਿਧਾਇਕ ਸੋਹਲ ਬੀਤੇ ਦਿਨ ਤਰਨ ਤਾਰਨ ਬਲਾਕ ਵਿਕਾਸ ਅਧਿਕਾਰੀਆਂ ਦੀ ਇੱਕ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰ ਰਹੇ ਸਨ।ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਇਸ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਡਾ. ਸੋਹਲ ਨੇ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਸਮੇਂ ਸਿਰ ਪੂਰਾ ਕੀਤਾ ਜਾਣਾ ਹੈ।ਇਸ ਕੰਮ ਲਈ ਕਿਸੇ ਤਰ੍ਹਾਂ ਦੀ ਵੀ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਹਲਕੇ ਵਿੱਚ ਗਲੀਆਂ-ਨਾਲੀਆਂ, ਫਿਰਨੀਆਂ, ਛੱਪੜਾਂ ਦੀ ਸਫਾਈ, ਜਿਮ ਅਤੇ ਪਾਰਕਾਂ ਦੀ ਸੁਵਿਧਾ ਦੇਣ ਲਈ ਸਰਕਾਰ ਵੱਲੋਂ ਵਿਕਾਸ ਕਾਰਜ ਚੱਲ ਰਹੇ ਹਨ ਜਿਨ੍ਹਾਂ ਨੂੰ ਨਿਰਧਾਰਤ ਮਿਆਰਾਂ ਅਨੁਸਾਰ ਪੂਰਾ ਕਰਾਉਣ ਵਿਭਾਗ ਦੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਨੂੰ ਆਪਣੇ ਕਾਰਜ ਖੇਤਰ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਵੀ ਕਰਨਾ ਚਾਹੀਦਾ ਹੈ ਤਾਂ ਜੋ ਹਲਕੇ ਦੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਮਿਲ ਸਕੇ।ਬੈਠਕ ਵਿੱਚ ਵਿਧਾਇਕ ਸੋਹਲ ਦੇ ਪੀ. ਏ. ਐਡਵੋਕੇਟ ਕੋਮਲਪ੍ਰੀਤ ਸਿੰਘ, ਸਕੱਤਰ ਰਿੰਕੂ ਮਲਹੋਤਰਾ, ਸੰਦੀਪ ਕੌਰ, ਅੰਮ੍ਰਿਤ ਕੌਰ ਢਿੱਲੋਂ, ਪੇਂਡੂ ਵਿਕਾਸ ਅਫਸਰ ਅਵਤਾਰ ਸਿੰਘ, ਅਮਰਜੀਤ ਸਿੰਘ, ਸੁਪਰਡੈਂਟ ਸੁਖਰਾਜ ਸਿੰਘ ਅਤੇ ਜੇ. ਈ. ਮਨਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

## ਸਕੋਡਾ ਆਟੋ ਇੰਡੀਆ ਵੱਲੋਂ ਨਵੀਂ ਸੰਖੇਪ SUV ਦਾ ਡਿਜ਼ਾਈਨ ਪੇਸ਼

**ਅੰਮ੍ਰਿਤਸਰ**-ਸਕੋਡਾ ਆਟੋ ਇੰਡੀਆ ਜਗਰਨਾਟ ਵਿਸ਼ਵ ਪੱਧਰ 'ਤੇ ਆਪਣੀ 129ਵੀਂ ਵਰ੍ਹੇਗੰਢ ਅਤੇ ਭਾਰਤ ਵਿੱਚ 24ਵੀਂ ਵਰ੍ਹੇਗੰਢ ਦੇ ਕੰਢੇ 'ਤੇ ਹੈ।ਸਾਲ ਭਰ ਵਿੱਚ ਗਾਹਕਾਂ ਅਤੇ ਉਤਪਾਦ ਕਾਰਵਾਈਆਂ ਦੇ ਇੱਕ ਮੇਜ਼ਬਾਨ ਦੇ ਬਾਅਦ ਅਤੇ ਇੱਕ ਬਿਲਕੁਲ ਨਵੀਂ ਸੰਖੇਪ SUV ਦੇ ਐਲਾਨ ਨਾਲ 2024 ਦੀ ਸ਼ੁਰੂਆਤ ਤੋਂ ਬਾਅਦ, ਸਕੋਡਾ ਆਟੋ ਇੰਡੀਆ ਨੇ ਇਸ ਨਵੀਂ ਕਾਰ ਦੀ ਇੱਕ ਦੂਜੀ ਝਲਕ ਪ੍ਰਦਾਨ ਕੀਤੀ।ਡਿਜ਼ਾਈਨ ਟੀਜ਼ਰ ਦੇ ਰਿਲੀਜ਼ ਹੋਣ 'ਤੇ ਬੋਲਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਨਿਰਦੇਸ਼ਕ, ਪੇਟਰ ਜਨੇਬਾ ਨੇ ਕਿਹਾ ਕਿ ਅਸੀਂ 2024 ਦੀ ਸ਼ੁਰੂਆਤ ਸਾਡੀ ਸਬ-ਨਵੀਂ ਸੰਖੇਪ SUV ਦੇ ਐਲਾਨ ਨਾਲ ਕੀਤੀ ਸੀ।

2024 ਦੇ ਮੱਧ ਤੱਕ ਅਸੀਂ ਸਹੀ ਰਸਤੇ ਤੇ ਹਾਂ।ਸਾਡੀ ਸੰਖੇਪ SUV ਭਾਰਤ ਭਰ ਦੀਆਂ ਸਾਡੀਆਂ ਸੜਕਾਂ 'ਤੇ ਸਖ਼ਤ ਟੈਸਟਿੰਗ ਤੋਂ ਗੁਜ਼ਰ ਰਹੀ ਹੈ ਅਤੇ ਅਸੀਂ ਆਪਣੀਆਂ ਉਤਪਾਦਨ ਤਿਆਰੀਆਂ, ਉੱਚ ਯੋਗਤਾਵਾਂ ਅਤੇ ਗੁਣਵੱਤਾ ਵਾਲੇ ਸਥਾਨਕ ਸਪਲਾਇਰ ਪਾਰਟਨਰ ਰੈਂਪ-ਅਪਸ ਦੇ ਨਾਲ ਲਗਾਤਾਰ ਬਾਰੀਕੀਆਂ ਨੂੰ ਵਧਾ ਰਹੇ ਹਾਂ।ਨਵੀਂ ਕੰਪੈਕਟ SUV ਭਾਰਤੀ ਸੜਕਾਂ 'ਤੇ ਸਾਡੀ ਯੂਰੋਪੀਅਨ ਟੈਕਨਾਲੋਜੀ ਨੂੰ ਸੱਚਮੁੱਚ ਲੋਕਤੰਤਰੀ ਰੂਪ ਦੇਵੇਗੀ।

## ਵ੍ਹਾਈਟ ਕਾਲੋਨੀ ਤਰਨ ਤਾਰਨ ਬਾਈਪਾਸ ਕੋਲ ਬੂਟੇ ਲਗਾਉਣ ਦੀ ਸ਼ੁਰੂਆਤ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਵਾਤਾਵਰਣ ਨੂੰ ਸ਼ੁੱਧ ਕਰਨ ਲਈ ਚੱਲ ਰਹੀ ਮੁਹਿੰਮ ਤਹਿਤ ਐਤਵਾਰ ਵਾਈਟ ਕਾਲੋਨੀ ਤਰਨ ਤਾਰਨ ਬਾਈਪਾਸ ਕੋਲ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਰਣਧੀਰ ਸਿੰਘ ਮਲਹੋਤਰਾ ਵਾਈਸ ਪ੍ਰਧਾਨ ਨਗਰ ਕੌਂਸਲ ਨੇ ਦੱਸਿਆ ਕਿ ਅੱਜ ਕਾਲੋਨੀ ਵਿਚ ਦਰਜਨਾਂ ਬੂਟੇ ਲਗਾਏ ਗਏ ਹਨ ਅਤੇ ਜਲਦੀ ਹੀ ਕੁਝ ਸਾਲਾਂ ਵਿਚ ਤਾਪਮਾਨ ਨੂੰ ਫਰਕ ਪਵੇਗਾ।ਈ. ਓ. ਜਗਤਾਰ ਸਿੰਘ ਨਗਰ ਕੌਂਸਲ ਦੀ ਰਹਿਨੁਮਾਈ ਹੇਠ ਬੂਟੇ ਲਗਾਉਣ ਦੀ ਸੇਵਾ ਨਿਭਾਅ ਰਹੇ ਬਲਵਿੰਦਰ ਗਿੱਲ ਇੰਸਪੈਕਟਰ ਨਗਰ ਕੌਂਸਲ ਨੇ ਦੱਸਿਆ ਕਿ ਹੁਣ ਤੱਕ 3000 ਦੇ ਕਰੀਬ ਬੂਟੇ ਲਗਾਏ ਗਏ ਹਨ ਅਤੇ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਘੱਟੋ ਘੱਟ ਉਹ ਇਕ ਬੂਟਾ ਜ਼ਰੂਰ ਲਗਾਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਦਨ ਮੋਹਨ, ਵਰੁਣ ਸੋਨੀ, ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਜੰਡਿਆਲਾ ਪ੍ਰੈਸ ਕਲੱਬ, ਪਰਮਦੀਪ ਸਿੰਘ, ਪਰਮਜੀਤ ਸਿੰਘ, ਏ ਡੀ ਸੀ ਨਿਕਾਸ ਕੁਮਾਰ, ਈ ਓ ਜਗਤਾਰ ਸਿੰਘ, ਡੀ. ਐੱਮ. ਅੰਮ੍ਰਿਤਪਾਲ ਸਿੰਘ, ਵਿੱਕੀ, ਗੁਰਦਰਸ਼ਨ ਸਿੰਘ, ਮੰਗਤ ਰਾਮ ਨਾਹਰ ਆਦਿ ਹਾਜ਼ਰ ਸਨ।



## ਝਗੜੇ ਦੇ ਸਬੰਧ 'ਚ ਅੱਠ ਵਿਅਕਤੀਆਂ ਵਿਰੁੱਧ ਕੇਸ ਦਰਜ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਸ਼ਹਿਰ ਧਾਰੀਵਾਲ ਦੀ ਕ੍ਰਿਸ਼ਨਾ ਗਲੀ ਵਿੱਚ ਹੋਏ ਝਗੜੇ ਦੇ ਸਬੰਧ ਵਿੱਚ ਅੱਠ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਦਵਿੰਦਰ ਪ੍ਰਕਾਸ਼ ਨੇ ਦੱਸਿਆ ਕਿ ਸੌਰਵ ਸ਼ਰਮਾ ਪੁੱਤਰ ਇੰਦਰ ਪ੍ਰਕਾਸ਼ ਵਾਸੀ ਕ੍ਰਿਸ਼ਨਾ ਗਲੀ ਧਾਰੀਵਾਲ ਨੇ ਪੁਲਸ ਨੂੰ ਦੱਸਿਆ ਉਹ 29 ਜੂਨ ਸ਼ਾਮ ਨੂੰ ਕਰੀਬ 7 ਵਜੇ ਆਪਣੇ ਘਰੋਂ ਬਾਹਰ ਨਿਕਲਿਆ ਤਾਂ ਲੱਕੀ ਭਲਵਾਨ ਪੁੱਤਰ ਓਮ ਪ੍ਰਕਾਸ਼ ਵਾਸੀ ਕ੍ਰਿਸ਼ਨਾ ਗਲੀ ਨੰਬਰ 3 ਧਾਰੀਵਾਲ ਅਤੇ 7 ਹੋਰ ਅਣਪਛਾਤੇ ਵਿਅਕਤੀਆਂ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਉਸਨੂੰ ਜਖਮੀ ਕਰ ਦਿੱਤਾ। ਉਹ ਸੀਐਚਸੀ ਨੌਸ਼ਹਿਰਾ ਮੱਝਾ ਸਿੰਘ ਵਿਖੇ ਜ਼ੇਰੇ ਇਲਾਜ ਰਿਹਾ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਬਲਬੀਰ ਸਿੰਘ ਨੇ ਸੌਰਵ ਸ਼ਰਮਾ ਦੇ ਬਿਆਨਾਂ ਅਨੁਸਾਰ ਲੱਕੀ ਭਲਵਾਨ ਸਮੇਤ 7 ਹੋਰ ਅਣਪਛਾਤੇ ਵਿਅਕਤੀਆਂ ਖਿਲਾਫ਼ ਧਾਰਾ 323,324, 148,149 ਭ.ਦ ਤਹਿਤ ਮੁਕੱਦਮਾ ਦਰਜ ਕੀਤਾ ਹੈ।

## ਪਾਣੀ ਦੇ ਡਿੱਗ ਰਿਹੇ ਪੱਧਰ ਨੂੰ ਉੱਚਾ ਚੁੱਕਣ ਲਈ ਕਿਸਾਨ ਅਹਿਮ ਰੋਲ ਅਦਾ ਕਰ ਸਕਦੇ: ਕਟਾਰੂਚੱਕ



**ਪਠਾਨਕੋਟ (ਦਵਿੰਦਰ ਸਿੰਘ)**-ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਿਹੇ ਪੱਧਰ ਨੂੰ ਉਚਾ ਚੁੱਕਣ ਦੇ ਲਈ ਕਿਸਾਨ ਅਹਿਮ ਰੋਲ ਅਦਾ ਕਰ ਸਕਦੇ ਹਨ, ਜਿਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾਉਂਣ ਦੀ ਲੋੜ ਹੈ ਅਤੇ ਫਸਲਾਂ ਵਿੱਚ ਬਦਲਾਅ ਕਰਨ ਦੀ ਲੋੜ ਹੈ ਤਦ ਹੀ ਅਸੀਂ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕ ਸਕਦੇ ਹਾਂ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਆਡੀਟੋਰੀਅਮ ਨਜ਼ਦੀਕ ਟਰੱਕ ਯੂਨੀਅਨ ਸੈਲੀ ਰੋਡ ਪਠਾਨਕੋਟ ਵਿਖੇ ਲਗਾਏ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀਆਂ ਦੌਰਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਭੂਤੀ ਸ਼ਰਮਾ ਚੇਅਰਮੈਨ ਟੂਰਿਜ਼ਮ ਵਿਭਾਗ ਪੰਜਾਬ, ਸਤੀਸ਼ ਮਹਿੰਦਰੂ ਚੇਅਰਮੈਨ ਦਾ ਹਿੰਦੂ ਕੋਆਪਰੇਟਿਵ ਬੈਂਕ ਪਠਾਨਕੋਟ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਧਰਮਵੀਰ ਸਿੰਘ ਵਣ ਮੰਡਲ ਅਧਿਕਾਰੀ ਪਠਾਨਕੋਟ, ਡਾ. ਹਰਮਿੰਦਰਪਾਲ ਸਿੰਘ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਰਾਜਾ ਬਕਨੋਰ, ਭੁਪਿੰਦਰ ਸਿੰਘ, ਡਾ. ਅਮਰੀਕ ਸਿੰਘ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।ਕੈਬਨਿਟ ਮੰਤਰੀ ਪੰਜਾਬ ਕਟਾਰੂਚੱਕ ਵੱਲੋਂ ਰਿਬਨ ਕੱਟ ਕੇ ਅੱਜ ਦੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀਆਂ ਦਾ ਸ਼ੁੱਭ ਅਰੰਭ ਕੀਤਾ। ਇਸ ਮਗਰੋਂ ਉਨ੍ਹਾਂ ਆੱਡੀਟੋਰੀਅਮ ਵਿਖੇ ਪੌਦਾ ਲਗਾਇਆ।ਮੁੱਖ ਮਹਿਮਾਨ ਨੇ ਕਿਸਾਨ ਮੇਲੇ ਦੌਰਾਨ ਲਗਾਈਆਂ ਵੱਖ ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਦਾ ਨਿਰੀਖਣ ਕੀਤਾ ਅਤੇ ਵਿਭਾਗੀ ਕਾਰਜਾਂ ਦੀ ਜਾਣਕਾਰੀ ਪ੍ਰਾਪਤ ਕੀਤੀ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਅਜਿਹੇ ਕਿਸਾਨ ਮੇਲੇ ਸਮੇਂ ਦੀ ਲੋੜ ਹੈ ਤਾਂ ਜੋ ਕਿਸਾਨ ਜ਼ਿਆਦਾ ਤੋਂ ਜ਼ਿਆਦਾ ਖੇਤੀ ਦੀਆਂ ਆਧੁਨਿਕ ਤਕਨੀਕਾਂ ਤੋਂ ਜਾਣੂ ਹੋ ਸਕਣ।ਉਨ੍ਹਾਂ ਕਿਹਾ ਕਿ ਨਵੀਂਆਂ ਤਕਨੀਕਾਂ ਦਾ ਪ੍ਰਯੋਗ ਕਰਕੇ ਕਿਸਾਨ ਜਿੱਥੇ ਵਧੇਰੇ ਮੁਨਾਫਾ ਕਮਾ ਸਕਦੇ ਹਨ ਉੱਥੇ ਹੀ ਵਾਤਾਵਰਣ ਨੂੰ ਸਾਫ ਰੱਖਣ ਵਿੱਚ ਵੀ ਸਹਾਈ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਖੇਤੀ ਦੇ ਬਦਲਾਅ ਦੇ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਭੂਮੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਇਆ ਜਾ ਸਕੇ।ਉਨ੍ਹਾਂ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾ ਕੇ ਅਸੀਂ ਵਾਤਾਵਰਣ ਨੂੰ ਹਰਿਆ ਭਰਿਆ ਬਣਾਈ ਰੱਖਣ ਵਿੱਚ ਯੋਗਦਾਨ ਪਾ ਸਕਦੇ ਹਾਂ ਅਤੇ ਇਸ ਕਾਰਜ ਦੇ ਲਈ ਵਣ ਵਿਭਾਗ ਪਠਾਨਕੋਟ ਉਨ੍ਹਾਂ ਦੀ ਸਹਾਇਤਾਂ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜਿਸ ਵੀ ਕਿਸਾਨ ਨੂੰ ਜਿੰਨੇ ਵੀ ਪੌਦੇ ਚਾਹੀਦੇ ਹਨ ਉਹ ਵਣ ਵਿਭਾਗ ਨਾਲ ਸੰਪਰਕ ਕਰਕੇ ਪੌਦੇ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਖੁਸ਼ੀ ਦੀ ਗੱਲ ਹੈ ਕਿ ਪਹਿਲਾਂ ਖੇਤੀ ਦੇ ਨਾਲ ਨਾਲ ਕੀਤੇ ਜਾਣ ਵਾਲੇ ਸਹਾਇਕ ਧੰਦਿਆਂ ਦੀ ਟ੍ਰੇਨਿੰਗ ਦੇ ਲਈ ਕਿਸਾਨਾਂ ਨੂੰ ਦੂਸਰੇ ਜ਼ਿਲ੍ਹਿਆਂ ਵਿੱਚ ਜਾਣਾ ਪੈਂਦਾ ਸੀ ਅਤੇ ਹੁਣ ਜਲਦੀ ਹੀ ਪੰਜਾਬ ਸਰਕਾਰ ਦੇ ਉਪਰਾਲਿਆਂ ਸਦਕਾ ਪਰਮਾਨੰਦ ਵਿਖੇ ਇੱਕ ਟ੍ਰੇਨਿੰਗ ਸੈਂਟਰ ਤਿਆਰ ਕੀਤਾ ਜਾ ਰਿਹਾ ਹੈ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਨੇ ਬੱਚਿਆਂ ਦਾ ਇਕ ਰੋਜ਼ਾ ਟੂਰ ਕਰਵਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਡਾਇਰੈਕਟਰ ਅਮਰਜੀਤ ਸਿੰਘ ਅਤੇ ਪ੍ਰਿੰ. ਕਿਰਨ ਕੇਸਰ ਦੀ ਅਗਵਾਈ ਹੇਠ ਸਕੂਲ ਦੀ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦਾ ਇਕ ਰੋਜ਼ਾ ਟੂਰ ਆਯੋਜਿਤ ਕੀਤਾ ਗਿਆ। ਇਸ ਸਬੰਧੀ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਨੇ ਦੱਸਿਆ ਕਿ ਇਸ ਟੂਰ ਦੌਰਾਨ ਵਿਦਿਆਰਥੀਆਂ ਨੂੰ 'ਫਨ ਇਨ ਸਨ ਕਲੱਬ' ਗੁਰਦਾਸਪੁਰ ਲੈ ਕੇ ਜਾਇਆ ਗਿਆ। ਉਨ੍ਹਾਂ ਨੇ 'ਫਨ ਇਨ ਸਨ ਕਲੱਬ' ਵਿਚਲੇ ਵਾਟਰ ਪਾਰਕ ਵਿੱਚ ਤੈਰਨ ਦਾ ਖੂਬ ਆਨੰਦ ਮਾਣਿਆ, ਵਿਦਿਆਰਥੀ ਪਾਣੀ ਵਿੱਚ ਤੈਰ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਟੂਰ ਦਾ ਇਹ ਸਮਾਂ ਬਹੁਤ ਹੀ ਵਧੀਆ ਗੁਜ਼ਾਰਿਆ। ਪ੍ਰਿੰ. ਕਿਰਨ ਕੇਸਰ ਨੇ ਕਿਹਾ ਪੜ੍ਹਾਈ ਦੇ ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੇ ਟੂਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਜਿਹੇ ਟੂਰ ਨਾਲ ਵਿਦਿਆਰਥੀਆਂ ਵਿੱਚ ਆਪਸੀ ਸਹਿਯੋਗ ਅਤੇ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਵਿਦਿਆਰਥੀ ਨੈਤਿਕ ਕਦਰਾਂ-ਕੀਮਤਾਂ ਨੂੰ ਸਿੱਖਦੇ ਹਨ। ਉਨ੍ਹਾਂ ਦੱਸਿਆ ਸਕੂਲ ਵੱਲੋਂ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਸਮੇਂ-ਸਮੇਂ 'ਤੇ ਜਾਰੀ ਰਹਿਣਗੇ ਤਾਂ ਕਿ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਹੋ ਸਕੇ।

## ਬਾਬਾ ਸ਼ਾਹ ਜੀ ਦੇ ਜੋੜ ਮੇਲੇ 'ਤੇ ਪਲੇਠਾ ਕਬੱਡੀ ਕੱਪ

**ਮਜੀਠਾ (ਸੋਇਮ ਆਨੰਦ)**-ਪਹਿਲਾ ਕਬੱਡੀ ਕੱਪ ਪਿੰਡ ਸ਼ੇਖੂਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਨੌਜਵਾਨ ਭਲਾਈ ਸਭਾ ਸ਼ੇਖੂਪੁਰ ਕਲਾਂ ਅਤੇ ਸ਼ੇਖੂਪੁਰ ਖੁਰਦ ਵੱਲੋਂ ਸਾਂਝੇ ਤੌਰ 'ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਸ਼ਾਹ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਕਰਵਾਇਆ ਗਿਆ।ਇਸ ਦੌਰਾਨ ਬਾਬਾ ਸ੍ਰੀਚੰਦ ਕਬੱਡੀ ਕਲੱਬ ਢਡਿਆਲਾ ਨੱਤ ਅਤੇ ਕੋਟ ਹਮਜ਼ਾ ਦੀਆਂ ਛੋਟੇ ਬੱਚਿਆਂ ਦੀਆਂ ਕਬੱਡੀ ਟੀਮਾਂ ਅਤੇ ਬਾਬਾ ਸ੍ਰੀਚੰਦ ਕਬੱਡੀ ਕਲੱਬ ਢਡਿਆਲਾ ਨੱਤ ਅਤੇ ਗੁਰੂ ਅੰਗਦ ਦੇਵ ਕਬੱਡੀ ਕਲੱਬ ਖਡੂਰ ਸਾਹਿਬ ਦੀਆਂ ਟੀਮਾਂ ਵਿਚਕਾਰ ਪ੍ਰਦਰਸ਼ਨੀ ਕਬੱਡੀ ਮੈਚ ਕਰਵਾਏ ਗਏ। ਦੋਵੇਂ ਮੈਚਾਂ 'ਚ ਬਾਬਾ ਸ੍ਰੀਚੰਦ ਕਬੱਡੀ ਕਲੱਬ ਦੇ ਖਿਡਾਰੀਆਂ ਵੱਲੋਂ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਜਿੱਤ ਦਰਜ ਕੀਤੀ ਗਈ।ਇਸ ਮੌਕੇ ਇਨਾਮ ਵੰਡ ਸਮਾਗਮ ਵੀ ਕਰਵਾਇਆ ਗਿਆ ਜਿਸ ਵਿੱਚ ਜੇਤੂ ਟੀਮ ਦੇ ਖਿਡਾਰੀਆਂ ਨੂੰ ਇਨਾਮ ਦਾ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾਕਟਰ ਰਜੇਸ਼ਵਰ ਸਿੰਘ ਨੇ ਪ੍ਰਬੰਧਕ ਕਮੇਟੀ ਵੱਲੋਂ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਅਤੇ ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂ ਦਾ ਇਸ ਕਬੱਡੀ ਕੱਪ ਨੂੰ ਕਾਮਯਾਬ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਨੌਜਵਾਨ ਭਲਾਈ ਸਭਾ, ਸ਼ੇਖੂਪੁਰ ਕਲਾਂ ਅਤੇ ਖੁਰਦ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਲਵਪ੍ਰੀਤ ਸਿੰਘ ਠੇਕੇਦਾਰ, ਪਲਵਿੰਦਰ ਸਿੰਘ, ਹਰਕੀਰਤ ਸਿੰਘ, ਹਰਵਿੰਦਰ ਸਿੰਘ ਮਾਨ ਫੌਜੀ, ਸ਼ਿਵਚਰਨ ਸਿੰਘ ਬੱਲ (ਸਰਪੰਚ) ਸ਼ੇਖੂਪਰ ਖੁਰਦ, ਮਾਸਟਰ ਨਿਰਮਲ ਸਿੰਘ, ਬਲਵਿੰਦਰ ਸਿੰਘ ਬੱਲ (ਸਾਬਕਾ ਸਰਪੰਚ), ਨਿਸ਼ਾਨ ਸਿੰਘ ਫੌਜੀ, ਰੋਹਿਤ ਸਿੰਘ ਫੌਜੀ, ਰੋਜ਼ੀ ਬੱਲਪੁਰੀਆਂ (ਸਾਬਕਾ ਚੇਅਰਮੈਨ), ਪ੍ਰਭ ਸਰਪੰਚ ਘਸੀਟਪੁਰ ਅਤੇ ਲੱਖਣ ਪਹਿਲਵਾਨ ਢਡਿਆਲਾ ਨੱਤ ਹਾਜ਼ਰ ਸਨ।



## ਸਵੈ-ਸੇਵੀ ਸੰਸਥਾ ਵਾਇਸ ਆਫ ਧਾਰੀਵਾਲ ਨੇ ਰੁੱਖ ਲਗਾਏ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਵੈ ਸੇਵੀ ਸੰਸਥਾ ਵਾਇਸ ਆਫ਼ ਧਾਰੀਵਾਲ ਵਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਨੂੰ ਜਾਂਦੀਆਂ ਸੜਕਾਂ ਦੇ ਕਿਨਾਰਿਆਂ ਤੇ ਫੁੱਲਦਾਰ ਅਤੇ ਛਾਂਦਾਰ ਬੂਟੇ ਲਗਾ ਕੇ ਵਾਤਾਵਰਣ ਸੰਭਾਲਣ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਵਾਇਸ ਆਫ਼ ਧਾਰੀਵਾਲ ਪ੍ਰਧਾਨ ਚਰਨ ਸਿੰਘ ਚਾਹਲ ਰਿਟਾ. ਐੱਸ.ਪੀ. ਅਤੇ ਸ੍ਰੀ ਗੁਰੂ ਅਰਜਨ ਦੇਵ ਵੈਲਫੇਅਰ ਸੁਸਾਇਟੀ ਬੇਦੀ ਕਾਲੋਨੀ ਧਾਰੀਵਾਲ ਦੇ ਪ੍ਰਧਾਨ ਕੁਲਬੀਰ ਸਿੰਘ ਰਿਆੜ ਨੇ ਦੱਸਿਆ ਕਿ ਸਾਡੀਆਂ ਸੰਸਥਾਵਾਂ ਵੱਲੋਂ 2014 ਤੋਂ ਬੂਟੇ ਲਗਾਉਣ ਦਾ ਹੰਭਲਾ ਮਾਰਿਆ ਜਾ ਰਿਹਾ ਹੈ। ਉਨ੍ਹਾਂ ਨੇ ਇਸ ਸਾਲ ਵੀ 500 ਰੁੱਖ ਲਗਾਉਣ ਦਾ ਟੀਚਾ ਮਿੱਥਿਆ ਹੈ। ਉਨ੍ਹਾਂ ਦੱਸਿਆ ਕਿ ਗੁੱਜਰ ਭਾਈਚਾਰੇ ਦੇ ਪਸ਼ੂ ਵੱਡੀ ਗਿਣਤੀ ਵਿੱਚ ਲੱਗੇ ਰੁੱਖਾਂ ਨੂੰ ਨਸ਼ਟ ਕਰ ਦਿੰਦੇ ਹਨ। ਇਸ ਸਬੰਧੀ ਕਈ ਵਾਰ ਪ੍ਰਸ਼ਾਸ਼ਨ ਦੇ ਧਿਆਨ ਵਿੱਚ ਲਿਆਂਦਾ ਗਿਆ ਪਰ ਪੁਲਸ ਪ੍ਰਸ਼ਾਸ਼ਨ ਗੁੱਜਰ ਭਾਈਚਾਰੇ ਦੇ ਪਸ਼ੂਆਂ ਨੂੰ ਸਰਵਜਨਿਕ ਥਾਂਵਾ ਦੇ ਚਰਾਉਣ ਤੋਂ ਰੋਕਣ ਲਈ ਨਾਕਾਮ ਸਾਬਿਤ ਹੋਇਆ। ਇਸ ਮੌਕੇ ਬਲਾਕ ਅਫਸਰ ਲਖਵਿੰਦਰ ਸਿੰਘ, ਮੈਡਮ ਚਾਹਲ ਅਤੇ ਛੋਟੀ ਬੱਚੀ ਧਾਨਿਸ਼ਟਾ ਆਦਿ ਨੇ ਰੁੱਖ ਲਗਾਏ।

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦਫਤਰ ਦੇ ਚੁਗਿਰਦੇ 'ਚ ਪੌਦੇ ਲਗਾਏ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੰਜਾਬ ਸਰਕਾਰ ਦੀ ਹਰਿਆਵਲ ਮੁਹਿੰਮ ਨੂੰ ਸਹਿਯੋਗ ਕਰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਆਈਏਐੱਸ ਦੇ ਦਿਸ਼ਾ ਨਿਰਦੇਸ਼ ਤਹਿਤ ਮੁੱਖ ਖੇਤੀਬਾੜੀ ਅਫਸਰ, ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂ ਅਤੇ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੱਟੀ ਦੇ ਸਮੂਹ ਸਟਾਫ ਨੇ ਮਾਰਕੀਟ ਕਮੇਟੀ ਸਥਿਤ ਖੇਤੀਬਾੜੀ ਦਫਤਰ ਦੇ ਚੁਗਿਰਦੇ ਵਿੱਚ 50 ਫਲਦਾਰ ਅਤੇ ਸਜਾਵਟੀ ਪੌਦੇ ਲਗਾਏ।ਪੌਦੇ ਲਗਾਉਣ ਦੀ ਰਸਮੀ ਸ਼ੁਰੂਆਤ ਕਰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਰੁੱਖ ਅਤੇ ਮਨੁੱਖ ਦਾ ਗੂੜ੍ਹਾ ਰਿਸ਼ਤਾ ਹੈ।ਇਸ ਲਈ ਹਰੇਕ ਨਾਗਰਿਕ ਨੂੰ ਆਪਣਾ ਫਰਜ਼ ਸਮਝਦੇ ਹੋਏ ਜਿੱਥੇ ਨਵੇਂ ਪੌਦੇ ਲਗਾਉਣੇ ਚਾਹੀਦੇ ਹਨ ਉਥੇ ਪਹਿਲਾਂ ਲਗਾਏ ਪੌਦੇ ਅਤੇ ਰੁੱਖਾਂ ਦੀ ਸਾਂਭ-ਸੰਭਾਲ ਵੀ ਕਰਨੀ ਚਾਹੀਦੀ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਵਣ ਵਿਭਾਗ ਦੀ ਸਹਾਇਤਾ ਨਾਲ ਹਰ ਕਿਸਾਨ ਦੇ ਟਿਊਬਵੈਲ ਦੇ ਆਸ-ਪਾਸ ਪੰਜ ਰੁੱਖ ਲਗਾਉਣ ਦੀ ਯੋਜਨਾ ਹੈ ਜਿਸ ਦੇ ਲਈ ਕਿਸਾਨ ਇਲਾਕੇ ਦੇ ਸਰਕਲ ਅਧਿਕਾਰੀ ਨਾਲ ਤਾਲਮੇਲ ਬਿਠਾ ਕੇ ਨੇਕ ਕਾਰਜ ਨੂੰ ਨੇਪਰੇ ਚਾੜ੍ਹਨ।ਇਸ ਮੌਕੇ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਪੱਟੀ ਨੇ ਕਿਹਾ ਕਿ ਰੁੱਖ ਕੁਦਰਤ ਦਾ ਸੰਤੁਲਨ ਬਣਾ ਕੇ ਰੱਖਦੇ ਹਨ।ਜਿੱਥੇ ਇਹ ਮਿੱਟੀ-ਘੱਟੇ ਅਤੇ ਜ਼ਹਿਰੀਲੀਆਂ ਗੈਸਾਂ ਦੇ ਪ੍ਰਦੂਸ਼ਣ ਨੂੰ ਆਪਣੇ ਵਿੱਚ ਸੋਖਦੇ ਹਨ ਉਥੇ ਵੱਡੀ ਮਾਤਰਾ ਵਿੱਚ ਸਾਫ ਹਵਾ ਦਿੰਦੇ ਹਨ ਜੋ ਮਨੁੱਖ ਅਤੇ ਦੂਜੇ ਜੀਵ ਜੰਤੂਆਂ ਲਈ ਬਹੁਤ ਜ਼ਰੂਰੀ ਹੈ।ਰੁੱਖ ਮੀਂਹ ਵਰਸਾਉਣ ਅਤੇ ਨਾਲ ਹੀ ਨਾਲ ਹਨੇਰੀਆਂ ਅਤੇ ਹੜ੍ਹਾਂ ਦੀ ਰੋਕਥਾਮ ਵਿੱਚ ਵੀ ਬਹੁਤ ਮਦਦਗਾਰ ਹੁੰਦੇ ਹਨ।ਇਸ ਲਈ ਸਭ ਨੂੰ ਰੁੱਖਾਂ ਦੀ ਗਿਣਤੀ ਵਧਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ।ਇਸ ਮੌਕੇ ਪੀਡੀ ਵਿਕਰਮ ਸੂਦ, ਸੰਦੀਪ ਸਿੰਘ ਏਡੀਓ, ਗੁਰਬਰਿੰਦਰ ਸਿੰਘ ਏਡੀਓ, ਹਰਮਨਦੀਪ ਕੌਰ ਏਡੀਓ, ਮਨਮੋਹਨ ਸਿੰਘ ਏਈਓ, ਅਮਨਦੀਪ ਸਿੰਘ ਏਈਓ, ਦਇਆਪ੍ਰੀਤ ਸਿੰਘ ਏਈਓ, ਬੀਟੀਐੱਮ ਗੁਰਪ੍ਰੀਤ ਸਿੰਘ, ਨਿਸ਼ਾਨ ਸਿੰਘ ਖੇਤੀ ਉਪ ਨਿਰੀਖਕ, ਗੁਰਦੇਵ ਸਿੰਘ ਸਹਾਇਕ ਤਕਨੀਕੀ ਪ੍ਰਬੰਧਕ, ਦਿਲਬਾਗ ਸਿੰਘ ਫੀਲਡ ਵਰਕਰ, ਬਿਕਰਮ ਸਿੰਘ, ਹਰਜਿੰਦਰ ਕੌਰ, ਪ੍ਰਗਟ ਸਿੰਘ, ਹਰਦੀਪ ਸਿੰਘ, ਕੁਲਦੀਪ ਸਿੰਘ ਅਤੇ ਸੁਭਾਸ਼ ਚੰਦਰ ਸ਼ਾਮਿਲ ਹੋਏ।



## ਮਾਪਿਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵਿਖੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦੇ ਮਾਪਿਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਦੂਜੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਮਾਪਿਆਂ ਨੇ ਭਾਗ ਲਿਆ।ਪ੍ਰਿੰ. ਸਤਵੰਤ ਸਿੰਘ ਬੈਂਸ ਨੇ ਆਏ ਹੋਏ ਮਾਪਿਆਂ ਦਾ ਸਵਾਗਤ ਕੀਤਾ।ਸਕੂਲ ਦੀਆਂ ਪ੍ਰਾਪਤੀਆਂ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਇੱਕ ਪੀ. ਪੀ. ਟੀ. ਮਾਪਿਆਂ ਨਾਲ ਸਾਂਝੀ ਕੀਤੀ ਗਈ।ਪ੍ਰਿੰ. ਬੈਂਸ ਨੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਤੋਂ ਸਕੂਲ ਦੀ ਬਿਹਤਰੀ ਲਈ ਸੁਝਾਅ ਮੰਗੇ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਦੀ ਵਚਨਬੱਧਤਾ ਪ੍ਰਗਟਾਈ।ਉਨ੍ਹਾਂ ਨੇ ਮਾਪਿਆਂ ਨਾਲ ਐੱਨਈਪੀ ਨੂੰ ਲਾਗੂ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਸਿਖਾਉਣਾ ਕੇਵਲ ਅਧਿਆਪਕਾਂ ਦੀ ਹੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਮਾਪੇ ਵੀ ਇਸ ਵਿੱਚ ਯੋਗਦਾਨ ਪਾ ਸਕਦੇ ਹਨ।ਮਾਪੇ ਬੱਚਿਆਂ ਨੂੰ ਘਰ ਵਿੱਚ ਭਾਸ਼ਾ ਦੀ ਵਰਤੋਂ, ਬਜ਼ੁਰਗਾਂ ਦੇ ਨਾਲ-ਨਾਲ ਅਧਿਆਪਕਾਂ ਦਾ ਸਤਿਕਾਰ, ਵਿਦਿਆਰਥੀਆਂ ਵਿੱਚ ਸਵੈ-ਅਨੁਸ਼ਾਸਨ, ਸਵੇਰ ਦਾ ਨਾਸ਼ਤਾ ਅਤੇ ਮਾਤਾ-ਪਿਤਾ ਦੁਆਰਾ ਡਾਇਰੀ ਦੀ ਜਾਂਚ ਆਦਿ ਮਾਮਲਿਆਂ ਵਿੱਚ ਵੀ ਮਾਰਗਦਰਸ਼ਨ ਦੇ ਸਕਦੇ ਹਨ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੀ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ, ਮੈਂਬਰ ਇੰਚਾਰਜ ਨਵਜੋਤ ਸਿੰਘ ਅਤੇ ਰਣਦੀਪ ਸਿੰਘ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦਾ ਮਾਰਗਦਰਸ਼ਨ ਕਰਨ ਲਈ ਅਧਿਆਪਕਾਂ ਦਾ ਸਾਥ ਦੇਣ।




## ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਲਈ ਸੰਗਤ ਸਹਿਯੋਗ ਕਰੇ : ਨਰਿੰਦਰ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪਿਛਲੇ ਸਮੇਂ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿੱਚ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਇਹਨਾਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਯਤਨਸ਼ੀਲ ਹਨ ਫਿਰ ਵੀ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜਿਨ੍ਹਾਂ ਨੂੰ ਰੋਕਣ ਲਈ ਅਧਿਕਾਰੀਆਂ ਨੇ ਸੇਵਾਦਾਰਾਂ ਨਾਲ ਇਕੱਤਰਤਾ ਕੀਤੀ ਤੇ ਸੇਵਾਦਾਰਾਂ ਨੂੰ ਜਿਥੇ ਸ਼ਰਧਾਲੂਆਂ ਨਾਲ ਸਹੀ ਢੰਗ ਨਾਲ ਪੇਸ਼ ਆਉਣ ਦੀ ਹਦਾਇਤ ਕੀਤੀ ਉਥੇ ਮਰਿਆਦਾ ਦਾ ਪਾਠ ਵੀ ਪੜ੍ਹਾਇਆ।ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਦੇ ਮੈਨੇਜਰ ਨਰਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ ਤੇ ਸੇਵਾਦਾਰਾਂ ਨਾਲ ਹਰ ਹਫਤੇ ਇਕੱਤਰਤਾ ਕੀਤੀ ਜਾਵੇਗੀ।ਪਰਕਰਮਾ ਵਿੱਚ ਜਿਹੜੇ ਸੇਵਾਦਾਰ ਸੇਵਾ ਕਰਦੇ ਹਨ ਉਨਾਂ ਦੀਆਂ ਤਕਲੀਫਾਂ ਸੁਣਨ ਤੇ ਸੁਝਾਅ ਨੋਟ ਕਰਨ ਲਈ ਆਦੇਸ਼ ਦਿੱਤੇ ਹਨ।ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਫੋਟੋਗਰਾਫੀ ਤੇ ਵੀਡੀਓਗਰਾਫੀ ਕਰਨ ਤੋਂ ਗੁਰੇਜ਼ ਕਰਨ। ਜੇਕਰ ਸੇਵਾਦਾਰ ਪਿਆਰ ਤੇ ਸਤਿਕਾਰ ਨਾਲ ਰੋਕਦੇ ਹਨ, ਉਨ੍ਹਾਂ ਨਾਲ ਦੁਰਵਿਹਾਰ ਕਰਨ ਦੀ ਬਜਾਏ ਸਹਿਯੋਗ ਕੀਤਾ ਜਾਵੇ।ਜੇਕਰ ਫਿਰ ਵੀ ਕਿਸੇ ਸ਼ਰਧਾਲੂ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਆਪਣੀ ਸ਼ਕਾਇਤ/ਸੁਝਾਅ ਕਈ ਥਾਵਾਂ 'ਤੇ ਲੱਗੇ ਬਕਸਿਆਂ ਵਿੱਚ ਪਾ ਸਕਦੇ ਹਨ ਜਾਂ ਫਿਰ ਸਕੱਤਰ/ ਮੈਨੇਜਰ ਦੇ ਧਿਆਨ ਵਿੱਚ ਫੋਨ ਰਾਹੀਂ ਜਾਂ ਫਿਰ ਈ ਮੇਲ ਰਾਹੀਂ ਲਿਆ ਸਕਦੇ ਹਨ।ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆ ਪਰਕਰਮਾ ਵਿੱਚ ਕਿਸੇ ਪ੍ਰਕਾਰ ਦੀ ਫਿਲਮ ਬਣਾਉਣ 'ਤੇ ਰੋਕ ਲਗਾਈ ਗਈ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਲਈ ਸਮੂਹ ਸੰਗਤਾਂ ਕੋਲੋ ਪ੍ਰਬੰਧਕ ਸਹਿਯੋਗ ਦੀ ਆਸ ਰੱਖਦੇ ਹਨ।

## ਨੈਸ਼ਨਲ ਪੱਧਰੀ ਬਾਸਕਿਟਬਾਲ ਮੁਕਾਬਲਿਆਂ 'ਚ ਤਿੰਨ ਗੋਲਡ ਮੈਡਲ ਜਿੱਤੇ

**ਧਾਰੀਵਾਲ,(ਮਨਦੀਪ ਸਿੰਘ ਵਿੱਕੀ)**-ਗੁਰੂ ਤੇਗ ਬਹਾਦਰ ਇੰਟਨੈਸ਼ਨਲ ਸਕੂਲ ਦੇ ਤਿੰਨ ਵਿਦਿਆਰਥੀਆਂ ਨੇ ਬਾਸਕਿਟਬਾਲ (ਅੰਡਰ 17) ਦੇ ਨੈਸ਼ਨਲ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਗੋਲਡ ਮੈਡਲ ਜਿੱਤੇ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਿਸ ਵਿੱਚ ਟੀਮ ਵਿੱਚ ਗੁਰੂ ਤੇਗ ਬਹਾਦੁਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ ਦੇ 3 ਵਿਦਿਆਰਥੀਆਂ ਜਸ਼ਨਪ੍ਰੀਤ ਸਿੰਘ ਕਲਾਸ 10ਵੀਂ, ਯੁਵਰਾਜ ਛਾਬਾ ਕਲਾਸ 10ਵੀਂ ਅਤੇ ਗੁਰਨੂਰ ਸਿੰਘ ਕਲਾਸ 9ਵੀਂ ਦੀ ਚੋਣ ਹੋਈ। ਇਸ ਸਬੰਧੀ ਸਕੂਲ ਦੇ ਚੇਅਰਮੈਨ ਤਰਸੇਮ ਸਿੰਘ ਅਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਨੇ ਦੱਸਿਆ ਕਿ ਆਲ ਇੰਡੀਆ ਯੂਥ ਸਪੋਰਟਸ ਅਤੇ ਐਕਟੀਵਿਟੀ ਐਸੋਸੀਏਸ਼ਨ ਗੋਆ ਵੱਲੋਂ ਨੈਸ਼ਨਲ ਪੱਧਰੀ ਬਾਸਕਿਟਬਾਲ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਦੀ ਅੰਡਰ 17 (ਉਮਰ ਵਰਗ) ਟੀਮ ਵਿੱਚ ਗੁਰੂ ਤੇਗ ਬਹਾਦੁਰ ਇੰਟਨੈਸ਼ਨਲ ਸਕੂਲ ਦੇ ਤਿੰਨ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਗੋਲਡ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ 8 ਰਾਜਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਪੰਜਾਬ ਦੀ ਬਾਸਕਿਟਬਾਲ ਦੀ ਅੰਡਰ 17 ਟੀਮ ਵਿੱਚ ਗੁਰੂ ਤੇਗ ਬਹਾਦੁਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ ਦੇ 3 ਵਿਦਿਆਰਥੀਆਂ ਜਸ਼ਨਪ੍ਰੀਤ ਸਿੰਘ ਕਲਾਸ 10ਵੀਂ, ਯੁਵਰਾਜ ਛਾਬਾ ਕਲਾਸ 10ਵੀਂ ਅਤੇ ਗੁਰਨੂਰ ਸਿੰਘ ਕਲਾਸ 9ਵੀਂ ਦੀ ਚੋਣ ਹੋਈ। ਇਨ੍ਹਾਂ ਖਿਡਾਰੀਆਂ ਨੇ ਨੈਸ਼ਨਲ ਪੱਧਰ ਬਾਸਕਿਟਬਾਲ ਮੁਕਾਬਲੇ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਅਤੇ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਸਕੂਲ ਪਹੁੰਚਣ ਤੇ ਵਿਦਿਆਰਥੀਆਂ ਦਾ ਤਾੜੀਆਂ ਦੀ ਗੂੰਜ ਨਾਲ ਨਿੱਘਾ ਸਵਾਗਤ ਕੀਤਾ ਗਿਆ ਤੇ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਕਮੇਟੀ ਪ੍ਰਬੰਧਕ ਕਮੇਟੀ ਨੇ ਗੋਲਡ ਮੈਡਲ ਪ੍ਰਾਪਤ ਖਿਡਾਰੀਆਂ ਅਤੇ ਬਾਸਕਿਟਬਾਲ ਕੋਚ ਸਿਮਰਨਜੀਤ ਸਿੰਘ ਗੁਰਦਾਸਪੁਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਾਮਯਾਬੀ ਕੋਚ ਵਲੋਂ ਵਿਦਿਆਰਥੀਆਂ ਨੂੰ ਪੂਰੀ ਲਗਨ ਨਾਲ ਕਰਵਾਈ ਸਖ਼ਤ ਮਿਹਨਤ ਦਾ ਨਤੀਜਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਨੇ ਪਹਿਲਾ ਸਥਾਨ ਹਾਸਲ ਕਰ ਕੇ ਟਰੌਫੀ ਅਤੇ ਗੋਲਡ ਮੈਡਲਾਂ ਤੇ ਕਬਜਾ ਕੀਤਾ, ਦੂਸਰੇ ਸਥਾਨ ਤੇ ਗੋਆ ਦੀ ਟੀਮ ਅਤੇ ਤੀਸਰੇ ਸਥਾਨ ਤੇ ਕੇਰਲਾ ਦੀ ਟੀਮ ਰਹੀ। ਇਸ ਮੌਕੇ ਸਪੋਰਟਸ ਇੰਚਾਰਜ ਲਵਦੀਪ ਸਿੰਘ, ਮੈਡਮ ਪ੍ਰਭਜੋਤ ਕੌਰ, ਸੋਨੀਆ ਤੇ ਰਣਦੀਪ ਕੌਰ ਵੀ ਹਾਜ਼ਰ ਸਨ।



## ਅਰਸ਼ਦੀਪ ਕੌਰ ਵੱਲੋਂ ਆਈਲੈਟਸ 'ਚ 7.5 ਬੈਂਡ ਹਾਸਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਇਲਾਕੇ ਦੀ ਨਾਮਵਰ ਸੰਸਥਾ ਇੰਪੀਰੀਆ ਇੰਸਟੀਚਿਊਟ, ਗੋਇੰਦਵਾਲ ਸਾਹਿਬ ਡਾ. ਰਮਨਦੀਪ ਕੌਰ ਰੰਧਾਵਾ ਦੇ ਦਿਸ਼ਾ ਨਿਰਦੇਸ਼ ਹੇਠ ਚੱਲ ਰਹੀ ਹੈ, ਜਿਨ੍ਹਾਂ ਨੇ ਖੁਦ ਵੀ ਆਈਲੈਟਸ ਦੇ ਰੀਡਿੰਗ ਵਿੱਚ 9 ਬੈਂਡ ਅਤੇ ਓਵਰਆਲ 8.5 ਬੈਂਡ ਹਾਸਲ ਕੀਤੇ ਹੋਏ ਹਨ।ਇਸ ਸੰਸਥਾ ਦੀ ਵਿਦਿਆਰਥਣ ਅਰਸ਼ਦੀਪ ਕੌਰ ਸਪੁੱਤਰੀ ਬਲਕਾਰ ਸਿੰਘ ਜੋ ਕਿ ਪਿੰਡ ਝੰਡੇਰ ਦੀ ਰਹਿਣ ਵਾਲੀ ਹੈ, ਨੇ ਆਈਲੈਟਸ ਵਿੱਚ 7.5 ਬੈਂਡ ਲਿਸਨਿੰਗ ਅਤੇ ਰੀਡਿੰਗ ਵਿੱਚੋਂ ਅਤੇ ਓਵਰਆਲ 7.0 ਬੈਂਡ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਸੰਸਥਾ ਦੇ ਇੰਚਾਰਜ ਵਿਪਿਨ ਕੁਮਾਰ ਅਤੇ ਉੱਚਕੋਟੀ ਦੇ ਅਧਿਆਪਕ ਜੋ ਕਿ ਆਈਲੈਟਸ ਵਿੱਚ 8 ਬੈਂਡ ਤੋਂ ਵੱਧ ਹਾਸਲ ਕਰ ਚੁੱਕੇ ਹਨ ਅਤੇ ਮਾਸਟਰ ਡਿਗਰੀ ਹੋਲਡਰ ਹਨ, ਦੀ ਯੋਗ ਅਗਵਾਈ ਨੂੰ ਜਾਂਦਾ ਹੈ।ਉਨ੍ਹਾਂ ਅਰਸ਼ਦੀਪ ਕੌਰ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਾਡੀ ਸੰਸਥਾ ਵਿਦਿਆਰਥੀਆਂ ਨੂੰ ਕਾਮਯਾਬ ਕਰਨ ਲਈ ਵਚਨਬੱਧ ਰਹੇਗੀ।

## ਓ ਬੀ ਸੀ ਐਸੋਸੀਏਸ਼ਨ ਦੇ ਸਾਬਕਾ ਜ਼ੋਨਲ ਪ੍ਰਧਾਨ, ਡਿਪਟੀ ਸੀ ਪੀ ਓ ਐਸ ਪੀ ਮੰਡਲ, ਚੀਫ ਸੁਪਰਡੈਂਟ ਤੇ ਉਨ੍ਹਾਂ ਦੇ ਪਰਵਾਰ ਸਨਮਾਨਤ

**ਫਗਵਾੜਾ (ਜਗਵਿੰਦਰ ਢੱਡਾ)** ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਰਜਿ. ਰੇਲ ਕੋਚ ਫੈਕਟਰੀ, ਕਪੂਰਥਲਾ ਵੱਲੋਂ ਬਹੁਜਨ ਸਮਾਜ ਵਿੱਚ ਪੈਦਾ ਹੋਏ ਮਹਾਪੁਰਖਾਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਓ.ਬੀ.ਸੀ ਐਸੋਸੀਏਸ਼ਨ ਦੇ ਸਾਬਕਾ ਜ਼ੋਨਲ ਪ੍ਰਧਾਨ ਉਮਾਸ਼ੰਕਰ ਸਿੰਘ, ਡਿਪਟੀ ਸੀ.ਪੀ.ਓ. ਐੱਸ. ਪੀ. ਮੰਡਲ ਅਤੇ ਚੀਫ ਸੁਪਰਡੈਂਟ ਸੁਰਿੰਦਰ ਪਾਲ ਅਤੇ ਉਨ੍ਹਾਂ ਦੇ ਪਰਵਾਰਾਂ ਦੇ ਸਨਮਾਨ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਇੰਸਟੀਚਿਊਟ (ਵਰਕਰ ਕਲੱਬ) ਵਿਖੇ ਇੱਕ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਕੀਤੀ। ਸੁਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਸਨਮਾਨਿਤ ਸਾਥੀਆਂ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਇਨ੍ਹਾਂ ਸਾਥੀਆਂ ਨੇ ਸਮੇਂ-ਸਮੇਂ 'ਤੇ ਸਮਾਜ ਲਈ ਵਡਮੁੱਲਾ ਯੋਗਦਾਨ ਪਾਇਆ ਹੈ ਅਤੇ ਸੁਸਾਇਟੀ ਦੇ ਸਮਾਜ ਸੇਵੀ ਕੰਮਾਂ ਵਿਚ ਵੱਡੇ ਪੱਧਰ 'ਤੇ ਸਹਿਯੋਗ ਦਿੱਤਾ ਹੈ। ਜਿੱਥੇ ਇਹ ਸਾਥੀ ਰੇਲਵੇ ਦੀਆਂ ਸੇਵਾਵਾਂ ਨੂੰ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਨਿਭਾ ਰਹੇ ਹਨ, ਉੱਥੇ ਸਮਾਜ ਦੇ ਹਰ ਦੁੱਖ-ਸੁੱਖ ਵਿੱਚ ਭਾਗੀਦਾਰ ਵੀ ਬਣਦੇ ਹਨ।ਆਲ ਇੰਡੀਆ ਐਸ.ਸੀ./ਐਸ.ਟੀ ਰੇਲਵੇ ਇੰਪਲਾਈਜ਼ ਐਸੋਸੀਏਸ਼ਨ ਦੇ ਜ਼ੋਨਲ ਸਕੱਤਰ ਸੋਹਣ ਬੈਠਾ ਨੇ ਐਸ.ਪੀ. ਮੰਡਲ ਬਾਰੇ ਦੱਸਿਆ ਕਿ ਮੰਡਲ ਉੱਚ ਅਧਿਕਾਰੀ ਹੋਣ ਦੇ ਨਾਲ-ਨਾਲ ਇੱਕ ਨੇਕ ਇਨਸਾਨ ਵੀ ਹਨ। ਜੇਕਰ ਕੋਈ ਕਰਮਚਾਰੀ ਆਪਣੀ ਸਮੱਸਿਆ ਲਈ ਜਾਂਦਾ ਹੈ ਤਾਂ ਪਹਿਲ ਦੇ ਆਧਾਰ 'ਤੇ ਕਾਨੂੰਨ ਅਨੁਸਾਰ ਉਸ ਦਾ ਕੰਮ ਕਰਦੇ ਹਨ। ਬੇਸ਼ੱਕ ਕੁਝ ਪ੍ਰਸ਼ਾਸਨਿਕ ਕਾਰਨਾਂ ਕਰਕੇ ਚਾਰ-ਪੰਜ ਸਾਲਾਂ ਤੋਂ ਤਰੱਕੀ ਲਟਕਦੀ ਰਹੀ ਪਰ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਰਹੇ। ਵੱਖ-ਵੱਖ ਸੰਸਥਾਵਾਂ ਵੱਲੋਂ ਜੋ ਵੀ ਸਮਾਗਮ ਕੀਤੇ ਜਾਂਦੇ ਹਨ, ਉਨ੍ਹਾਂ ਵਿੱਚ ਉਹ ਨਾ ਸਿਰਫ਼ ਹਿੱਸਾ ਲੈਂਦੇ ਸਗੋਂ ਆਰਥਿਕ ਮਦਦ ਦੇ ਨਾਲ-ਨਾਲ ਮਾਰਗਦਰਸ਼ਨ ਵੀ ਕਰਦੇ ਹਨ।ਸਨਮਾਨਿਤ ਸਾਥੀਆਂ ਨੇ ਆਪਣੇ ਸਨਮਾਨ ਵਿੱਚ ਬੋਲਦਿਆਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅੰਬੇਡਕਰ ਸੁਸਾਇਟੀ ਨੇ ਸਾਨੂੰ ਇਹ ਮਾਣ ਬਖ਼ਸ਼ਿਆ ਹੈ। ਇਸ ਸਨਮਾਨ ਨੇ ਸਾਡੀ ਨੌਕਰੀ ਅਤੇ ਸਮਾਜ ਪ੍ਰਤੀ ਸਾਡੀਆਂ ਜ਼ਿੰਮੇਵਾਰੀਆਂ ਨੂੰ ਹੋਰ ਵਧਾ ਦਿੱਤਾ ਹੈ। ਅਸੀਂ ਭਰੋਸਾ ਦਿਵਾਉਂਦੇ ਹਾਂ ਕਿ ਭਵਿੱਖ ਵਿੱਚ ਵੀ ਅਸੀਂ ਸਮਾਜ ਦੀ ਬੇਹਤਰੀ ਲਈ ਆਪਣੇ ਫਰਜ਼ਾਂ ਨੂੰ ਨਿਭਾਉਂਦੇ ਰਹਾਂਗੇ। ਸਨਮਾਨਿਤ ਸਾਥੀਆਂ ਨੇ ਸੁਸਾਇਟੀ ਨੂੰ ਆਰਥਿਕ ਸਹਾਇਤਾ ਵੀ ਦਿੱਤੀ। ਅੰਤ ਵਿੱਚ ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਸਮਾਗਮ ਵਿੱਚ ਹਾਜ਼ਰ ਸਾਰੇ ਦੋਸਤਾਂ ਮਿੱਤਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਹਮੇਸ਼ਾ ਉਨ੍ਹਾਂ ਦੋਸਤਾਂ ਦਾ ਸਨਮਾਨ ਕਰਦੀ ਹੈ ਜੋ ਸਮਾਜ ਨੂੰ ਸ਼ਲਾਘਾਯੋਗ ਸੇਵਾਵਾਂ ਦਿੰਦੇ ਹਨ। ਅਸੀਂ ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹ ਸਾਥੀ ਸਮਾਜ ਸੇਵਾ ਦੇ ਕਾਰਜਾਂ ਨੂੰ ਹੋਰ ਅੱਗੇ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਸੁਸਾਇਟੀ ਵੱਲੋਂ ਸਨਮਾਨਿਤ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਮਿਸ਼ਨਰੀ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੁਸਾਇਟੀ ਦੇ ਮੀਤ ਪ੍ਰਧਾਨ ਸੰਤੋਖ ਰਾਮ ਜਨਾਗਲ, ਐਸ.ਸੀ./ਐਸ.ਟੀ ਰੇਲਵੇ ਇੰਪਲਾਈਜ਼ ਐਸੋਸੀਏਸ਼ਨ ਦੇ ਕੈਸ਼ੀਅਰ ਰਵਿੰਦਰ ਕੁਮਾਰ, ਗੁਰੂ ਰਵਿਦਾਸ ਸੇਵਕ ਸਭਾ ਦੇ ਕੈਸ਼ੀਅਰ ਤ੍ਰਿਲੋਚਨ ਸਿੰਘ, ਓ.ਬੀ.ਸੀ ਐਸੋਸੀਏਸ਼ਨ ਦੇ ਕਾਰਜਕਾਰੀ ਪ੍ਰਧਾਨ ਭੁਪਿੰਦਰ ਕੁਮਾਰ, ਆਰ. ਕੇ. ਪ੍ਰਜਾਪਤੀ, ਰਾਹੁਲ ਕੁਮਾਰ ਐਸਐਸਈ, ਬ੍ਰਿਜਮੋਹਨ, ਹੁਸ਼ਿਆਰ ਸਿੰਘ, ਪ੍ਰੇਮ ਕੁਮਾਰ, ਸੰਦੀਪ ਰਾਓ, ਬ੍ਰਿਜੇਸ਼ ਕੁਮਾਰ, ਸ੍ਰੀਮਤੀ ਬਲਬੀਰ ਕੌਰ ਅਤੇ ਸ੍ਰੀਮਤੀ ਮੀਨਾ ਦੇਵੀ ਆਦਿ ਹਾਜ਼ਰ ਸਨ।



## ਰਾਏ ਕੇ ਬੁਰਜ ਵਿਖੇ ਧਾਰਮਿਕ ਮੁਕਾਬਲੇ ਕਰਵਾਏ, 180 ਤੋਂ ਵੱਧ ਬੱਚਿਆਂ ਨੇ ਕੀਤੀ ਸ਼ਮੂਲੀਅਤ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸੇਰ ਸਿੰਘ ਯੋਧਾ)**-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ -ਇ-ਦਸਤਾਰ ਲਹਿਰ ਵੱਲੋਂ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤ ਸ਼ਤਾਬਦੀ ਨੂੰ ਸਮਰਪਿਤ 89ਵਾਂ ਦਸਤਾਰ ਦੁਮਾਲਾ, ਸੁੰਦਰ ਲਿਖਾਈ ਮੁਕਾਬਲੇ ਗੁਰਦੁਆਰਾ ਗੋਬਿੰਦਪੁਰੀ ਸਾਹਿਬ ਡੇਰਾ ਫਲਾਈ ਵਾਲਾ ਪਿੰਡ ਰਾਏ ਕੇ ਬੁਰਜ ਵਿਖੇ ਮੁੱਖ ਸੇਵਾਦਾਰ ਬਾਬਾ ਗੁਰਦਾਸ ਸਿੰਘ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ, ਜਿਸ ਵਿੱਚ ਸਰਕਾਰੀ ਹਾਈ ਸਕੂਲ ਰਾਜ ਕੀ ਬੁਰਜ, ਸੰਤ ਸਿੰਘ ਸੁੱਖਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਬੂਹ, ਸ਼ਹੀਦ ਅਕੈਡਮੀ ਭੱਗੂਪੁਰ, ਕੋਹਿਨੂਰ ਅਕੈਡਮੀ ਸਭਰਾ, ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਪੱਟੀ ਦੇ 180 ਬੱਚਿਆਂ ਅਤੇ ਇਲਾਕੇ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ।ਇਨ੍ਹਾਂ ਮੁਕਾਬਲਿਆਂ ਵਿੱਚ ਪੰਜਵੀਂ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਲੜਕੇ, ਲੜਕੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਦਸਤਾਰਾਂ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਵਿੱਚ ਸੁਸਾਇਟੀ ਵੱਲੋਂ ਪਹੁੰਚੇ ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਦਸਤਾਰ ਕੋਆਰਡੀਨੇਟਰ ਹਰਜੀਤ ਸਿੰਘ ਲਹਿਰੀ, ਵਾਈਸ ਕੋਆਰਡੀਨੇਟਰ ਆਕਾਸ਼ਦੀਪ ਸਿੰਘ ਪੱਟੀ ਅਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਪਹੁੰਚਣਾ ਕੀਤਾ।ਇਸ ਸਮੇਂ ਬੱਚਿਆਂ ਨਾਲ ਵਿਚਾਰ ਸਾਂਝੇ ਕਰਦੇ ਕਿਹਾ ਕਿ ਗੁਰੂ ਅਮਰਦਾਸ ਜੀ ਨੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਵਿਸ਼ੇਸ਼ ਤੌਰ 'ਤੇ ਉਪਰਾਲੇ ਕੀਤੇ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਦਾਸ ਸਿੰਘ, ਨੌਜਵਾਨ ਆਗੂ ਗੁਰ ਪ੍ਰਤਾਪ ਸਿੰਘ ਲਾਡੀ, ਸਰਪੰਚ ਅਵਤਾਰ ਸਿੰਘ, ਮਾਸਟਰ ਅਵਤਾਰ ਸਿੰਘ ਨੇ ਸੁਸਾਇਟੀ ਵੱਲੋਂ ਸਮਾਜ ਦੀ ਤਕਦੀਰ ਨੂੰ ਬਦਲਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਪੁਰਜ਼ੋਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਅਤੇ ਇਨ੍ਹਾਂ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਬੇਨਤੀ ਕੀਤੀ ਅਤੇ ਹਰ ਪ੍ਰਕਾਰ ਤੋਂ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।ਗੁਰਬੀਰ ਸਿੰਘ ਢਿੱਲੋਂ ਮੈਂਬਰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਜੇਤੂ ਬੱਚਿਆਂ ਲਈ ਦਸਤਾਰਾਂ ਦੇ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ ਜਰਮਨ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਖਜਾਨਚੀ ਭਾਈ ਮਨਦੀਪ ਸਿੰਘ ਘੋਲੀਆਂ ਕਲਾਂ, ਭਾਈ ਗੁਰਜੰਟ ਸਿੰਘ ਜੋਨਲ ਇੰਚਾਰਜ ਭਿੱਖੀਵਿੰਡ, ਭਾਈ ਸੁਖਵਿੰਦਰ ਸਿੰਘ ਖਾਲੜਾ, ਦਸਤਾਰ ਕੋਆਰਡੀਨੇਟਰ ਹਰਪ੍ਰੀਤ ਸਿੰਘ, ਜਗਦੀਸ਼ ਸਿੰਘ ਸਾਜਨ ਪ੍ਰੀਤ ਸਿੰਘ ਨਿੰਦਰ ਪਾਲ ਸਿੰਘ ਜੋਨਲ ਇੰਚਾਰਜ ਮਾਲਵਾ ਨੇ ਇਸ ਪ੍ਰੋਗਰਾਮ ਵਿੱਚ ਹਰੇਕ ਪ੍ਰਕਾਰ ਦਾ ਸਹਿਯੋਗ ਦੇਣ ਵਾਲੇ ਪ੍ਰਬੰਧਕ, ਗ੍ਰੰਥੀ ਸਾਹਿਬਾਨ, ਨਗਰ ਨਿਵਾਸੀ, ਸਕੂਲਾਂ ਤੋਂ ਆਏ ਹੋਏ ਅਧਿਆਪਕ ਸਾਹਿਬਾਨ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਆਸਾਂ ਤੇ ਪਹੁੰਚਣ ਦਾ ਭਰੋਸਾ ਦਿਵਾਇਆ।ਅਖੀਰ ਸੰਗਤਾਂ ਨੇ ਠੰਡੇ ਮਿੱਠੇ ਜਲ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ।

17-July-PAGE-4.qxd 7/16/2024 10:15 PM Page 1

ਨਵਾਂ ਜ਼ਮਾਨਾ

ਬੁੱਧਵਾਰ, 17 ਜੁਲਾਈ 2024

# ਚੋਰ, ਚੋਰ, ਚੋਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਸਾਲ 25 ਜੂਨ ਦੇ ਦਿਨ ਨੂੰ 'ਸੰਵਿਧਾਨ ਹੱਤਿਆ ਦਿਵਸ' ਵਜੋਂ ਮਨਾਏ ਜਾਣ ਦਾ ਐਲਾਨ ਕੀਤਾ ਹੈ। ਯਾਦ ਰਹੇ ਕਿ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸੇ ਤਰੀਕ ਨੂੰ ਐਮਰਜੈਂਸੀ ਲਾਏ ਜਾਣ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ 14 ਅਗਸਤ ਦੇ ਦਿਨ ਨੂੰ 'ਵਿਭਾਜਨ ਵਿਭੀਸ਼ਕਾ ਦਿਵਸ' ਵਜੋਂ ਮਨਾਉਣ ਦਾ ਐਲਾਨ ਕਰ ਚੁੱਕੇ ਸਨ। ਅਸਲ ਵਿੱਚ ਇਸ ਵਿਭਾਜਨ ਵਿਭੀਸ਼ਕਾ ਦਿਵਸ ਮਨਾਉਣ ਦਾ ਮੁੱਖ ਮਕਸਦ ਇੱਕ ਪਾਸੇ ਬਟਵਾਰੇ ਲਈ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਣਾ ਤੇ ਦੂਜੇ ਪਾਸੇ ਫਿਰਕੂ ਧਰੁਵੀਕਰਨ ਕਰਨਾ ਸੀ। ਸਚਾਈ ਇਹ ਹੈ ਕਿ ਦੇਸ਼ ਦੇ ਬਟਵਾਰੇ ਲਈ ਹਿੰਦੂ ਮਹਾਂ ਸਭਾ ਤੇ ਮੁਸਲਿਮ ਲੀਗ ਦੀ ਦੋ ਕੌਮਾਂ ਦੀ ਥਿਊਰੀ ਜ਼ਿੰਮੇਵਾਰ ਸੀ। ਬਟਵਾਰੇ ਸਮੇਂ ਹੋਈ ਕਤਲੋਗਾਰਤ ਵਿੱਚ ਵੀ ਇਨ੍ਹਾਂ ਦੋਵੇਂ ਧਿਰਾਂ ਤੇ ਆਰ ਐੱਸ ਐੱਸ ਦੇ ਲੋਕਾਂ ਦਾ ਹੀ ਹੱਥ ਸੀ। ਇਸ ਕਤਲੋਗਾਰਤ ਨੂੰ ਰੋਕਣ ਲਈ ਮਹਾਤਮਾ ਗਾਂਧੀ ਬੰਗਾਲ ਦੀਆਂ ਹਿੰਸਕ ਭੀੜਾਂ ਵਿਚਕਾਰ ਜਾ ਖੜ੍ਹੇ ਹੋਏ ਸਨ। ਇਸੇ ਕਾਰਨ ਹੀ ਇਨ੍ਹਾਂ ਦੇ ਗੁਰਗਿਆਂ ਨੇ ਉਸ ਦਾ ਕਤਲ ਕਰ ਦਿੱਤਾ। ਉਸ ਤੋਂ ਬਾਅਦ ਸਰਕਾਰ ਨੂੰ ਆਰ ਐੱਸ ਐੱਸ ਉੱਤੇ ਪਾਬੰਦੀ ਲਾਉਣੀ ਪਈ ਸੀ। ਹਿੰਦੂਤਵੀ ਹਾਕਮ ਇਹ ਦਿਨ ਮਨਾਉਣ ਦਾ ਐਲਾਨ ਕਰਕੇ ਬਟਵਾਰੇ ਦਾ ਸਾਰਾ ਦੋਸ਼ ਕਾਂਗਰਸ ਉੱਤੇ ਮੜ੍ਹ ਕੇ ਆਰ ਐੱਸ ਐੱਸ ਦੇ ਕਾਰਨਾਮਿਆਂ ਉੱਤੇ ਪਰਦਾ ਪਾਉਣਾ ਚਾਹੁੰਦੇ ਸਨ। ਹਾਕਮਾਂ ਦੀ ਇਹ ਕੋਸ਼ਿਸ਼ ਬੇਕਾਰ ਗਈ, ਕਿਉਂਕਿ ਲੋਕ ਸਚਾਈ ਜਾਣਦੇ ਹਨ। ਇਸੇ ਕਾਰਨ ਅੱਜ ਕਿਸੇ ਨੂੰ ਚੇਤਾ ਵੀ ਨਹੀਂ ਕਿ ਅਜਿਹਾ ਕੋਈ ਦਿਨ ਮਨਾਉਣ ਦਾ ਐਲਾਨ ਵੀ ਕੀਤਾ ਗਿਆ ਸੀ।

'ਸੰਵਿਧਾਨ ਹੱਤਿਆ ਦਿਵਸ' ਦਾ ਐਲਾਨ ਵੀ ਉਸੇ ਤਰ੍ਹਾਂ ਹੈ, ਜਿਵੇਂ ਚੋਰ ਹੀ ਚੋਰ-ਚੋਰ ਦਾ ਰੌਲਾ ਪਾ ਰਿਹਾ ਹੋਵੇ। ਅਸਲ ਵਿੱਚ ਮੋਦੀ ਆਪਣੇ ਰਾਜ ਦੌਰਾਨ ਖੁਦ ਹੀ ਸੰਵਿਧਾਨ ਦੀ ਹੱਤਿਆ ਕਰ ਰਹੇ ਹਨ। ਲੋਕਤੰਤਰ ਦੇ ਚਾਰੇ ਪਾਵਿਆਂ ਵਿੱਚੋਂ ਤਿੰਨ ਉੱਤੇ ਮੋਦੀ ਸਰਕਾਰ ਨੇ ਕਬਜ਼ਾ ਕਰਕੇ ਰੱਖਿਆ ਹੋਇਆ। ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਮੀਡੀਆ ਦੀ ਸੁਤੰਤਰਤਾ ਖ਼ਤਮ ਕੀਤੀ ਜਾ ਚੁੱਕੀ ਹੈ। ਨਿਆਂਪਾਲਿਕਾ 'ਤੇ ਕਬਜ਼ੇ ਦੀਆਂ ਲਗਾਤਾਰ ਗੋਂਦਾਂ ਗੁੰਦੀਆਂ ਜਾਂਦੀਆਂ ਰਹੀਆਂ ਹਨ। ਸੱਤਾ ਦੀ ਕਾਇਮੀ ਲਈ ਸੰਵਿਧਾਨਕ ਸੰਸਥਾਵਾਂ ਦੀ ਖੁੱਲ੍ਹੇਆਮ ਦੁਰਵਰਤੋਂ ਹੋ ਰਹੀ ਹੈ। ਲੋਕਤੰਤਰ ਦਾ ਮੂਲ ਅਧਾਰ ਪ੍ਰਗਟਾਵੇ ਦੀ ਅਜ਼ਾਦੀ ਖ਼ਤਮ ਕੀਤੀ ਜਾ ਚੁੱਕੀ ਹੈ। ਨਵੇਂ ਅਪਰਾਧਿਕ ਕਾਨੂੰਨਾਂ ਰਾਹੀਂ ਪੁਲਸ ਰਾਜ ਦੀ ਸਥਾਪਨਾ ਵੱਲ ਵਧਿਆ ਗਿਆ ਹੈ। ਸਿਆਸੀ ਜ਼ਰੂਰਤ ਦੇ ਹਿਸਾਬ ਨਾਲ ਵਿਰੋਧੀ ਧਿਰ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ। ਘੱਟਗਿਣਤੀ ਭਾਈਚਾਰਿਆਂ ਦੇ ਲੋਕਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਏ ਜਾਣ ਲਈ ਨਾਗਰਿਕ ਸੋਧ ਕਾਨੂੰਨ ਲਿਆਂਦੇ ਗਏ ਹਨ। ਮੁੜ ਬਟਵਾਰੇ ਵੇਲੇ ਦੇ ਹਾਲਾਤ ਪੈਦਾ ਕਰਨ ਲਈ ਹਿੰਸਕ ਭੀੜਾਂ ਨੂੰ ਸਰਕਾਰੀ ਸਰਪ੍ਰਸਤੀ ਮਿਲ ਰਹੀ ਹੈ।

ਪਿਛਲੇ 10 ਸਾਲਾਂ ਦੌਰਾਨ ਮੋਦੀ ਸਰਕਾਰ ਨੇ ਸਾਡੇ ਸੰਵਿਧਾਨ ਦੀ ਮੂਲ ਭਾਵਨਾ ਧਰਮ ਨਿਰਪੱਖਤਾ, ਸਮਾਜਵਾਦੀ ਗਣਤੰਤਰ ਦੇ ਅਸੂਲ ਨੂੰ ਰੋਲ ਕੇ ਰੱਖ ਦਿੱਤਾ ਹੈ। ਸੰਵਿਧਾਨ ਦੀ ਧਰਮ ਤੇ ਰਾਜ ਨੂੰ ਵੱਖ ਰੱਖਣ ਦੀ ਭਾਵਨਾ ਨੂੰ ਤਿਲਾਂਜਲੀ ਦੇ ਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਏ ਜਾਣ ਲਈ ਹਾਕਮ ਧਿਰ ਦੇ ਨੁਮਾਇੰਦੇ ਲਗਾਤਾਰ ਮੈਦਾਨ ਤਿਆਰ ਕਰਨ ਵਿੱਚ ਲੱਗੇ ਹੋਏ ਹਨ।

ਇਹ ਸੱਚ ਹੈ ਕਿ ਸੰਵਿਧਾਨ ਕੋਈ ਇਲਾਹੀ ਬਾਣੀ ਨਹੀਂ, ਜਿਸ ਨੂੰ ਬਦਲਿਆ ਨਾ ਜਾ ਸਕਦਾ ਹੋਵੇ। ਕੁਝ ਅਜਿਹੇ ਮਸਲੇ ਹਾਲੇ ਵੀ ਹੱਲ ਹੋਣੇ ਬਾਕੀ ਹਨ, ਜਿਹੜੇ ਸੰਵਿਧਾਨ ਲਿਖੇ ਜਾਣ ਵੇਲੇ ਵਿਚਾਰੇ ਗਏ ਸਨ। ਮਸਲਨ ਕੰਮ ਦੇ ਅਧਿਕਾਰ ਨੂੰ ਨਿਰਦੇਸ਼ਕ ਸਿਧਾਂਤਾਂ ਵਿੱਚ ਤਾਂ ਲਿਖ ਦਿੱਤਾ ਗਿਆ, ਪਰ ਮੌਲਿਕ ਅਧਿਕਾਰ ਨਹੀਂ ਬਣਾਇਆ ਗਿਆ। ਸਭ ਲਈ ਮੁਫ਼ਤ ਸਿੱਖਿਆ, ਸਿਹਤ ਸੇਵਾਵਾਂ ਤੇ ਰੁਜ਼ਗਾਰ ਦਾ ਸਵਾਲ ਹਾਲੇ ਵੀ ਹੱਲ ਹੋਣੇ ਬਾਕੀ ਹਨ। ਇਸ ਲਈ ਸੰਵਿਧਾਨ ਵਿੱਚ ਲੋੜੀਂਦੀ ਤਬਦੀਲੀ ਜ਼ਰੂਰੀ ਹੈ, ਜਿਹੜੀ ਠੀਕ ਸਮੇਂ 'ਤੇ ਜਨਤਾ ਦੀ ਚੁਣੀ ਹੋਈ ਸਰਕਾਰ ਕਰੇਗੀ। ਇਸ ਦੇ ਨਾਲ ਇਹ ਵੀ ਸੱਚ ਹੈ ਕਿ ਸੰਵਿਧਾਨ ਦੀ ਪ੍ਰਸਤਾਵਨਾ, ਜਿਸ ਵਿੱਚ ਭਾਰਤ ਨੂੰ ਧਰਮ ਨਿਰਪੱਖ, ਸਮਾਜਵਾਦੀ ਗਣਤੰਤਰ ਕਿਹਾ ਗਿਆ ਹੈ, ਇਸ ਦੀ ਰੂਹ ਹੈ, ਜੋ ਸਾਡੀ ਅਜ਼ਾਦੀ ਦੀ ਜੰਗ ਤੇ ਮਹਾਨ ਕਦਰਾਂ ਨੂੰ ਪ੍ਰੀਭਾਸ਼ਿਤ ਕਰਦੀ ਹੈ। ਹਿੰਦੂਤਵੀ ਭਾਜਪਾ ਤੇ ਸੰਘ ਇਸੇ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਉਹ ਸੰਵਿਧਾਨ ਨੂੰ ਇੱਕੋ ਵਾਰ ਨਹੀਂ, ਟੁਕੜੇ-ਟੁਕੜੇ ਕਰਕੇ ਕੁਤਰ ਰਹੇ ਹਨ।

ਹਿੰਦੂਤਵੀ ਭਾਜਪਾਈ ਤੇ ਸੰਘੀ ਸੰਵਿਧਾਨ ਵਿੱਚ ਲਿਖੇ ਗਏ ਸਮਾਨਤਾ, ਅਜ਼ਾਦੀ, ਭਾਈਚਾਰੇ, ਸਮਾਜਿਕ, ਆਰਥਿਕ ਤੇ ਰਾਜਨੀਤਕ ਨਿਆਂ ਦੇ ਵਿਰੁੱਧ ਹਨ। ਦਰਅਸਲ ਦੇਸ਼ ਦੀ ਜਨਤਾ ਮੋਦੀ ਤੇ ਉਸ ਦੇ ਹਮਵਾਰੀਆਂ ਦੀ ਇਸ ਮਨਸ਼ਾ ਨੂੰ ਸਮਝ ਚੁੱਕੀ ਹੈ। ਲੋਕ ਸਭਾ ਚੋਣਾਂ ਵਿੱਚ ਜਨਤਾ ਨੇ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਕੇ ਹਾਕਮਾਂ ਨੂੰ ਚੇਤਾਵਨੀ ਵੀ ਦੇ ਦਿੱਤੀ ਹੈ। ਇਸੇ ਕਾਰਨ ਹੀ ਮੋਦੀ ਅੱਜ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਦੀ ਰਾਹ ਉੱਤੇ ਚਲ ਪਏ ਹਨ।

**-ਚੰਦ ਫਤਿਹਪੁਰੀ**

## ਨਬਜ਼ ਦੇਖੋ !

ਜੋ ਧਰਤੀ ਹੈ ਮਾਂ ਤੁਹਾਡੀ, ਖੱਲ ਉਸ ਦੀ ਲਾਹਣੀ ਹੈ,
ਨੇਚਰ ਦੀ ਜਗੀਰ ਦੇ 'ਤੇ, ਅਜੇ ਤਾਂ ਕੁਰਸੀ ਡਾਹਣੀ ਹੈ।
ਜਿਸ ਦੇ 'ਤੇ ਲੋਕੀਂ ਵਸਦੇ, ਉਹ ਧਰਤੀ ਵੀ ਵਾਹਣੀ ਹੈ,
'ਸਾਡੇ' ਚੱਟੇ ਹਰੇ ਨਹੀਂ ਹੁੰਦੇ, 'ਸਾਡੀ' ਅਜਬ ਕਹਾਣੀ ਹੈ।
ਮਾਰੋਗੇ, ਤੁਹਾਡੇ ਮਰਨਗੇ, ਸਾਡਾ ਨਹੀਂ ਕੁਝ ਜਾਣਾ ਹੈ,
ਲੁੱਟ ਹੋਣ ਨੂੰ ਤੁਸੀਂ ਜੰਮੇ ਹੋ, ਅਸੀਂ ਤਾਂ ਵੱਢ ਕੇ ਖਾਣਾ ਹੈ।
ਐ ਧਰਤੀ ਦੇ ਵਾਰਸੋ, ਨਬਜ਼ ਦੇਖੋ 'ਲਲਕਾਰ' ਦੀ,
ਜਿਉਂਦੇ ਨੂੰ ਵੀ ਮਾਰਦੀ ਤੇ ਮੁਰਦੇ ਨੂੰ ਵੀ ਮਾਰਦੀ।

**-ਗੁਲਪੁਰ**

# ਬਿਜਲੀ ਨਿਗਮ ਨੂੰ ਮੁਲਾਜ਼ਮਾਂ ਦੀਆਂ ਕਿੰਨੀਆਂ ਹੋਰ ਕੁਰਬਾਨੀਆਂ ਦੀ ਲੋੜ ?

**ਇੰਜ. ਜਗਜੀਤ ਸਿੰਘ ਕੰਡਾ**

ਸਾਡਾ ਬਿਜਲੀ ਨਿਗਮ ਕਿਸੇ ਸਮੇਂ ਪੀ.ਡਬਲਯੂ.ਡੀ ਦਾ ਹਿੱਸਾ ਹੁੰਦਾ ਸੀ। ਸਮਾਂ ਪਾ ਕੇ ਪੰਜਾਬ ਰਾਜ ਬਿਜਲੀ ਬੋਰਡ ਖੁਦਮੁਖਤਿਆਰ ਅਦਾਰਾ ਭਾਵ ਪਬਲਿਕ ਸੈਕਟਰ ਦਾ ਅਦਾਰਾ ਬਣਿਆ।ਉਨ੍ਹਾਂ ਸਮਿਆਂ ਵਿੱਚ ਅਨਪੜ੍ਹਤਾ ਵੱਧ ਹੋਣ ਕਰਕੇ ਲੋਕ ਬਿਜਲੀ ਬੋਰਡ ਵਿੱਚ ਕਰੰਟ ਲੱਗ ਕੇ ਮਰਨ ਦੇ ਡਰੋਂ ਆਪਣੇ ਬੱਚਿਆਂ ਨੂੰ ਇਸ ਵਿੱਚ ਭਰਤੀ ਕਰਵਾਉਣੋਂ ਕੰਨੀ ਕਤਰਾਉਂਦੇ ਸਨ।ਸਮਾਂ ਬਦਲਿਆ, ਇਸ ਦੇ ਮੁਲਾਜ਼ਮਾਂ ਦੀ ਗਿਣਤੀ ਸਵਾ ਤੋਂ ਡੇਢ ਲੱਖ ਹੋ ਗਈ, ਲੋਕਾਂ ਨੂੰ ਬਿਹਤਰ ਸੇਵਾਵਾਂ ਮਿਲਣ ਲੱਗੀਆਂ। ਨਾ-ਮਾਤਰ ਬਿਜਲੀ ਹਾਦਸੇ ਹੁੰਦੇ ਸੀ। ਜੇਕਰ ਅਜਿਹੀ ਘਟਨਾ ਵਾਪਰਦੀ ਤਾਂ ਸਿਰ ਜੋੜ ਕੇ ਵਿਚਾਰਾਂ ਕੀਤੀਆਂ ਜਾਂਦੀਆਂ ਕਿ ਅੱਗੇ ਤੋਂ ਕੀ ਕਰੀਏ ! ਜੋ ਅਜਿਹਾ ਨਾ ਵਾਪਰੇ।

ਲਾਲਚਵੱਸ ਸਾਡੇ ਦੇਸ਼ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਇਸ ਦੀ ਮਲਾਈ ਖਾਣ ਲਈ ਅਫ਼ਸਰਸ਼ਾਹੀ ਨਾਲ ਰਲ ਕੇ ਇਸ ਦੇ ਕੰਮਕਾਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਸਾਲ 2010 ਵਿੱਚ ਬਿਜਲੀ ਬੋਰਡ ਨੂੰ ਤੋੜ ਕੇ ਕਾਰਪੋਰੇਸ਼ਨਾਂ ਵਿੱਚ ਵੰਡ ਦਿੱਤਾ ਗਿਆ ਤੇ ਸਟਾਫ਼ ਭਰਤੀ ਕਰਨ ਦੀ ਥਾਂ ਖਾਲੀ ਹੁੰਦੀਆਂ ਪੋਸਟਾਂ ਨੂੰ ਪੱਕੇ ਤੌਰ 'ਤੇ ਖਤਮ ਕਰਨ ਦੀ ਕਵਾਇਦ ਸ਼ੁਰੂ ਕਰਕੇ ਇਸ ਨੂੰ ਅੱਜ ਅੱਧਮੋਈ ਹਾਲਤ ਵਿੱਚ ਲੈ ਆਂਦਾ ਹੈ। ਹੁਣ ਜਦੋਂ ਕੁਨੈਕਸ਼ਨਾਂ ਦੀ ਗਿਣਤੀ ਸਾਰੇ ਅੰਕੜੇ ਪਾਰ ਕਰ ਗਈ ਹੈ ਤੇ ਸਟਾਫ ਉਦੋਂ ਨਾਲੋਂ ਵੀ ਕਈ ਗੁਣਾ ਵੱਧ ਚਾਹੀਦਾ ਸੀ, ਠੀਕ ਅੱਜ ਇਸੇ ਸਮੇਂ ਸਟਾਫ਼ ਮਾਤਰ 30-35 ਹਜ਼ਾਰ ਹੀ ਰਹਿ ਗਿਆ ਹੈ। ਸਾਡੀ ਮਾਨ ਸਰਕਾਰ ਦਾ ਘਰ-ਘਰ ਰੁਜ਼ਗਾਰ ਦੇਣ ਦਾ ਸੁਪਨਾ ਹੈ, ਇਸ ਨੂੰ ਪੂਰਾ ਕਰਨ ਲਈ ਬਿਜਲੀ ਨਿਗਮ ਵਿੱਚ ਲੱਖਾਂ ਪੋਸਟਾਂ ਖਾਲੀ ਪਈਆਂ ਹਨ, ਇਨ੍ਹਾਂ ਨੂੰ ਭਰ ਕੇ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ, ਜਿਸ ਨਾਲ ਬਿਜਲੀ ਨਿਗਮ ਨੂੰ ਮੈਨ ਪਾਵਰ ਮਿਲ ਜਾਵੇਗੀ ਤੇ ਬਿਜਲੀ ਸਿਸਟਮ ਦੀਆਂ ਸੇਵਾਵਾਂ ਹੋਰ ਵੀ ਬਿਹਤਰ ਹੋ ਜਾਣਗੀਆਂ।

ਗੱਲ ਕਰਦੇ ਹਾਂ ਬਿਜਲੀ ਨਿਗਮ ਅੰਦਰ ਕੰਮ ਕਰਦੇ ਘੱਟ-ਗਿਣਤੀ ਸਟਾਫ ਦੀਆਂ ਕਰੰਟ ਲੱਗਣ ਨਾਲ ਪਿਛਲੇ ਕੁੱਝ ਕੁ ਸਮੇਂ ਵਿੱਚ ਲਗਾਤਾਰ ਹੋਈਆਂ ਮੌਤਾਂ ਦੀ। ਇਕੱਲੇ ਲੁਧਿਆਣਾ ਸਰਕਲ ਅਧੀਨ 9 ਮੌਤਾਂ ਹੋਈਆਂ ਹਨ, ਇਸ ਤੋਂ ਇਲਾਵਾ ਮੋਗਾ, ਮੁਕਤਸਰ ਤੇ ਭਵਾਨੀਗੜ੍ਹ ਆਦਿ ਡਵੀਜ਼ਨਾਂ ਵਿੱਚ ਵੀ ਲਗਾਤਾਰ ਮੌਤਾਂ ਹੋਈਆਂ ਹਨ। ਬਿਜਲੀ ਨਿਗਮ ਤੇ ਪੰਜਾਬ ਸਰਕਾਰ ਇਹਨਾਂ ਨੂੰ ਰੋਕਣ ਦੀ ਬਜਾਏ ਹੋਰ ਕਿੰਨੀਆਂ ਕੁਰਬਾਨੀਆਂ ਲੈਣਾ ਚਾਹੁੰਦੇ ਹਨ ? ਬਿਜਲੀ ਨਿਗਮ ਤੇ ਸਰਕਾਰ ਨੂੰ ਅੱਜ ਹਾਈਟੈੱਕ ਟੈਕਨਾਲੋਜੀ ਦੇ ਜ਼ਮਾਨੇ ਅੰਦਰ ਸਿਸਟਮ ਨੂੰ ਅੱਪਗ੍ਰੇਡ ਕਰਨਾ ਚਾਹੀਦਾ ਸੀ, ਇਸ ਪਾਸੇ ਉੱਕਾ ਹੀ ਧਿਆਨ ਨਹੀਂ ਹੈ। ਬਿਜਲੀ ਨਿਗਮ ਤੇ ਸਰਕਾਰ ਇੱਕ ਕੰਮ ਕਰ ਲੈਣ ਜਾਂ ਤਾਂ ਇਸ ਘਟੀਆ ਸਿਸਟਮ ਦੀ ਭੇਟ ਚੜ੍ਹ ਕੇ ਕਿਸੇ ਵੀ ਕਾਮੇ ਦੀ ਮੌਤ (ਸ਼ਹੀਦੀ) ਹੀ ਨਾ ਹੋਵੇ। ਬਿਜਲੀ ਸਿਸਟਮ ਨੂੰ ਬਾਹਰਲੇ ਮੁਲਕਾਂ ਦੀ ਤਰਜ਼ 'ਤੇ ਨਵੀਨੀਕਰਨ ਕਰ ਦਿਓ। ਜੇਕਰ ਅਜਿਹਾ ਨਹੀਂ ਕਰਨਾ ਚਾਹੁੰਦੇ ਤਾਂ ਉਦੋਂ ਤੱਕ ਬਿਜਲੀ ਸਿਸਟਮ ਦੀ ਭੇਟ ਚੜ੍ਹੇ ਕਰਮਚਾਰੀ ਨੂੰ ਸ਼ਹੀਦ ਦਾ ਦਰਜਾ ਦੇ ਕੇ ਉਸ ਦੇ ਪਰਵਾਰ ਨੂੰ ਆਰਥਿਕ ਤੌਰ 'ਤੇ ਘੱਟੋ-ਘੱਟ ਇੱਕ ਕਰੋੜ ਰੁਪਏ ਮੁਆਵਜ਼ਾ ਰਾਸ਼ੀ ਦੇਣ ਦਾ ਫੌਜੀ ਵੀਰਾਂ ਤੇ ਪੁਲਸ ਮੁਲਾਜ਼ਮਾਂ ਵਾਂਗੂੰ ਪੰਜਾਬ ਸਰਕਾਰ ਤੁਰੰਤ ਐਲਾਨ ਕਰੇ।

ਸਾਡਾ ਬਿਜਲੀ ਨਿਗਮ ਸਾਥੋਂ ਡਿਊਟੀ ਦੌਰਾਨ ਕਰੰਟ ਲੱਗ ਕੇ ਵਿਛੜਨ ਵਾਲੇ ਸਾਥੀਆਂ ਦੇ ਪਰਵਾਰਾਂ ਨੂੰ ਤਰਸ ਦੇ ਆਧਾਰ 'ਤੇ ਨੌਕਰੀਆਂ ਪ੍ਰਦਾਨ ਕਰਦਾ ਹੈ, ਜੋ ਕਿ ਸਾਡੇ ਲਈ ਨਮੋਸ਼ੀ ਵਾਲੀ ਗੱਲ ਹੈ। ਬਿਜਲੀ ਨਿਗਮ ਉਹਨਾਂ ਦੇ ਪਰਵਾਰਾਂ 'ਤੇ ਤਰਸ ਕਰਨ ਦੀ ਬਜਾਏ ਸਾਡੇ ਬਿਜਲੀ ਸਿਸਟਮ 'ਤੇ ਤਰਸ ਕਰਕੇ ਇਸ ਨੂੰ ਬਾਹਰਲੇ ਮੁਲਕਾਂ ਦੀ ਤਰਜ਼ 'ਤੇ ਅੱਪਗ੍ਰੇਡ ਕਰੇ, ਨਾ ਕਿ ਠੇਕੇਦਾਰੀ ਸਿਸਟਮ ਰਾਹੀਂ ਇਸ ਦੀ ਰਹਿੰਦੀ-ਖੂੰਹਦੀ ਜਾਨ ਕੱਢ ਕੇ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚਣ ਦੀਆਂ ਪ੍ਰਪੋਜ਼ਲਾਂ ਬਣਾ ਕੇ ਸਰਕਾਰ ਕੋਲ ਪੇਸ਼ ਕਰੇ ਕਿ ਕਿਸ ਤਰ੍ਹਾਂ ਤੇ ਕਿੱਥੋਂ-ਕਿੱਥੋਂ ਹੋਰ ਸਟਾਫ ਘਟਾ ਕੇ ਰੈਵੀਨਿਊ ਬਚਾਇਆ ਜਾ ਸਕਦਾ ਹੈ। ਜਦੋਂ ਤੱਕ ਸਰਕਾਰਾਂ ਇਹ ਨੀਤੀਆਂ ਨਹੀਂ ਛੱਡਣਗੀਆਂ, ਅਜਿਹੇ ਹਾਦਸੇ ਇਸ ਤੋਂ ਵੀ ਕਈ ਗੁਣਾ ਹੋਰ ਵਧ ਜਾਣਗੇ। ਕੀ ਅਸੀਂ ਇਸੇ ਤਰ੍ਹਾਂ ਹੱਥ 'ਤੇ ਹੱਥ ਧਰ ਕੇ ਵੇਖਦੇ ਰਹਿ ਜਾਵਾਂਗੇ ? ਅਜਿਹੇ ਹਾਦਸੇ ਅਣਆਈਆਂ ਮੌਤਾਂ ਹਨ, ਇਹ ਮੌਤਾਂ ਨਹੀਂ, ਕਤਲ ਹਨ, ਸਾਡੇ ਸੁਹਿਰਦ ਲੀਡਰ ਸਾਹਿਬਾਨਾਂ ਵੱਲੋਂ ਤੁਰੰਤ ਜ਼ੀਰੋ ਐੱਫ.ਆਈ.ਆਰ ਦਰਜ ਕਰਵਾ ਕੇ ਇਹਨਾਂ ਹਾਦਸਿਆਂ ਵਿੱਚ ਗਵਾਚੀਆਂ ਕੀਮਤੀ ਜਾਨਾਂ ਦੀ ਜਾਂਚ-ਪੜਤਾਲ ਲਈ ਇੱਕ 10 ਮੈਂਬਰੀ ਪੰਜਾਬ ਪੱਧਰੀ ਟੀਮ ਬਣਾ ਕੇ ਬਹੁਤ ਜਲਦੀ ਬਣਦੀ ਕਾਰਵਾਈ ਤੇ ਇਨਸਾਫ਼ ਲੈਣ ਲਈ ਚਾਰਾਜੋਈ ਆਰੰਭ ਕਰ ਦੇਣੀ ਚਾਹੀਦੀ ਹੈ। ਜਿੰਨਾ ਚਿਰ ਬਿਜਲੀ ਨਿਗਮ ਤੇ ਸਰਕਾਰ ਇਹ ਹਲਫਨਾਮਾ ਜਾਰੀ ਨਹੀਂ ਕਰਦੇ ਕਿ ਸਾਡੇ ਸਿਸਟਮ ਕਾਰਨ ਹੁਣ ਕਿਸੇ ਵੀ ਬਿਜਲੀ ਕਰਮਚਾਰੀ ਦੀ ਮੌਤ ਨਹੀਂ ਹੋਵੇਗੀ, ਓਨਾ ਚਿਰ ਉਸ ਨੂੰ ਸ਼ਹੀਦ ਦਾ ਦਰਜਾ ਦੇ ਕੇ ਮੁਆਵਜ਼ਾ ਰਾਸ਼ੀ ਇੱਕ ਕਰੋੜ ਰੁਪਏ ਭਾਵੇਂ ਉਹ ਬਿਜਲੀ ਨਿਗਮ ਦੇਵੇ ਜਾਂ ਸਰਕਾਰ, ਮਿਲਣੀ ਚਾਹੀਦੀ ਹੈ। ਕੌਣ ਆਪਣਾ ਪੁੱਤ, ਭਾਈ, ਪਤੀ ਜਾਂ ਪਿਤਾ ਗਵਾ ਕੇ ਇੱਕ ਕਰੋੜ ਰੁਪਏ ਲੈਣਾ ਚਾਹੁੰਦਾ ਹੈ ? ਕੋਈ ਵੀ ਨਹੀਂ, ਕਿਉਂਕਿ ਇਹ ਜ਼ਿੰਦਗੀ ਅਰਬਾਂ ਰੁਪਏ ਲਾ ਕੇ ਵੀ ਨਹੀਂ ਮਿਲਣੀ। ਇਹਨਾਂ ਹਾਦਸਿਆਂ ਦੀ ਜਾਂਚ-ਪੜਤਾਲ ਬਹੁਤ ਜ਼ਰੂਰੀ ਹੈ ਕਿ ਮੌਤ ਕਿਉਂ ਤੇ ਕਿਵੇਂ ਹੋਈ ? ਕਿਸੇ ਨੂੰ ਕੋਈ ਫਰਕ ਹੀ ਨਹੀਂ ਹੈ, ਸਰਕਾਰ ਤੇ ਬਿਜਲੀ ਨਿਗਮ ਮੂਕ ਦਰਸ਼ਕ ਬਣ ਕੇ ਦੇਖ ਰਿਹਾ ਹੈ। ਕੋਈ ਹਾਅ ਦਾ ਨਾਅਰਾ ਵੀ ਮਾਰਨ ਲਈ ਤਿਆਰ ਨਹੀਂ ਹੈ।

ਦੇਖਣ ਵਿੱਚ ਆਇਆ ਹੈ ਕਿ ਜਦ ਕਿਸੇ ਵੀ ਪ੍ਰਾਈਵੇਟ ਅਦਾਰੇ ਵਿੱਚ ਅਣਸੁਖਾਵੀਂ ਘਟਨਾ ਵਾਪਰਨ ਨਾਲ਼ ਮੌਤਾਂ ਹੁੰਦੀਆਂ ਹਨ ਤਾਂ ਸਰਕਾਰ ਦਖ਼ਲ-ਅੰਦਾਜ਼ੀ ਕਰਕੇ ਉਨ੍ਹਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦਿਵਾਉਂਦੀ ਹੈ, ਪਰ ਜਦੋਂ ਅੱਜ ਬਿਜਲੀ ਨਿਗਮ ਦੇ ਕਰਮਚਾਰੀ ਜੋ ਸਰਕਾਰ ਦੇ ਮੁਲਾਜ਼ਮ ਹਨ, ਉਨ੍ਹਾਂ ਨੂੰ ਮੁਆਵਜ਼ਾ ਰਾਸ਼ੀ ਦੇਣ ਤੋਂ ਸਰਕਾਰ ਟਾਲਾ ਵੱਟਦੀ ਨਜ਼ਰ ਆ ਰਹੀ ਹੈ। ਹੁਣ ਲੋਕ ਕਿੱਧਰ ਜਾਣ ? ਸ਼ੁਭਕਰਨ ਦੀ ਮੌਤ ਹੋ ਜਾਣ ਕਾਰਨ ਜੱਥੇਬੰਦੀਆਂ ਨੇ ਜਦ ਸੜਕਾਂ ਰੋਕੀਆਂ ਤਾਂ ਉਦੋਂ ਸਰਕਾਰ ਨੇ ਮੁਆਵਜ਼ਾ ਰਾਸ਼ੀ ਦਾ ਐਲਾਨ ਕੀਤਾ। ਸਰਕਾਰ ਬਿਜਲੀ ਮੁਲਾਜ਼ਮਾਂ ਨੂੰ ਵੀ ਮੁਆਵਜ਼ਾ ਰਾਸ਼ੀ ਲੈਣ ਲਈ ਸੜਕਾਂ 'ਤੇ ਉਤਰਨ ਵਾਸਤੇ ਮਜਬੂਰ ਕਰ ਰਹੀ ਹੈ, ਜਦਕਿ ਬਿਜਲੀ ਮੁਲਾਜ਼ਮ ਅੱਜ ਪੈਡੀ ਸੀਜ਼ਨ ਹੋਣ ਕਾਰਨ ਲੋਕਾਂ ਨੂੰ ਨਿਰਵਿਘਨ ਸਪਲਾਈ ਦੇਣ ਵਿੱਚ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਸਾਨੂੰ ਬਹੁਤ ਅਫਸੋਸ ਹੈ ਕਿ ਏਨਾ ਕੁੱਝ ਲਿਖ ਕੇ ਸਰਕਾਰ ਨੂੰ ਜਗਾਉਣਾ ਪੈ ਰਿਹਾ ਹੈ।ਮਾਨਯੋਗ ਮੁੱਖ ਮੰਤਰੀ ਬਿਜਲੀ ਸਿਸਟਮ ਦੇ ਸੁਧਾਰ ਲਈ ਵੀ ਆਪਣਾ ਹਰਾ ਪੈੱਨ ਚਲਾਉਣ ਤਾਂ ਕਿ ਮੁਆਵਜ਼ਾ ਦੇਣਾ ਹੀ ਨਾ ਪਵੇ।

**# ਸੰਪਰਕ : 96462-00468**

# ਫਲ੍ਹੇ ! ਜੋ ਚੇਤਿਆਂ 'ਚੋਂ ਗੁਆਚ ਗਏ



ਹਰਜਿੰਦਰ ਸਿੰਘ ਗੁਲਪੁਰ

ਅੱਜ ਤੋਂ ਛੇ ਕੁ ਦਹਾਕੇ ਪਹਿਲਾਂ ਕਣਕ ਕੱਢਣ (ਗਾਹੁਣ) ਲਈ ਫਲ੍ਹਿਆਂ ਦੀ ਵਰਤੋਂ ਕੀਤੀ ਜਾਂਦੀ ਸੀ।ਅੱਜ ਦੀ ਪੀੜ੍ਹੀ ਇਸ ਤਕਨੀਕ ਤੋਂ ਪੂਰੀ ਤਰ੍ਹਾਂ ਅਣਜਾਣ ਹੈ।ਜਦੋਂ ਕਣਕ ਪੱਕ ਜਾਂਦੀ ਸੀ ਤਾਂ ਉਸ ਦੀ ਕਟਾਈ ਕੀਤੀ ਜਾਂਦੀ ਸੀ ਅਤੇ ਭਰੀਆਂ ਬੰਨ੍ਹੀਆਂ ਜਾਂਦੀਆਂ ਸਨ। ਇਸ ਤੋਂ ਬਾਅਦ ਇਹਨਾ ਨੂੰ ਇੱਕ ਖਾਸ ਤਰਤੀਬ ਵਿੱਚ ਇੱਕ ਥਾਂ ਇਕੱਠਾ ਕੀਤਾ ਜਾਂਦਾ ਸੀ, ਜਿਸ ਨੂੰ ਦੁਆਬੇ ਵਿਚ ਖਲ੍ਹੀ ਕਿਹਾ ਜਾਂਦਾ ਸੀ। ਭਰੀਆਂ ਬੰਨ੍ਹਣ ਲਈ ਬੇੜਾਂ ਦੀ ਵਰਤੋਂ ਕੀਤੀ ਜਾਂਦੀ ਸੀ।ਬੇੜਾਂ ਵੱਟਣ ਲਈ ਡਿੱਬ ਅਤੇ ਮੁੰਜ ਬਗੜ ਦੀ ਵਰਤੋਂ ਕੀਤੀ ਜਾਂਦੀ ਸੀ।ਡਿੱਬ ਦਰਿਆਵਾਂ ਦੇ ਕੰਢੇ ਮੰਡ ਇਲਾਕੇ ਵਿਚ ਪੈਦਾ ਹੁੰਦੀ ਸੀ। ਸਾਡੇ ਸੁਰਤ ਸੰਭਾਲਣ ਤੋਂ ਪਹਿਲਾਂ ਸਾਡੇ ਵਡ-ਵਡੇਰੇ ਆਪਣੇ ਹੱਥੀਂ ਇਸ ਨੂੰ ਵੱਢ ਕੇ ਗੱਡਿਆਂ 'ਤੇ ਲਿਆਉਂਦੇ ਹੁੰਦੇ ਸਨ। ਫੇਰ ਹੌਲੀ-ਹੌਲੀ ਇਸ ਦਾ ਵਪਾਰ ਸ਼ੁਰੂ ਹੋ ਗਿਆ। ਨਜ਼ਦੀਕੀ ਕਸਬਿਆਂ ਤੋਂ ਇਸ ਦੀਆਂ ਭਰੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਅਤੇ ਕਿਸਾਨ ਥੋੜ੍ਹਾ ਸੌਖੇ ਹੋ ਗਏ।ਡਿੱਬ ਨੂੰ ਦੋ-ਚਾਰ ਦਿਨ ਛੱਪੜ ਵਿੱਚ ਸੁੱਟ ਕੇ ਨਰਮ ਕਰ ਲਿਆ ਜਾਂਦਾ ਸੀ। ਕਣਕ ਪੱਕਣ ਤੋਂ ਮਹੀਨਾ ਪਹਿਲਾਂ ਬੇੜਾ ਵੱਟਣ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਇੱਕ ਗਾਲ੍ਹਾ ਲਾਉਂਦਾ ਅਤੇ ਦੂਜਾ ਵਟਾ ਦਿੰਦਾ ਦੂਰ ਤੱਕ ਚਲਾ ਜਾਂਦਾ।ਵਟਾ ਦੇਣ ਦਾ ਕੰਮ ਅਕਸਰ ਉਡਾਰ ਮੁੰਡੇ ਕਰਦੇ ਸਨ। ਪਾੜ੍ਹੇ ਮੁੰਡੇ ਇਸੇ ਸਮੇਂ ਮਾਪਿਆਂ ਦੇ ਅੜਿੱਕੇ ਆਉਂਦੇ ਸਨ। ਫੇਰ ਇਹਨਾ ਦੇ ਭਰੀਆਂ ਬੰਨ੍ਹਣ ਜੋਗੇ ਛੋਟੇ ਛੋਟੇ-ਟੋਟੇ ਕਰਕੇ ਗੁੱਛਿਆਂ ਵਿੱਚ ਬੰਨ੍ਹ ਲਏ ਜਾਂਦੇ ਸਨ। ਇਹ ਸਾਰੇ ਕੰਮ ਕਰਕੇ ਫੇਰ ਪਿੜ ਤਿਆਰ ਕੀਤਾ ਜਾਂਦਾ ਸੀ। ਪਿੜ ਅਕਸਰ ਪਿੰਡ ਦੇ ਨੇੜੇ ਲਗਦੀ ਪੰਚਾਇਤੀ ਜਾਂ ਨਿੱਜੀ ਜ਼ਮੀਨ ਵਿਚ ਬਣਾਏ ਜਾਂਦੇ ਸਨ। ਇਹ ਇੱਕ ਤਰ੍ਹਾਂ ਕ੍ਰਿਕਟ ਦੇ ਪਿੱਚ ਵਾਂਗ ਸਾਫ਼-ਸੁਥਰਾ ਤੇ ਪੱਕਾ ਹੁੰਦਾ ਸੀ। ਇਸ 'ਤੇ ਬਹੁਤ ਮਿਹਨਤ ਹੁੰਦੀ ਸੀ। ਇਸ ਤੋਂ ਬਾਅਦ ਫਲ੍ਹਾ ਤਿਆਰ ਕੀਤਾ ਜਾਂਦਾ ਸੀ। ਇਹ ਬਾਂਸ ਜਾਂ ਹੋਰ ਲੱਕੜਾਂ ਦਾ ਬਣਿਆ ਹੋਇਆ ਪੌੜੀ ਦੀ ਸ਼ਕਲ ਦਾ ਲੰਬਾ-ਚੌੜਾ ਹੁੰਦਾ ਸੀ। ਇਸ ਲੰਬੇ-ਚੌੜੇ ਜੁਗਾੜ ਵਿੱਚ ਚਾਰ ਕੁ ਪੌਡੇ ਹੁੰਦੇ ਸਨ। ਇਹਨਾਂ ਵਿੱਚ ਫਲਾਹੀ ਅਤੇ ਬੇਰੀ ਦੇ ਕੰਡਿਆਲੇ ਝਾਫ਼ੇ ਬੜੇ ਸਲੀਕੇ ਨਾਲ ਫਿੱਟ ਕਰ ਦਿੱਤੇ ਜਾਂਦੇ ਸਨ।ਬੇਰੀ ਅਤੇ ਫਲਾਹੀ ਦੇ ਕੰਡੇ ਨਿੱਕੇ ਹੋਣ ਕਰਕੇ ਖਿੱਲਰਦੇ ਨਹੀਂ।ਫੇਰ ਕਣਕ ਦੀ ਗਹਾਈ ਦਾ ਕੰਮ ਸ਼ੁਰੂ ਹੁੰਦਾ ਸੀ। ਵੀਹ, ਪੱਚੀ ਕਣਕ ਦੀਆਂ ਭਰੀਆਂ ਪਿੜ ਵਿਚ ਖਲਾਰ ਦਿੱਤੀਆਂ ਜਾਂਦੀਆਂ ਸਨ। ਇਹ ਇੱਕ ਤਰ੍ਹਾਂ ਦਾ ਗੋਲ ਚੱਕਰ ਹੁੰਦਾ ਸੀ, ਜਿਸ ਦੇ ਕੇਂਦਰ ਵਿਚ 20-25 ਭਰੀਆਂ ਦਾ ਢੇਰ ਲਾ ਦਿੱਤਾ ਜਾਂਦਾ ਸੀ। ਫਲ੍ਹੇ ਨੂੰ ਸੁਹਾਗੇ ਵਾਂਗ ਬਲਦਾਂ ਪਿੱਛੇ ਜੋਤ ਦਿੱਤਾ ਜਾਂਦਾ ਸੀ। ਕਣਕ ਦੀ ਗਹਾਈ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਸੀ।

ਬਲਦ ਫਲ੍ਹੇ ਨੂੰ ਲੈ ਕੇ ਭਰੀਆਂ ਦੇ ਢੇਰ ਦੁਆਲੇ ਹੱਕ ਦਿੱਤੇ ਜਾਂਦੇ ਸਨ। ਇਹ ਕੰਮ ਸਿਖਰ ਦੁਪਹਿਰੇ ਹੁੰਦਾ ਸੀ। ਇਸ ਸਮੇਂ ਕਣਕ ਵਿੱਚ ਸਿਲ੍ਹ ਨਹੀਂ ਹੁੰਦੀ ਸੀ। ਇੱਕ ਬੰਦਾ ਬਲਦਾਂ ਨੂੰ ਹੱਕਦਾ ਹੁੰਦਾ ਸੀ। ਭਰੀਆਂ ਦੇ ਢੇਰ ਦੁਆਲੇ ਬਲਦ ਫਲ੍ਹੇ ਸਮੇਤ ਘੁੰਮਦੇ ਸਨ, ਜਿਵੇਂ ਹਲਟ ਗੇੜਨ ਸਮੇਂ ਘੁੰਮਦੇ ਸਨ। ਇਸ ਨੂੰ ਪੈੜੀ ਕਿਹਾ ਜਾਂਦਾ ਸੀ।ਕਣਕ ਦਾ ਨਾੜ ਬਲਦਾਂ ਦੇ ਖੁਰਾਂ ਅਤੇ ਕੰਡਿਆਂ ਦੀ ਬਦੌਲਤ ਕਰਚ ਕਰਚ ਕਰਕੇ ਟੁੱਟਦਾ ਰਹਿੰਦਾ ਸੀ। ਇਸ ਦੌਰਾਨ ਜੇ ਬਲਦ ਪਿਸ਼ਾਬ ਜਾਂ ਗੋਹਾ ਕਰਦੇ ਸਨ ਤਾਂ ਉਸ ਨੂੰ ਹੱਥੋ ਹੱਥ ਸਮੇਟ ਕੇ ਪੈੜੀ ਤੋਂ ਬਾਹਰ ਸੁੱਟ ਦਿੱਤਾ ਜਾਂਦਾ ਸੀ।ਸਫਾਈ ਦਾ ਖਾਸ ਖਿਆਲ ਰੱਖਿਆ ਜਾਂਦਾ ਸੀ। ਜਦੋਂ ਲਾਣ ਤੂੜੀ ਅਤੇ ਦਾਣਿਆਂ ਵਿੱਚ ਤਬਦੀਲ ਹੋ ਜਾਂਦਾ ਸੀ ਤਾਂ ਇਕੱਠਾ ਕਰਕੇ ਪਿੜ ਦੇ ਦੂਜੇ ਹਿੱਸੇ ਵਿੱਚ ਢੇਰੀ ਕਰ ਦਿੱਤਾ ਜਾਂਦਾ ਸੀ।ਲੰਬੇ ਦਾਅ ਲਾਈ ਇਸ ਢੇਰੀ ਨੂੰ ਧੜ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਫੇਰ ਵੀਹ ਪੱਚੀ ਭਰੀਆਂ ਖਿਲਾਰ ਕੇ ਫ਼ਲ੍ਹਾ ਹੱਕ ਦਿੱਤਾ ਜਾਂਦਾ ਸੀ। ਇਹ ਸਿਲਸਿਲਾ ਕਣਕ ਦੇ ਖਤਮ ਹੋਣ ਤੱਕ ਚਲਦਾ ਰਹਿੰਦਾ ਸੀ। ਜਿਸ ਕੋਲ ਵੱਧ ਕਣਕ ਹੁੰਦੀ ਸੀ, ਉਸ ਨੂੰ ਵੱਧ ਸਮਾਂ ਲਗਦਾ ਸੀ, ਜਿਸ ਕੋਲ ਘੱਟ ਕਣਕ ਹੁੰਦੀ ਸੀ, ਉਸ ਨੂੰ ਘੱਟ ਸਮਾਂ ਲੱਗਦਾ ਸੀ।ਇੱਕ-ਦੂਜੇ ਨਾਲ ਇਸ ਕੰਮ ਵਿੱਚ ਹੱਥ ਵਟਾਉਣ ਦਾ ਵੀ ਰਿਵਾਜ ਸੀ। ਕਣਕ ਵੱਢਣ ਤੋਂ ਲੈ ਕੇ ਗਾਹੁਣ ਤੱਕ ਇੱਕ-ਦੂਜੇ ਨਾਲ ਕੰਮ ਕਰਾਉਣ ਦਾ ਰਿਵਾਜ ਸੀ। ਇਸ ਤੋਂ ਬਾਅਦ ਧੜ ਉਡਾਉਣ ਦਾ ਕੰਮ ਸ਼ੁਰੂ ਹੁੰਦਾ ਸੀ। ਧੜ ਉਡਾਉਣ ਲਈ ਦਰਮਿਆਨੀ ਹਵਾ ਚੱਲਣ ਦੀ ਉਡੀਕ ਕੀਤੀ ਜਾਂਦੀ ਸੀ। ਹਵਾ ਤੋਂ ਬਿਨਾਂ ਇਹ ਕੰਮ ਨਹੀਂ ਹੁੰਦਾ ਸੀ, ਕਿਉਂਕਿ ਉਦੋਂ ਪੱਖੇ ਨਹੀਂ ਹੁੰਦੇ ਸਨ। ਛੱਜ ਨਾਲ ਉਡਾ ਕੇ ਦਾਣੇ ਅਤੇ ਤੂੜੀ ਨੂੰ ਵੱਖ ਕੀਤਾ ਜਾਂਦਾ ਸੀ। ਭਾਵੇਂ ਉਦੋਂ ਦੇਸੀ ਕਿਸਮ ਦੀ ਕਣਕ ਹੋਣ ਕਰਕੇ ਬਹੁਤਾ ਝਾੜ ਨਹੀਂ ਹੁੰਦਾ ਸੀ, ਫੇਰ ਵੀ ਡੇਢ ਦੋ ਮਹੀਨੇ ਹਾੜ੍ਹੀ ਚੁੱਕਣ ਨੂੰ ਲੱਗ ਜਾਂਦੇ ਸਨ।

ਇਸ ਦੌਰਾਨ ਕਿਸਾਨਾਂ ਨੂੰ ਖਰਾਬ ਮੌਸਮ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਐਨੀ ਜ਼ਿਆਦਾ ਬਾਰਸ਼ ਹੁੰਦੀ ਸੀ ਕਿ ਦਾਣੇ ਬੰਨ੍ਹੀਆਂ ਹੋਈਆਂ ਭਰੀਆਂ ਵਿੱਚ ਉੱਗ ਪੈਂਦੇ ਸਨ। ਫੇਰ ਉਹਨਾਂ ਨੂੰ ਖੋਹਲ ਕੇ ਸੁਕਾਇਆ ਜਾਂਦਾ ਸੀ। ਐਨੇ ਜਫਰ ਜਾਲ ਕੇ ਕਣਕ ਕੋਠੀਆਂ ਤੱਕ ਪਹੁੰਚਦੀ ਸੀ। ਇਹ ਗੱਲਾਂ ਕਹਿਣੀਆਂ, ਕਰਨੀਆਂ ਅਤੇ ਸੁਣਨੀਆਂ ਸੌਖੀਆਂ ਹਨ, ਪਰ ਇਹਨਾਂ ਨੂੰ ਅਮਲੀ ਰੂਪ ਵਿਚ ਕਰਨਾ ਬਹੁਤ ਔਖਾ ਸੀ। ਕਣਕ ਤੋਂ ਇਲਾਵਾ ਸਰ੍ਹੋਂ, ਛੋਲੇ, ਮਾਂਹ-ਮਸਰਾਂ ਆਦਿ ਲਈ ਵੀ ਇਹੋ ਢੰਗ ਵਰਤਿਆ ਜਾਂਦਾ ਸੀ। ਇਹ ਸਾਰਾ ਸਮਾਂ ਕਿਸਾਨ ਰਾਤਾਂ ਪਿੜਾਂ ਵਿੱਚ ਬਿਤਾਉਂਦੇ ਸਨ, ਕਿਉਂਕਿ ਕਣਕ ਦੀ ਰਾਖੀ ਕਰਨੀ ਪੈਂਦੀ ਸੀ। ਪਿੜ ਕੋਲ-ਕੋਲ ਹੋਣ ਕਰਕੇ ਕਿਸਾਨ ਰਲ-ਮਿਲ ਕੇ ਜੀਅ ਪਰਚਾਵਾ ਕਰਦੇ ਸਨ। ਬਾਤਾਂ ਅਤੇ ਕਿੱਸੇ-ਕਹਾਣੀਆਂ ਦਾ ਦੌਰ ਦੇਰ ਰਾਤ ਤੱਕ ਚਲਦਾ ਰਹਿੰਦਾ ਸੀ। ਲੋਕਾਂ ਕੋਲ ਪੈਸਾ ਨਹੀਂ ਹੁੰਦਾ ਸੀ। ਕਰਜ਼ਾ ਚੁੱਕਣ ਨੂੰ ਕਿਸਾਨ ਬਹੁਤ ਬੁਰਾ ਸਮਝਦੇ ਸਨ। ਇਹੀ ਕਾਰਨ ਸੀ ਕਿ ਉਦੋਂ ਜ਼ਿਆਦਾਤਰ ਵਿਆਹ ਗਰਮੀਆਂ ਦੇ ਮੌਸਮ ਵਿੱਚ ਕਣਕ ਵੇਚ ਕੇ ਕੀਤੇ ਜਾਂਦੇ ਸਨ। ਮਸ਼ੀਨਰੀ ਦੇ ਇਸ ਦੌਰ ਵਿੱਚ ਕਣਕ ਸਮੇਟਣ ਦਾ ਕੰਮ ਦਿਨਾਂ ਘੰਟਿਆਂ ਵਿੱਚ ਨਿੱਬੜ ਜਾਂਦਾ ਹੈ। ਧਨ ਸਨ ਸਾਡੇ ਪੁਰਖੇ, ਜਿਹਨਾਂ ਨੂੰ ਮਿੱਟੀ ਵਿੱਚੋਂ ਸੋਨਾ ਕੱਢਣ ਲਈ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਸੀ।

**# ਸੰਪਰਕ : 79735-01892**

# ਨਵ-ਭਾਰਤ ਦੇ ਨਿਰਮਾਣ 'ਚ ਵੀਰਾਂਗਣਾਂ ਦੀ ਭੂਮਿਕਾ



ਜਗਦੇਵ ਸ਼ਰਮਾ

ਦੇਸ਼ ਦੀ ਆਜ਼ਾਦੀ, ਬਲਕਿ ਉਸ ਤੋਂ ਵੀ ਪਹਿਲਾਂ ਤੋਂ ਭਾਰਤੀ ਔਰਤਾਂ ਦੁਆਰਾ ਦੇਸ਼ ਦੀ ਮਜ਼ਬੂਤੀ ਲਈ ਲੜੀਆਂ ਲੜਾਈਆਂ ਦਾ ਲੰਮਾ ਇਤਿਹਾਸ ਹੈ। ਇਹ ਵੀ ਇੱਕ ਵਿਸ਼ਵ-ਵਿਆਪੀ ਸੱਚ ਹੈ ਕਿ ਦੁਨੀਆ 'ਤੇ ਜਿੰਨੇ ਵੀ ਕਾਮਯਾਬ ਮਰਦ ਹੋਏ ਹਨ, ਹਰ ਇੱਕ ਦੀ ਸਫਲਤਾ ਦੇ ਪਿੱਛੇ ਕੋਈ ਨਾ ਕੋਈ ਔਰਤ ਦਾ ਯੋਗਦਾਨ ਜ਼ਰੂਰ ਰਿਹਾ ਹੈ। ਇਹ ਜ਼ਰੂਰੀ ਨਹੀਂ ਕਿ ਉਹ ਔਰਤ ਪਤਨੀ ਹੀ ਹੋਵੇ, ਉਹ ਤੇਰਾ ਤੇਰਾ ਦਾ ਸੰਕਲਪ ਦੇਣ ਵਾਲੇ ਬਾਬੇ ਨਾਨਕ ਦੀ ਭੈਣ ਨਾਨਕੀ ਵੀ ਹੋ ਸਕਦੀ ਹੈ, ਉਹ ਸਾਹਿਬਜ਼ਾਦਿਆਂ ਨੂੰ ਸ਼ਹੀਦੀ ਜਾਮ ਪੀਣ ਲਈ ਤਿਆਰ ਕਰਕੇ ਭੇਜਣ ਵਾਲੀ ਦਾਦੀ ਗੁਜਰੀ ਵੀ ਹੋ ਸਕਦੀ ਹੈ, ਉਹ ਤਪਦੀ ਤਵੀ ਉਪਰ ਬੈਠ ਕੇ ਮੂੰਹੋਂ ਸੀ ਵੀ ਨਾ ਕਹਿਣ ਦੇ ਸੰਸਕਾਰ ਦੇਣ ਵਾਲੀ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਭਾਨੀ ਜੀ ਵੀ ਹੋ ਸਕਦੀ ਹੈ, ਉਹ ਅਜ਼ਾਦੀ ਦੇ ਪਰਵਾਨੇ ਭਗਤ ਸਿੰਘ ਨੂੰ ਲਾਹੌਰ ਵਿੱਚੋਂ ਕੱਢ ਕੇ ਲਿਜਾਣ ਵਾਲੀ ਦੁਰਗਾ ਭਾਬੀ ਵੀ ਹੋ ਸਕਦੀ ਹੈ, ਉਹ ਦਿੱਲੀ ਸਰਕਾਰ ਦੀਆਂ ਨੁਕੀਲੀਆਂ ਕਿੱਲਾਂ ਦੇ ਮੂੰਹ ਮੋੜ ਕੇ, ਕਿਸਾਨ ਅੰਦੋਲਨ ਦੀ ਸਫਲਤਾ ਦੀ ਮੋਹੜੀ ਗੱਡਣ ਵਾਲੀ ਜ਼ਿਲ੍ਹਾ ਬਠਿੰਡਾ ਦੇ ਪਿੰਡ ਜੰਡੀਆਂ ਦੀ ਅੱਸੀਓਂ ਟੱਪੀ ਬੇਬੇ ਮਹਿੰਦਰ ਕੌਰ ਵੀ ਹੋ ਸਕਦੀ ਹੈ, ਉਹ ਚਾਲੀ ਮੁਕਤਿਆਂ ਦੀ ਆਤਮਾ ਜਗਾਉਣ ਵਾਲੀ ਮਾਈ ਭਾਗੋ ਵੀ ਹੋ ਸਕਦੀ ਹੈ, ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਲਈ ਜ਼ਿੰਮੇਵਾਰ ਉਸ ਦੀ ਸੱਸ ਸਦਾ ਕੌਰ ਵੀ ਹੋ ਸਕਦੀ ਹੈ ਅਤੇ ਆਪਣੇ ਚਾਰੇ ਪੁੱਤਰਾਂ ਨੂੰ ਧਰਮ ਉੱਪਰੋਂ ਵਾਰਨ ਵਾਲੀ, ਸਰਬੰਸ ਦਾਨੀ ਦਸਮ ਪਾਤਸ਼ਾਹ ਦੀ ਪਤਨੀ ਜੀਤੋ ਵੀ ਹੋ ਸਕਦੀ ਹੈ।

ਅੰਗਰੇਜ਼ਾਂ ਕੋਲੋਂ ਆਪਣੇ ਰਾਜ ਝਾਂਸੀ ਨੂੰ ਬਚਾਉਣ ਲਈ ਮਹਾਰਾਣੀ ਲਕਸ਼ਮੀ ਬਾਈ ਆਪਣੇ ਗੋਦ ਲਏ ਹੋਏ ਕੁਝ ਹੀ ਮਹੀਨਿਆਂ ਦੇ ਬੱਚੇ ਨੂੰ ਆਪਣੀ ਪਿੱਠ ਪਿੱਛੇ ਬੰਨ੍ਹ ਕੇ, ਘੋੜੇ 'ਤੇ ਸਵਾਰ ਹੋ ਕੇ, ਹੱਥ ਵਿੱਚ ਤਲਵਾਰ ਲੈ ਕੇ, ਯੁੱਧ ਦੇ ਮੈਦਾਨ ਵਿੱਚ ਖੁਦ ਕੁੱਦੀ ਸੀ।

ਆਓ, ਸੰਖੇਪ ਵਿੱਚ ਜਾਣੀਏ ਉਨ੍ਹਾਂ ਔਰਤਾਂ ਬਾਰੇ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਆਪਣੇ ਯੋਗਦਾਨ ਰਾਹੀਂ ਦੇਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ।ਅਜਿਹੀਆਂ ਵਰਨਣਯੋਗ ਔਰਤਾਂ ਵਿੱਚੋਂ ਇੱਕ ਹੈ ਐਨੀ ਬੇਸੈਂਟ। ਐਨੀ ਬੇਸੈਂਟ ਇੱਕ ਅੰਗਰੇਜ਼ ਸਮਾਜਿਕ ਕਾਰਕੁਨ, ਪ੍ਰਸਿੱਧ ਸਿੱਖਿਆ ਸ਼ਾਸਤਰੀ, ਔਰਤ ਹੱਕਾਂ ਲਈ ਲੜਨ ਵਾਲੀ ਔਰਤ ਵਜੋਂ ਜਾਣੀ ਜਾਂਦੀ ਹੈ। ਬਾਲ ਗੰਗਾਧਰ ਨਾਲ ਮਿਲ ਕੇ ਉਸ ਨੇ ਭਾਰਤ ਵਿੱਚ ਹੋਮ ਰੂਲ ਅੰਦੋਲਨ ਚਲਾਇਆ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਵਿੱਚ ਉਸ ਦਾ ਵਡਮੁੱਲਾ ਯੋਗਦਾਨ ਸੀ।

ਐਨੀ ਬੇਸੈਂਟ ਦੀ ਤਰ੍ਹਾਂ ਹੀ ਵਿਦੇਸ਼ੀ ਧਰਤੀ ਉੱਪਰ ਜਨਮ ਲੈ ਕੇ ਆਪਣੇ ਜੀਵਨ ਦਾ ਵਡਮੁੱਲਾ ਸਮਾਂ ਭਾਰਤ ਵਿੱਚ ਬਿਤਾਉਣ ਵਾਲੀ ਸੀ ਨੌਰਾ ਰਿਚਰਡਜ਼। 29 ਅਕਤੂਬਰ 1876 ਨੂੰ ਆਇਰਲੈਂਡ ਵਿੱਚ ਪੈਦਾ ਹੋਈ ਨੌਰਾ ਹੁਟਮਨ 1911 ਤੋਂ 1971 ਤੱਕ ਲੱਗਭੱਗ 60 ਸਾਲ ਪੰਜਾਬਣ ਬਣ ਕੇ ਰਹੀ। ਉਸ ਨੂੰ ਪੰਜਾਬੀ ਨਾਟਕ ਦੀ ਜਨਮਦਾਤੀ ਵੀ ਕਿਹਾ ਗਿਆ ਹੈ। ਉਸ ਨੇ ਬੈਲਜੀਅਮ , ਸਿਡਨੀ ਅਤੇ ਆਕਸਫੋਰਡ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕੀਤੀ। ਆਪਣੇ ਸਮੇਂ ਦਾ ਪ੍ਰਸਿੱਧ ਪੰਜਾਬੀ ਨਾਟਕਕਾਰ ਈਸ਼ਵਰ ਚੰਦਰ ਨੰਦਾ ਆਪਣੇ ਆਪ ਨੂੰ ਉਸ ਦਾ ਸ਼ਾਗਿਰਦ ਕਹਾ ਕੇ ਮਾਣ ਮਹਿਸੂਸ ਕਰਦਾ ਸੀ। ਨੰਦਾ ਦਾ ਪ੍ਰਸਿੱਧ ਨਾਟਕ 'ਦੁਲਹਨ' (ਸੁਭੱਦਰਾ) ਦੀ ਸਟੇਜਕਾਰੀ ਨੌਰਾ ਨੇ ਹੀ ਕਾਰਵਾਈ ਸੀ। ਐਨੀ ਬੇਸੈਂਟ ਨਾਲ ਰਲ ਕੇ ਉਸ ਨੇ ਹੋਮ ਰੂਲ ਅੰਦੋਲਨ ਵਿੱਚ ਵੀ ਭਾਗ ਲਿਆ। ਆਪਣੀ ਉਮਰ ਦੇ ਅਖੀਰਲੇ ਦਿਨ ਉਸ ਨੇ ਹਿਮਾਚਲ ਦੇ ਇੱਕ ਪਿੰਡ ਅੰਦਰੇਟਾ ਵਿੱਚ ਚਮੇਲੀ ਨਿਵਾਸ ਵਿਖੇ ਬਿਤਾਏ। ਇਥੇ ਹੀ ਉਸ ਨੇ ਆਪਣਾ ਡਰਾਮਾ ਸਕੂਲ, ਈਸ਼ਵਰ ਚੰਦਰ ਨੰਦਾ, ਬਲਵੰਤ ਗਾਰਗੀ ਅਤੇ ਗੁਰਸ਼ਰਨ ਭਾਅ ਜੀ ਹੁਰਾਂ ਦੀ ਸਹਾਇਤਾ ਨਾਲ ਸਥਾਪਤ ਕੀਤਾ।

ਸ੍ਰੀਮਤੀ ਸਰੋਜਨੀ ਨਾਇਡੂ, ਜਿਸ ਨੂੰ ਭਾਰਤ ਦੀ ਕੋਇਲ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, 1879 ਵਿੱਚ ਹੈਦਰਾਬਾਦ ਵਿਖੇ ਇੱਕ ਬੰਗਾਲੀ ਪਰਵਾਰ ਵਿਚ ਜਨਮੀ। ਉਸ ਨੇ ਚੇਨਈ, ਲੰਡਨ ਅਤੇ ਕੈਂਬਰਿਜ ਤੋਂ ਸਿੱਖਿਆ ਪ੍ਰਾਪਤ ਕੀਤੀ। ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਵਿੱਚ ਦੇਸ਼ ਦੀ ਆਜ਼ਾਦੀ ਲਈ ਯੋਗਦਾਨ ਪਾਇਆ। 1925 ਵਿੱਚ ਕਾਂਗਰਸ ਪ੍ਰਧਾਨ ਬਣੀ। ਸ੍ਰੀਮਤੀ ਨਾਇਡੂ ਪਹਿਲੀ ਭਾਰਤੀ ਔਰਤ ਸੀ, ਜੋ ਕਿ ਰਾਜਸਥਾਨ ਦੀ ਗਵਰਨਰ ਬਣੀ।

ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਵਿੱਚੋਂ ਉਹ ਵੀ ਇੱਕ ਸੀ। ਸਰੋਜਨੀ ਇੱਕ ਦੇਸ਼ ਭਗਤ ਹੋਣ ਦੇ ਨਾਲ-ਨਾਲ ਇੱਕ ਵਧੀਆ ਕਵਿੱਤਰੀ ਵੀ ਸੀ।

ਭਾਰਤ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਮੁਸ਼ਕਲ ਸਮਿਆਂ ਵਿੱਚ ਦੇਸ਼ ਦੀ ਅਗਵਾਈ ਕੀਤੀ। ਭਾਵੇਂ ਆਪਣੇ ਰਾਜ ਦੌਰਾਨ ਉਸ ਨੇ ਐਮਰਜੈਂਸੀ ਵਰਗੇ ਕਈ ਗਲਤ ਫੈਸਲੇ ਵੀ ਲਏ, ਪ੍ਰੰਤੂ ਕਈ ਹੋਰ ਜਗ੍ਹਾ ਉਹ ਲੋਹ ਪੁਰਸ਼ ਵੀ ਸਾਬਤ ਹੋਈ। 1971 ਵਿੱਚ ਪਾਕਿਸਤਾਨ ਦੀ ਖੱਬੀ ਬਾਂਹ ਪੂਰਬੀ ਪਾਕਿਸਤਾਨ ਨੂੰ ਵੱਖਰਾ ਦੇਸ਼ ਬੰਗਲਾਦੇਸ਼ ਬਣਾ ਕੇ ਉਸ ਨੇ ਦੁਸ਼ਮਣ ਤਾਕਤਾਂ ਨੂੰ ਅਪਾਹਜ ਬਣਾ ਦਿੱਤਾ ਸੀ।ਪਾਕਿਸਤਾਨ ਦੀਆਂ ਲੱਗਭੱਗ 90000 ਹਥਿਆਰਬੰਦ ਸੈਨਾਵਾਂ ਤੋਂ ਹਥਿਆਰ ਸੁਟਵਾ ਕੇ ਉਸ ਨੇ ਇਤਿਹਾਸ ਵਿੱਚ ਆਪਣਾ ਨਾਂਅ ਲਿਖਵਾਇਆ। ਰਾਜਿਆਂ ਦੇ ਪ੍ਰਿਵੀਪਰਸ ਬੰਦ ਕਰਨਾ, ਬੈਂਕਾਂ ਦਾ ਕੌਮੀਕਰਨ , ਸਮਾਜਵਾਦ ਦੀ ਸਥਾਪਨਾ ਉਸ ਦੇ ਹਿੱਸੇ ਆਈਆਂ।

ਸੰਨ 1961 ਦੇ ਪਲੇਠੇ ਦਿਨ ਜਨਮੀ ਕਲਪਨਾ ਚਾਵਲਾ ਪੁਲਾੜ ਵਿੱਚ ਜਾਣ ਵਾਲੀ ਭਾਰਤੀ ਮੂਲ ਦੀ ਪਹਿਲੀ ਔਰਤ ਸੀ। ਸ਼ਟਲ ਮਿਸ਼ਨ ਮਹਿਰ ਚਾਵਲਾ ਨੇ ਪਹਿਲੀ ਵਾਰ ਸਪੇਸ ਸ਼ਟਲ ਕੋਲੰਬੀਆ 'ਤੇ ਇੱਕ ਮਿਸ਼ਨ ਸਪੈਸ਼ਲਿਸਟ ਅਤੇ ਪ੍ਰਾਇਮਰੀ ਰੋਬੋਟ ਆਰਮ ਅਪਰੇਟਰ ਵਜੋਂ ਉਡਾਣ ਭਰੀ। ਇੱਕ ਫਰਵਰੀ 2003 ਨੂੰ ਵਾਯੂ ਮੰਡਲ ਵਿੱਚ ਮੁੜ ਦਾਖਲੇ ਸਮੇਂ ਉਨ੍ਹਾ ਦੀ ਸਪੇਸ ਸ਼ਟਲ ਵਿੱਚ ਖਰਾਬੀ ਪੈਦਾ ਹੋ ਗਈ ਅਤੇ ਯਾਨ ਦੁਰਘਟਨਾਗ੍ਰਸਤ ਹੋ ਗਿਆ। ਕਲਪਨਾ ਆਪਣੇ ਦਲ ਦੇ ਸੱਤ ਚਾਲਕਾਂ ਦੇ ਨਾਲ ਇਸ ਦੁਰਘਟਨਾ ਵਿੱਚ ਮਾਰੀ ਗਈ ਸੀ। ਉਸ ਨੂੰ ਮਰਨ ਉਪਰੰਤ ਕਾਂਗਰੈਸ਼ਨਲ ਸਪੇਸ ਮੈਡਲ ਆਫ ਆਨਰ ਦੇ ਐਵਾਰਡ ਨਾਲ ਨਿਵਾਜਿਆ ਗਿਆ।

ਕਲਪਨਾ ਚਾਵਲਾ ਦੇ ਵਾਰਸ ਵਜੋਂ ਆਪਣਾ ਨਾਂਅ ਚਮਕਾਇਆ ਸੁਨੀਤਾ ਵਿਲੀਅਮਜ਼ ਨੇ। ਅਮਰੀਕੀ ਪੁਲਾੜ ਏਜੰਸੀ ਨਾਸਾ ਦੀ ਸਹਾਇਤਾ ਨਾਲ ਪੁਲਾੜ ਵਿੱਚ ਜਾਣ ਵਾਲੀ ਭਾਰਤੀ ਮੂਲ ਦੀ ਦੂਸਰੀ ਭਾਰਤੀ ਨਾਰੀ ਹੈ ਸੁਨੀਤਾ ਵਿਲੀਅਮਜ਼। ਉਸ ਦਾ ਪਿਛੋਕੜ ਗੁਜਰਾਤ ਦੇ ਅਹਿਮਦਾਬਾਦ ਨਾਲ ਜੁੜਦਾ ਹੈ। ਵਰਤਮਾਨ ਉੱਡਣ ਤੋਂ ਪਹਿਲਾਂ ਸੁਨੀਤਾ ਵਿਲੀਅਮਜ਼ ਨੇ ਪੁਲਾੜ ਵਿੱਚ ਰਿਕਾਰਡ 322 ਦਿਨ ਬਿਤਾਏ ਹਨ ਅਤੇ ਉਨ੍ਹਾ ਦੇ ਨਾਂਅ ਸਭ ਤੋਂ ਵੱਧ ਘੰਟੇ ਸਪੇਸ ਵਾਕ ਕਰਨ ਵਾਲੀ ਮਹਿਲਾ ਵਿਗਿਆਨੀ ਹੋਣ ਦਾ ਰਿਕਾਰਡ ਹੈ। ਵਿਲੀਅਮਜ਼ ਪਹਿਲੀ ਵਾਰ 9 ਦਸੰਬਰ 2006 ਨੂੰ ਪੁਲਾੜ ਵਿੱਚ ਗਈ ਸੀ ਅਤੇ 22 ਜੂਨ 2007 ਤੱਕ ਪੁਲਾੜ ਵਿੱਚ ਰਹੀ।ਸੁਨੀਤਾ ਵਿਲੀਅਮਜ਼ ਨੇ ਰਿਕਾਰਡ 29 ਘੰਟੇ 17 ਮਿੰਟ ਤੱਕ ਚਾਰ ਵਾਰ ਸਪੇਸ ਵਾਕ ਕੀਤੀ। ਇਸ ਤੋਂ ਬਾਅਦ ਸੁਨੀਤਾ ਵਿਲੀਅਮਜ਼ 14 ਜੁਲਾਈ 2012 ਨੂੰ ਦੂਜੀ ਵਾਰ ਪੁਲਾੜ ਯਾਤਰਾ 'ਤੇ ਗਈ ਅਤੇ 18 ਨਵੰਬਰ 2012 ਤੱਕ ਪੁਲਾੜ 'ਚ ਰਹੀ। ਆਪਣੀ ਉਮਰ ਦੇ 59ਵੇਂ ਸਾਲ ਵਿੱਚ ਸੁਨੀਤਾ ਨੇ ਇਸੇ ਸਾਲ ਯਾਨੀ ਕਿ 7 ਜੂਨ 2024 ਨੂੰ ਤੀਜੀ ਵਾਰ ਸਪੇਸ ਵਾਕ ਕੀਤਾ। ਹੋਰ ਬਹੁਤ ਸਾਰੇ ਮੈਡਲਾਂ ਦੀ ਜੇਤੂ ਸੁਨੀਤਾ ਵਿਲੀਅਮਜ਼ ਨੂੰ ਭਾਰਤ ਸਰਕਾਰ ਨੇ 2008 ਵਿੱਚ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ।

ਤਥਾਕਥਿਤ ਅਛੂਤਾਂ ਦੀ ਭਲਾਈ ਲਈ ਕੰਮ ਕਰਨ ਵਾਲੀ ਸਵਿਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਹੋਇਆ। ਆਪਣੇ ਪਤੀ ਜੋਤੀਬਾ ਫੂਲੇ ਨਾਲ ਮਿਲ ਕੇ ਉਸ ਨੇ ਇਸਤਰੀ ਸਿੱਖਿਆ ਅਤੇ ਔਰਤ ਅਧਿਕਾਰਾਂ ਲਈ ਬਹੁਤ ਸਾਰੇ ਕੰਮ ਕੀਤੇ। ਸਵਿੱਤਰੀ ਬਾਈ ਕੁੜੀਆਂ ਲਈ ਬਣਾਏ ਗਏ ਪਹਿਲੇ ਸਕੂਲ ਦੀ ਪਹਿਲੀ ਅਧਿਆਪਕਾ ਬਣੀ। ਉਹ ਇੱਕ ਯੋਗ ਸਮਾਜ ਸੁਧਾਰਕ, ਇੱਕ ਅਧਿਆਪਕਾ ਅਤੇ ਇੱਕ ਵਧੀਆ ਮਰਾਠੀ ਕਵਿੱਤਰੀ ਸੀ।

1962 ਦੀ ਰਮਨ ਮੈਗਸੈਸੇ ਪੀਸ ਐਵਾਰਡ ਅਤੇ 1979 ਦੀ ਨੋਬਲ ਪੀਸ ਪ੍ਰਾਈਜ਼ ਵਿਜੇਤਾ ਮਦਰ ਟੈਰੇਸਾ ਇੱਕ ਅਲਬਿਨੀਅਨ ਸਾਧਵੀ ਸੀ। ਉਸ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਸਮਾਂ ਭਾਰਤ ਵਿੱਚ ਗਰੀਬਾਂ, ਬਿਮਾਰਾਂ, ਲਿਤਾੜਿਆਂ ਦੇ ਉਥਾਨ ਲਈ ਕੰਮ ਕਰਕੇ ਬਿਤਾਇਆ। 2012 ਵਿੱਚ ਦੁਨੀਆ ਭਰ ਦੇ 133 ਦੇਸ਼ਾਂ ਵਿੱਚ ਕੋਈ 4500 ਸਾਧਵੀਆਂ ਉਸ ਦੀ ਸੰਸਥਾ ਮਿਸ਼ਨਰੀ ਆਫ ਚੈਰਿਟੀ ਲਈ ਕੰਮ ਕਰਦੀਆਂ ਸਨ। 26 ਅਗਸਤ 1910 ਨੂੰ ਜਨਮੀ ਮਦਰ ਟੈਰੇਸਾ ਨੇ 5 ਸਤੰਬਰ 1997 ਨੂੰ ਕਲਕੱਤਾ ਵਿਖੇ ਆਖਰੀ ਸਾਹ ਲਏ।

ਅਜ਼ਾਦੀ ਤੋਂ ਬਾਅਦ ਦਿੱਲੀ ਦੀ ਪਹਿਲੀ ਮੇਅਰ ਬਣਨ ਵਾਲੀ ਅਰੁਣਾ ਆਸਫ਼ ਅਲੀ ਨੇ ਭਾਰਤ ਛੱਡੋ ਅੰਦੋਲਨ ਦੌਰਾਨ ਗੋਵਾਲੀਆ ਟੈਂਕ ਮੈਦਾਨ ਬੰਬਈ ਵਿਖੇ ਭਾਰਤ ਦਾ ਤਿਰੰਗਾ ਲਹਿਰਾ ਕੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਅਪਣਾ ਨਾਂਅ ਲਿਖਵਾਇਆ ਹੋਇਆ ਹੈ।ਅਚਾਰੀਆ ਕ੍ਰਿਪਲਾਨੀ ਦੀ ਪਤਨੀ ਸੁਚੇਤਾ ਕ੍ਰਿਪਲਾਨੀ ਨੇ ਆਜ਼ਾਦ ਭਾਰਤ ਵਿੱਚ ਉੱਤਰ ਪ੍ਰਦੇਸ਼ ਦੀ ਪਹਿਲੀ ਔਰਤ ਮੁੱਖ ਮੰਤਰੀ ਬਣਨ ਦਾ ਮਾਣ ਖੱਟਿਆ।

ਮਨੋਰੰਜਨ ਦੇ ਖੇਤਰ ਵਿੱਚ 36 ਤੋਂ ਵੱਧ ਭਾਸ਼ਾਵਾਂ ਵਿਚ ਗੀਤ ਰਿਕਾਰਡ ਕਰਵਾ ਕੇ ਲਤਾ ਮੰਗੇਸ਼ਕਰ ਨੇ ਭਾਰਤ ਰਤਨ ਅਤੇ ਬਾਬਾ ਸਾਹਿਬ ਫਾਲਕੇ ਪੁਰਸਕਾਰ ਪ੍ਰਾਪਤ ਕੀਤੇ।ਮਧੂ ਬਾਲਾ, ਆਸ਼ਾ ਪਾਰਿਖ, ਸ਼ਰਮੀਲਾ ਟੈਗੋਰ, ਹੇਮਾ ਮਾਲਿਨੀ, ਸ੍ਰੀ ਦੇਵੀ, ਮਾਧੁਰੀ ਦੀਕਸ਼ਤ, ਰੇਖਾ, ਨਰਗਿਸ ਦੱਤ ਨੇ ਰੰਗੀਨ ਪਰਦੇ 'ਤੇ ਆਪਣੀ ਕਲਾ ਅਤੇ ਖ਼ੂਬਸੂਰਤ ਅਦਾਵਾਂ ਦੇ ਰੰਗ ਬਿਖੇਰ ਕੇ ਨਾਮਣਾ ਖੱਟਿਆ।

ਖੇਡਾਂ ਦੇ ਖੇਤਰ ਵਿੱਚ ਮੈਰੀ ਕਾਮ , ਪੀ ਟੀ ਊਸ਼ਾ, ਪੀ ਵੀ ਸਿੰਧੂ, ਸਾਨੀਆ ਮਿਰਜ਼ਾ, ਬਛੇਂਦਰੀ ਪਾਲ ਅਤੇ ਸੰਤੋਸ਼ ਯਾਦਵ, ਸਾਨੀਆ ਨੇਹਵਾਲ, ਹਿਮਾ ਦਾਸ, ਕ੍ਰਿਕਟਰ ਮੈਤਾਲੀ ਰਾਜ ਅਤੇ ਹਰਪ੍ਰੀਤ ਕੌਰ, ਵੇਟ ਲਿਫਟਰ ਕਰਨਮ ਮਲੇਸ਼ਵਰੀ ਅਤੇ ਮੀਰਾ ਬਾਈ ਚਾਨੂੰ, ਫੋਗਾਟ ਸਿਸਟਰਜ਼ ਅਤੇ ਸਾਕਸ਼ੀ ਮਲਿਕ ਨੇ ਦੇਸ਼-ਵਿਦੇਸ਼ ਵਿੱਚ ਭਾਰਤ ਦਾ ਨਾਂਅ ਚਮਕਾਇਆ ਹੈ।

ਉਪਰੋਕਤ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ, ਹਰੀ ਸਿੰਘ ਨਲੂਏ ਦੀ ਮਾਤਾ, ਬੰਦਾ ਸਿੰਘ ਬਹਾਦਰ ਦੀ ਮਾਤਾ , ਡਾ: ਮਨਮੋਹਨ ਸਿੰਘ ਦੀ ਮਾਤਾ, ਭਗਤ ਪੂਰਨ ਸਿੰਘ ਪਿੰਗਲਵਾੜਾ ਦੀ ਮਾਤਾ ਮਹਿਤਾਬ ਕੌਰ, ਸ਼ਹੀਦੇ ਆਜ਼ਮ ਭਗਤ ਸਿੰਘ ਦੀ ਮਾਤਾ, ਭਾਈ ਕਨ੍ਹੱਈਆ ਜੀ ਦੇ ਮਾਤਾ ਜੀ ਨੂੰ ਅਸੀਂ ਗੁੰਮਨਾਮ ਔਰਤਾਂ ਵਿਚ ਸ਼ਾਮਲ ਕਰ ਸਕਦੇ ਹਾਂ। ਸਲਾਮ ਹੈ ਇਹਨਾਂ ਵੀਰਾਂਗਣਾਂ ਦੀ ਕੁੱਖ ਨੂੰ, ਜਿਸ ਵਿੱਚੋਂ ਜਨਮ ਲੈ ਕੇ ਇਹਨਾਂ ਦੀ ਯੋਗ ਔਲਾਦ ਨੇ ਇਤਿਹਾਸ ਵਿੱਚ ਆਪਣਾ ਨਾਂਅ ਲਿਖਵਾਇਆ ਹੋਇਆ ਹੈ।

**# ਸੰਪਰਕ : 98727-87243**

# ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ 'ਚ ਵਾਧਾ, ਸ਼ਹਿਰ 'ਚ ਸਹਿਮ ਦਾ ਮਾਹੌਲ

- ਪੁਲਸ ਪ੍ਰਸ਼ਾਸਨ ਸਮਾਜ ਵਿਰੋਧੀ ਅਨਸਰਾਂ 'ਤੇ ਕਰੇ ਸਖ਼ਤੀ : ਚੌਹਾਨ
- ਸੀ ਪੀ ਆਈ ਦੀ ਸ਼ਹਿਰੀ ਕਮੇਟੀ ਵੱਲੋਂ ਐੱਸ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਸ਼ਹਿਰ ਵਿੱਚ ਦਿਨੋਂ ਦਿਨ ਵਧ ਰਹੀਆਂ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਸਬੰਧੀ ਸੀ ਪੀ ਆਈ ਸ਼ਹਿਰੀ ਕਮੇਟੀ ਦੇ ਸਕੱਤਰ ਸਾਥੀ ਰਤਨ ਭੋਲਾ ਤੇ ਸਰਵ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਮਾਨਸਾ ਦੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਮਾਨਸਾ ਦੀ ਅਗਵਾਈ ਹੇਠ ਇੱਕ ਵਫ਼ਦ ਐੱਸ ਐੱਸ ਪੀ ਡਾ. ਨਾਨਕ ਸਿੰਘ ਨੂੰ ਮਿਲਿਆ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਕਾਰਵਾਈ ਸਬੰਧੀ ਮੰਗ ਪੱਤਰ ਸੌਂਪਿਆ ਗਿਆ।

ਇਸ ਸਮੇਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਕਿਹਾ ਕਿ ਦਿਨੋਂ ਦਿਨ ਵਧ ਰਹੀਆਂ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਕਰਕੇ ਸ਼ਹਿਰੀਆਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ, ਜਦੋਂਕਿ ਸਮਾਜ ਵਿਰੋਧੀ ਅਨਸਰਾਂ ਦਾ ਸ਼ਹਿਰ ਵਿੱਚ ਸ਼ਰੇਆਮ ਘੁੰਮਣਾ ਆਮ ਸ਼ਹਿਰੀਆਂ ਤੇ ਵਿਸ਼ੇਸ਼ ਕਰਕੇ ਔਰਤਾਂ ਤੇ ਸਕੂਲਾਂ ਕਾਲਜਾਂ ਦੀਆਂ ਵਿਦਿਆਰਥਣਾ ਲਈ ਖਤਰਨਾਕ ਸਾਬਿਤ ਹੋ ਰਿਹਾ ਹੈ। ਕਮਿਊਨਿਸਟ ਆਗੂਆਂ ਨੇ ਮੰਗ ਕੀਤੀ ਸਮਾਜ ਵਿਰੋਧੀ ਅਨਸਰਾਂ 'ਤੇ ਸ਼ੱਕੀ ਲੋਕਾਂ ਦੀ ਗਹਿਰਾਈ ਤੇ ਖੁਫੀਆ ਢੰਗ ਨਾਲ ਪੜਤਾਲ ਕਰਕੇ ਉਨ੍ਹਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਜ਼ਰੂਰਤ ਹੈ, ਕਿਉਂਕਿ ਹਰ ਰੋਜ਼ ਸ਼ਹਿਰ ਦੇ ਵੱਖ ਵੱਖ ਹਿੱਸਿਆਂ, ਦੁਕਾਨਾਂ ਤੇ ਘਰਾਂ ਤੋਂ ਸਾਈਕਲ, ਮੋਟਰਸਾਈਕਲ ਆਦਿ ਵਹੀਕਲਜ਼ ਚੁੱਕੇ ਜਾ ਰਹੇ ਹਨ ਤੇ ਆਮ ਲੋਕਾਂ, ਔਰਤਾਂ ਤੇ ਮਰਦਾਂ ਦੀ ਸ਼ਰੇਆਮ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ।ਸੀ ਪੀ ਆਈ ਸ਼ਹਿਰ ਕਮੇਟੀ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲੁੱਟ-ਖਸੁੱਟ ਤੇ ਚੋਰੀਆਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਫੌਰੀ ਸਖ਼ਤ ਕਦਮ ਚੁੱਕੇ ਜਾਣ।ਵਫ਼ਦ 'ਚ ਹੋਰਨਾਂ ਤੋਂ ਇਲਾਵਾ ਸੀ ਪੀ ਆਈ ਆਗੂ ਸਾਧੂ ਰਾਮ ਢਲਾਈ ਵਾਲੇ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਏਟਕ ਦੇ ਲਾਭ ਸਿੰਘ ਮੰਢਾਲੀ, ਦੋਧੀ ਯੂਨੀਅਨ ਦੇ ਬੇਅੰਤ ਸਿੰਘ ਤੇ ਪ੍ਰੇਮ ਖਿਆਲਾ ਆਦਿ ਸ਼ਾਮਲ ਸਨ।

## ਨਰਮੇ ਦੀ ਫ਼ਸਲ ਨੂੰ ਪੈਂਦੀ ਬਿਮਾਰੀ 'ਤੇ ਸਰਕਾਰਾਂ ਕਾਬੂ ਪਾਉਣ 'ਚ ਨਾਕਾਮ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਿਸਾਨ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਦੀਆਂ ਨੀਤੀਆਂ ਅਨੁਸਾਰ ਜੇਕਰ ਘੱਟ ਪਾਣੀ ਵਾਲੀਆਂ ਫਸਲਾਂ ਜਿਵੇਂ ਨਰਮਾ ਪੈਦਾ ਕਰਦਾ ਹੈ, ਪਰ ਇਸ ਫਸਲ ਨੂੰ ਹਰ ਸਾਲ ਜੋ ਬਿਮਾਰੀ ਪੈ ਜਾਂਦੀ ਹੈ, ਸਰਕਾਰਾਂ ਉਸ ਦਾ ਸਹੀ ਹੱਲ ਕਿਉਂ ਨਹੀਂ ਕੱਢਦੀਆਂ? ਜੇਕਰ ਕਿਸਾਨਾਂ ਨੇ ਬਿਮਾਰੀ ਕਾਰਨ ਆਪਣੀ ਨਰਮੇ ਦੀ ਫ਼ਸਲ ਬੀਜਣੀ ਬੰਦ ਕਰ ਦਿੱਤੀ, ਫਿਰ ਉਹ ਵੱਧ ਪਾਣੀ ਲੈਣ ਵਾਲੀ ਝੋਨੇ ਦੀ ਫ਼ਸਲ ਹੀ ਬੀਜਣਗੇ, ਜਿਸ ਨਾਲ ਪਹਿਲੋਂ ਹੀ ਧਰਤੀ ਹੇਠਲੇ ਪਾਣੀ ਦੀ ਸਤ੍ਹਾ ਬਹੁਤ ਘੱਟ ਜਾਣ ਕਾਰਨ ਹੋਰ ਘੱਟ ਜਾਵੇਗੀ।ਇਸ ਤਰ੍ਹਾਂ ਤਾਂ ਸਰਕਾਰਾਂ ਦੀਆਂ ਦਿਸ਼ਾਹੀਣ ਨੀਤੀਆਂ ਦੀ ਬਦੌਲਤ ਜ਼ਮੀਨ ਬੰਜਰ ਹੋ ਕੇ ਰਹਿ ਜਾਵੇਗੀ, ਜਿਸ ਲਈ ਸਰਕਾਰਾਂ ਹੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।ਇਹ ਵਿਚਾਰ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਸਾਨਾਂ ਦੀ ਨਰਮੇ ਦੀ ਫ਼ਸਲ ਦੀ ਪੈਦਾਵਾਰ ਉਤੇ ਹਰ ਸਾਲ ਬਿਮਾਰੀ ਪੈਣ ਨੂੰ ਸਰਕਾਰਾਂ ਦੀਆਂ ਦਿਸ਼ਾਹੀਣ ਨੀਤੀਆਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਤੇ ਕਿਸਾਨਾਂ ਦੀ ਮਾਲੀ ਹਾਲਤ ਨੂੰ ਬਿਹਤਰ ਬਣਾਉਣ ਲਈ ਸਰਕਾਰਾਂ ਵੱਲੋਂ ਜ਼ਿੰਮੇਵਾਰੀ ਨਾ ਨਿਭਾਉਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਇਸ ਗੱਲ 'ਤੇ ਵੀ ਡੂੰਘਾਂ ਦੁੱਖ ਜ਼ਾਹਰ ਕੀਤਾ ਕਿ ਪੰਜਾਬ ਦੇ ਮਾਲ ਵਿਭਾਗ ਦੇ ਮਹਿਕਮੇ ਦੇ ਨਿਯਮਾਂ ਅਨੁਸਾਰ ਜੇਕਰ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲੇ ਘੱਗਰ ਦਰਿਆ, ਪੰਜਾਬ ਦੀਆਂ ਨਹਿਰਾਂ, ਨਦੀਆਂ, ਨਾਲਿਆਂ ਦੇ ਬੰਨ੍ਹਾਂ ਨੂੰ ਮਜ਼ਬੂਤ ਨਹੀਂ ਕੀਤਾ ਜਾਂਦਾ, ਸਫਾਈ ਨਹੀਂ ਕੀਤੀ ਜਾਂਦੀ, ਤਾਂ ਇਹ ਤਾਂ ਮਾਲ ਵਿਭਾਗ ਦੇ ਮਹਿਕਮੇ ਤੇ ਸੰਬੰਧਤ ਅਫਸਰਾਨ ਦੀ ਬਹੁਤ ਵੱਡੀ ਗੈਰ-ਜ਼ਿੰਮੇਵਰਾਨਾ ਕਾਰਵਾਈ ਹੈ।ਜੇ ਇਸ ਵਾਰੀ ਇਹ ਜ਼ਿੰਮੇਵਾਰੀ ਸੰਜੀਦਗੀ ਨਾਲ ਪੂਰੀ ਨਾ ਕੀਤੀ ਗਈ ਤਾਂ ਅਸੀਂ ਮਾਲ ਵਿਭਾਗ ਦੇ ਮਹਿਕਮੇ ਦੇ ਸੰਬੰਧਤ ਅਧਿਕਾਰੀਆਂ ਤੇ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਅਣਗਹਿਲੀ ਵਿਰੁੱਧ ਪੰਜਾਬ ਹਰਿਆਣਾ ਹਾਈ ਕੋਰਟ ਤੇ ਸੁਪਰੀਮ ਕੋਰਟ ਤੱਕ ਜਾਵਾਂਗੇ।

# ਨਸ਼ੇ ਦੀ ਓਵਰਡੋਜ਼ ਨਾਲ ਸਾਬਕਾ ਕਬੱਡੀ ਖਿਡਾਰੀ ਦੀ ਮੌਤ



**ਨਾਭਾ (ਵਰਿੰਦਰ ਵਰਮਾ)**-ਬੀਤੇ ਕੱਲ੍ਹ ਨਾਭਾ ਦੀ ਸਬ ਤਹਿਸੀਲ ਭਾਦਸੋਂ ਵਿਖੇ ਸਤਵਿੰਦਰ ਸਿੰਘ ਉਮਰ 37 ਸਾਲਾ ਨੌਜਵਾਨ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਜੋ ਕਬੱਡੀ ਦਾ ਇੱਕ ਸਾਬਕਾ ਤੇ ਵਧੀਆ ਖਿਡਾਰੀ ਸੀ। ਬੀਤੇ ਸਮੇਂ ਦੌਰਾਨ ਸੱਟ ਲੱਗਣ ਦੇ ਕਾਰਨ ਉਸ ਨੇ ਕਬੱਡੀ ਦੀ ਖੇਡ ਛੱਡ ਕੇ ਇੱਕ ਪ੍ਰਾਈਵੇਟ ਫੈਕਟਰੀ ਵਿੱਚ ਕੰਮ ਕਰਨ ਲੱਗ ਗਿਆ, ਉੱਥੇ ਉਸ ਦੀ ਦੋਸਤੀ ਇੱਕ ਨੌਜਵਾਨ ਨਾਲ ਹੋਈ ਤੇ ਜਿਸ ਤੋਂ ਬਾਅਦ ਉਸ ਦੋਸਤ ਨੇ ਉਸ ਨੂੰ ਚਿੱਟੇ ਦੀ ਓਵਰਡੋਜ਼ ਦੇ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।ਮੌਤ ਤੋਂ ਬਾਅਦ ਵੀ ਉਹ ਚਾਰ ਘੰਟੇ ਤੋਂ ਬਾਅਦ ਉਸ ਨੂੰ ਘਰ ਛੱਡ ਕੇ ਆਇਆ ਤੇ ਪਰਿਵਾਰ ਨੂੰ ਬਿਲਕੁਲ ਅੰਦਾਜ਼ਾ ਨਹੀਂ ਹੋਣ ਦਿੱਤਾ ਕਿ ਸਤਵਿੰਦਰ ਸਿੰਘ ਦੀ ਮੌਤ ਹੋ ਗਈ ਹੈ ਅਤੇ ਪਰਿਵਾਰ ਨੂੰ ਇਹ ਦਿਲਾਸਾ ਦਿੱਤਾ ਕਿ ਇਸ ਨੇ ਸ਼ਰਾਬ ਦਾ ਵੱਧ ਸੇਵਨ ਕਰ ਲਿਆ ਹੈ, ਜਿਸ ਕਰਕੇ ਇਸ ਨੂੰ ਆਰਾਮ ਕਰਨ ਦਿਓ, ਜਦੋਂ ਪਰਿਵਾਰ ਨੂੰ ਕੁਝ ਸਮੇਂ ਬਾਅਦ ਪਤਾ ਲੱਗ ਗਿਆ ਕਿ ਉਸ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਦੋ ਬੱਚਿਆਂ ਨੂੰ ਛੱਡ ਗਿਆ ਹੈ ਅਤੇ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੈ।ਇਸ ਮਾਮਲੇ 'ਤੇ ਪ੍ਰੈੱਸ ਕਾਨਫਰੰਸ ਦੌਰਾਨ ਡੀ ਐੱਸ ਪੀ ਦਵਿੰਦਰ ਅੱਤਰੀ ਤੇ ਐੱਸ ਐੱਚ ਓ ਇੰਦਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਸਤਵਿੰਦਰ ਸਿੰਘ ਦੀ ਚਿੱਟੇ ਦੀ ਓਵਰਡੋਜ਼ ਨਾਲ ਮੌਤ ਹੋਈ ਹੈ।ਇਸ ਮੌਤ ਦਾ ਕਾਰਨ ਉਸ ਦਾ ਦੋਸਤ ਹੀ ਹੈ।ਇਸ ਸਬੰਧੀ ਅਸੀਂ ਮ੍ਰਿਤਕ ਦੇ ਦੋਸਤ ਤੇ ਹੋਰ ਬਾਕੀ 8-9 ਵਿਅਕਤੀਆਂ ਦੇ ਖਿਲਾਫ ਮਾਮਲਾ ਦਰਜ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਬਾਕੀ ਅਰੋਪੀਆਂ ਦੀ ਭਾਲ ਜਾਰੀ ਹੈ।

# ਮੋਟਰਸਾਈਕਲ ਚੋਰੀ ਕਰਕੇ ਕਤਲ ਕਰਨ ਵਾਲੇ ਸ਼ਾਤਰ ਬਦਮਾਸ਼ ਗ੍ਰਿਫ਼ਤਾਰ



**ਜਗਰਾਉਂ (ਅਮਿਤ ਖੰਨਾ)**-ਪੁਲਸ ਨੇ ਉਨ੍ਹਾਂ ਲੁਟੇਰਿਆਂ ਤੇ ਕਾਤਲਾਂ ਦੀ ਜੋੜੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ, ਜਿਨਾਂ ਵੱਲੋਂ ਪਿਛਲੇ ਦਿਨੀਂ ਪਿੰਡ ਗਿੱਧੜਵਿੰਡੀ ਦੇ ਇੱਕ ਕਿਸਾਨ ਦੇ ਘਰੋਂ ਬੁਲਟ ਮੋਟਰਸਾਈਕਲ ਚੋਰੀ ਕੀਤਾ ਤੇ ਫਰਾਰ ਹੋ ਗਏ ਸਨ।ਕਿਸਾਨ ਦੇ ਦੋ ਪੁੱਤਰਾਂ ਵੱਲੋਂ ਇਨ੍ਹਾਂ ਚੋਰਾਂ ਦਾ ਪਿੱਛਾ ਕਰਨ 'ਤੇ ਇਨ੍ਹਾਂ ਵੱਲੋਂ ਪਿੱਛਾ ਕਰ ਰਹੇ ਇੱਕ ਨੌਜਵਾਨ ਨੂੰ ਤੇਜ਼ਧਾਰ ਹਥਿਆਰ ਮਾਰ ਕੇ ਕਤਲ ਕਰ ਦਿੱਤਾ ਸੀ, ਜਿਸ ਕਾਰਨ ਇਹ ਘਟਨਾ ਲੁਧਿਆਣਾ ਦਿਹਾਤੀ ਪੁਲਸ ਦੇ ਲਈ ਵੀ ਚੋਰਾਂ ਤੇ ਕਾਤਲ ਬਦਮਾਸ਼ਾਂ ਨੂੰ ਕਾਬੂ ਕਰਨਾ ਵਕਾਰ ਦਾ ਸਵਾਲ ਬਣਿਆ ਹੋਇਆ ਸੀ, ਜਿਸ ਲਈ ਐਸਐਸਪੀ ਲੁਧਿਆਣਾ ਦਿਹਾਤ ਪੁਲਸ ਵੱਲੋਂ ਵੀ ਅਲੱਗ ਅਲੱਗ ਟੀਮਾਂ ਬਣਾ ਕੇ ਇਨਾ ਚੋਰ ਕਾਤਲਾਂ ਨੂੰ ਕਾਬੂ ਕਰਨ ਲਈ ਮੁਹਿੰਮ ਵਿੱਢ ਦਿੱਤੀ ਸੀ।ਲੁਧਿਆਣਾ ਦਿਹਾਤ ਪੁਲਸ ਦੇ ਐਸਐਸਪੀ ਨਵਨੀਤ ਸਿੰਘ ਬੈਂਸ ਨੇ ਇੱਕ ਪ੍ਰੈੱਸ ਮਿਲਣੀ ਦੌਰਾਨ ਇਨ੍ਹਾਂ ਲੁਟੇਰਿਆਂ ਨੂੰ ਕਾਬੂ ਕੀਤੇ ਜਾਣ ਬਾਰੇ ਦੱਸਿਆ।ਉਨ੍ਹਾਂ ਮੁਤਾਬਕ ਥਾਣਾ ਸਿੱਧਵਾਂ ਬੇਟ ਦੇ ਐਸਐਚਓ ਇੰਸਪੈਕਟਰ ਜਸਵੀਰ ਸਿੰਘ ਦੀ ਟੀਮ ਨੇ ਥਾਣਾ ਸਿਧਵਾਂ ਬੇਟ ਵਿਖੇ ਦਰਜ ਕਤਲ ਕੇਸ ਦੀ ਗੁੱਥੀ ਨੂੰ ਸੁਲਝਾ ਲਿਆ ਹੈ ਤੇ ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਐਸਐਸਪੀ ਨੇ ਦੱਸਿਆ ਕਿ ਇਹ ਦੋਵੇਂ ਲੇਬਰ ਦਾ ਕੰਮ ਕਰਦੇ ਹਨ ਤੇ ਇਨ੍ਹਾਂ ਕੋਲ ਮੋਬਾਇਲ ਨਹੀਂ ਹੈ, ਜਿਸ ਕਾਰਨ ਇਨ੍ਹਾਂ ਨੂੰ ਹਿਊਮਨ ਇੰਟੈਲੀਜੈਂਸ ਦੀ ਮਦਦ ਨਾਲ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦੋਸ਼ੀ ਦਵਿੰਦਰ ਸਿੰਘ ਉਰਫ ਕਾਕਾ ਉੱਪਰ ਪਹਿਲਾਂ ਵੀ ਥਾਣਾ ਸੁਧਾਰ ਵਿਖੇ ਧਾਰਾ 363/ 366/ 376 ਅਧੀਨ ਮੁਕਦਮਾ ਦਰਜ ਹੈ।

# ਫਿਰੋਜ਼ਪੁਰ 'ਚ ਚੱਲੀ ਗੋਲੀ, ਇੱਕ ਜ਼ਖਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਸਰਕੂਲਰ ਰੋਡ 'ਤੇ ਕਾਰ ਸਵਾਰਾਂ ਵੱਲੋਂ ਇਕ ਵਿਅਕਤੀ ਦੀ ਕਾਰ ਵਿੱਚ ਟੱਕਰ ਮਾਰਨ ਦਾ ਕਾਰਨ ਪੁੱਛਣ 'ਤੇ ਪਿਸਤੌਲ ਨਾਲ ਫਾਇਰ ਕਰ ਦਿੱਤੇ, ਇਸ ਦੌਰਾਨ ਇਕ ਫਾਇਰ ਵਿਅਕਤੀ ਦੇ ਗੱਟੇ 'ਤੇ ਲੱਗਾ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਦੋ ਬਾਏ ਨੇਮ ਵਿਅਕਤੀਆਂ ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜਬੀਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਮੂਸੇਵਾਲਾ ਨੇ ਦੱਸਿਆ ਕਿ ਉਹ ਆਪਣੇ ਦੋਸਤਾਂ ਨਾਲ ਕਾਰ ਵਰਨਾ 'ਤੇ ਸਵਾਰ ਹੋ ਕੇ ਸੈਲੀਬਰੇਸ਼ਨ ਪੈਲੇਸ ਵਿੱਚ ਪ੍ਰੋਗਰਾਮ 'ਤੇ ਗਏ ਸੀ ਤੇ ਪ੍ਰੋਗਰਾਮ ਤੋਂ ਬਾਅਦ ਉਹ ਵਾਪਸ ਆ ਰਹੇ ਸੀ ਤਾਂ ਰੇਲਵੇ ਪੁਲ ਪਾਸ ਇਕ ਆਲਟੋ ਕਾਰ ਦੇ ਡਰਾਈਵਰ ਵੱਲੋਂ ਕਾਰ ਗਲਤ ਸਾਇਡ 'ਤੇ ਕਾਰ ਕਰਨ ਸਮੇਂ ਉਨ੍ਹਾਂ ਦੀ ਕਾਰ ਨਾਲ ਟਕਰਾ ਗਈ ਤੇ ਕਾਰ ਭਜਾ ਕੇ ਸ਼ਹਿਰ ਵੱਲ ਲੈ ਗਏ। ਰਾਜਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਕਾਰ ਦਾ ਪਿੱਛਾ ਕਰਕੇ ਕਾਰ ਰੋਕ ਲਈ ਤੇ ਕਾਰ ਚਾਲਕ ਵਿਮਲਪ੍ਰੀਤ ਸਿੰਘ ਵਾਸੀ ਪਿੰਡ ਚੰਗਾਲੀ ਜਦੀਦ ਨੂੰ ਕਾਰ ਨਾਲ ਟੱਕਰ ਮਾਰਨ ਬਾਰੇ ਪੁੱਛਿਆ ਤਾਂ ਐਨੇ ਚਿਰ ਨੂੰ ਹਰਮਨ ਸਾਮਾ ਵਾਸੀ ਪਿੰਡ ਜੋਈਆਂ ਵਾਲਾ ਖੁਰਦ ਤੇ ਇਕ ਅਣਪਛਾਤਾ ਵਿਅਕਤੀ ਮੋਟਰਸਾਈਕਲ 'ਤੇ ਆ ਗਿਆ, ਜਿਸ ਦੇ ਹੱਥ ਵਿਚ ਬੇਸਬਾਲ ਬੈਟ ਸੀ ਤੇ ਬਹਿਸਬਾਜ਼ੀ ਦੌਰਾਨ ਅਣਪਛਾਤੇ ਨੌਜਵਾਨ ਨੇ ਤਹਿਸ਼ ਵਿੱਚ ਆ ਕੇ ਆਪਣੀ ਡੱਬ ਵਿੱਚੋਂ ਪਿਸਤੌਲ ਕੱਢ ਲਿਆ ਤੇ ਇੱਕ ਉਪਰ ਨੂੰ ਫਾਇਰ ਕੀਤਾ। ਰਾਜਬੀਰ ਸਿੰਘ ਨੇ ਦੱਸਿਆ ਕਿ ਦੋਸ਼ੀ ਨੇ ਤਿੰਨ ਫਾਇਰ ਹੇਠਾਂ ਸੜਕ 'ਤੇ ਮਾਰੇ, ਜਿਨ੍ਹਾਂ ਵਿਚੋਂ ਇਕ ਫਾਇਰ ਉਸ ਦੀ ਖੱਬੀ ਲੱਤ 'ਤੇ ਗਿੱਟੇ ਉਪਰ ਲੱਗ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਮਾਲਬ੍ਰੋਸ ਸ਼ਰਾਬ ਫੈਕਟਰੀ ਦੇ ਮਾਲਕ ਦੇ ਟਿਕਾਣਿਆਂ 'ਤੇ ਈ ਡੀ ਦੀ ਰੇਡ



**ਜ਼ੀਰਾ (ਨਰਿੰਦਰ ਅਨੇਜਾ)**-ਪਿਛਲੇ ਦੋ ਸਾਲ ਤੋਂ ਲਗਾਤਾਰ ਬੰਦ ਚੱਲ ਰਹੀ ਮਾਲਬ੍ਰੋਸ ਜ਼ੀਰਾ ਸ਼ਰਾਬ ਫੈਕਟਰੀ ਦੇ ਬਾਹਰ ਸਾਂਝਾ ਮੋਰਚਾ ਵੱਲੋਂ ਧਰਨਾ ਦਿੱਤਾ ਗਿਆ ਹੈ। ਅੱਜ ਸਵੇਰੇ 7 ਵਜੇ ਸ਼ਰਾਬ ਫੈਕਟਰੀ ਦੇ ਮਾਲਕ ਦੀਪ ਮਲਹੋਤਰਾ ਦੇ ਵੱਖ ਵੱਖ ਟਿਕਾਣਿਆਂ 'ਤੇ ਈ ਡੀ ਵੱਲੋਂ ਰੇਡ ਕੀਤੀ ਗਈ, ਜਿਸ ਦੀ ਜਾਣਕਾਰੀ ਦਿੰਦੇ ਹੋਏ ਮਾਲਬ੍ਰੋਸ ਸ਼ਰਾਬ ਫੈਕਟਰੀ ਦੇ ਬਾਹਰ ਬੈਠੇ ਧਰਨਾਕਾਰੀ ਆਗੂ ਰੋਮਨ ਬਰਾੜ ਨੇ ਦੱਸਿਆ ਕਿ ਈ ਡੀ ਵੱਲੋਂ ਜੋ ਰੇਡ ਕੀਤੀ ਗਈ ਹੈ, ਇਹ ਮਨੀ ਲਾਂਡਰਿੰਗ ਦੇ ਤਹਿਤ ਕੀਤੀ ਗਈ ਹੈ, ਜਿਸ ਦੀ ਜਾਣਕਾਰੀ ਅਧਿਕਾਰੀਆਂ ਵੱਲੋਂ ਦਿੱਤੀ ਗਈ। ਉਸ ਨੇ ਦੱਸਿਆ ਕਿ 8 ਤੋਂ 10 ਗੱਡੀਆਂ, ਜਿਨ੍ਹਾਂ ਵਿੱਚ ਅਧਿਕਾਰੀ ਬੈਠ ਕੇ ਆਏ ਹਨ, ਉਨ੍ਹਾਂ ਵੱਲੋਂ ਅੰਦਰ ਦਫਤਰਾਂ ਵਿੱਚ ਛਾਣਬੀਣ ਕੀਤੀ ਜਾ ਰਹੀ ਹੈ ਤੇ ਕਿਸੇ ਵੀ ਵਿਅਕਤੀ ਨੂੰ ਅੰਦਰ ਆਉਣ ਜਾਣ ਦੀ ਇਜਾਜ਼ਤ ਨਹੀਂ ਹੈ।ਨਾਲ ਹੀ ਉਸ ਨੇ ਦੱਸਿਆ ਕਿ ਐੱਨਜੀਟੀ ਦੇ 18 ਤਰੀਕ ਦਿੱਲੀ ਵਿੱਚ ਪਈ ਹੋਈ ਹੈ, ਜਿਹੜੀ ਕਿ ਅਖੀਰਲੀ ਸੁਣਵਾਈ ਹੈ। ਉਸ ਨੇ ਦੱਸਿਆ ਕਿ ਮਾਲਬ੍ਰੋਸ ਫੈਕਟਰੀ ਦੇ ਜੋ ਅਧਿਕਾਰੀ ਹਨ, ਉਹ ਵੀ ਉੱਥੇ ਪਹੁੰਚਣਗੇ ਤੇ ਸਾਡੇ ਵੱਲੋਂ ਵੀ ਉੱਥੇ ਸਾਂਝਾ ਮੋਰਚਾ ਦੇ ਆਗੂ ਪਹੁੰਚਣਗੇ। ਉਸ ਨੇ ਦੱਸਿਆ ਕਿ ਸਾਂਝਾ ਮੋਰਚਾ ਜ਼ੀਰਾ ਵੱਲੋਂ ਇਕ ਬੱਸ ਭਰ ਕੇ ਦਿੱਲੀ ਲਈ ਰਵਾਨਾ ਹੋ ਰਹੀ ਹੈ ਤੇ ਅਸੀਂ ਪੰਜਾਬ ਸਰਕਾਰ ਤੋਂ ਆਸ ਕਰਦੇ ਹਾਂ ਕਿ ਸ਼ਰਾਬ ਫੈਕਟਰੀ ਨੂੰ ਲਿਖਤੀ ਰੂਪ ਵਿੱਚ ਬੰਦ ਕੀਤਾ ਜਾਵੇ, ਜੇ ਫੈਕਟਰੀ ਇਹ ਬੰਦ ਨਹੀਂ ਹੁੰਦੀ ਤਾਂ ਅਸੀਂ ਸੰਘਰਸ਼ ਨੂੰ ਹੋਰ ਤੇਜ਼ ਕਰਾਂਗੇ।

## ਭਲਕੇ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਦਿੱਤੇ ਜਾਣਗੇ ਮੰਗ ਪੱਤਰ : ਐੱਸ ਕੇ ਐੱਮ

**ਮੋਗਾ (ਇਕਬਾਲ ਸਿੰਘ ਖਹਿਰਾ)**-ਅੱਜ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਮੁੱਖ ਦਫਤਰ ਮੋਗਾ ਵਿਖੇ ਜ਼ਿਲ੍ਹਾ ਐੱਸ ਕੇ ਐੱਮ ਦੀ ਮੀਟਿੰਗ ਪਰਗਟ ਸਿੰਘ ਸਾਫੂਵਾਲਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਵੱਖ ਵੱਖ ਜਥੇਬੰਦੀਆਂ ਨੇ ਆਪੋ ਆਪਣੇ ਵਿਚਾਰ ਰੱਖੇ ਉਪਰੰਤ ਇਹ ਫੈਸਲਾ ਹੋਇਆ ਕਿ ਜੋ ਐੱਸ ਕੇ ਐੱਮ ਵੱਲੋਂ 17-18 ਨੂੰ ਰਾਜ ਸਭਾ ਲੋਕ ਸਭਾ ਮੈਂਬਰਾਂ ਨੂੰ ਮੰਗ ਪੱਤਰ ਦੇਣ ਦਾ ਪ੍ਰਮਾਣ ਜਾਰੀ ਹੋਇਆ ਉਸ ਮੁਤਾਬਿਕ ਐਸ ਕੇ ਐਮ ਜਿਲ੍ਹਾ ਮੋਗਾ 18 ਜੁਲਾਈ ਨੂੰ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਨੂੰ ਫਰੀਦਕੋਟ ਵਿਖੇ ਮੰਗ ਪੱਤਰ ਸੌਂਪੇਗਾ। ਮੀਟਿੰਗ ਦੌਰਾਨ ਐਸ ਕੇ ਐਮ ਦੇ ਆਗੂਆਂ ਨੇ ਇੱਕ ਸੁਰ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਬਿਜਲੀ ਸਪਲਾਈ ਨਿਰਵਿਘਨ 8 ਤੋਂ 10 ਘੰਟੇ ਦਿੱਤੀ ਜਾਵੇ, ਨਾਲ ਹੀ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਕਿਸਾਨਾਂ ਨੂੰ ਨਹਿਰੀ ਪਾਣੀ ਨਿਰਵਿਘਨ ਮੁਹੱਈਆ ਕਰਵਾਇਆ ਜਾਵੇ। ਇਸ ਸਮੇਂ ਭੁਪਿੰਦਰ ਸਿੰਘ ਦੌਲਤਪੁਰਾ ਜ਼ਿਲ੍ਹਾ ਪ੍ਰਧਾਨ ਬੀ.ਕੇ.ਯੂ ਲੱਖੋਵਾਲ, ਪਰਗਟ ਸਿੰਘ ਸਾਫੂਵਾਲਾ ਕਿਰਤੀ ਕਿਸਾਨ ਯੂਨੀਅਨ, ਗੁਲਜਾਰ ਸਿੰਘ ਘਲ ਕਲਾਂ ਲੱਖੋਵਾਲ, ਮੁਕੰਦ ਸਿੰਘ ਕਮਲ ਬੀਕੇਯੂ ਕਾਦੀਆਂ, ਨਰਿੰਦਰ ਸਿੰਘ ਬੁੱਕਣ ਵਾਲਾ ਕੌਮੀ ਕਿਸਾਨ ਯੂਨੀਅਨ, ਹਰਦਿਆਲ ਸਿੰਘ ਘਾਲੀ ਕੁੱਲ ਹਿੰਦ ਕਿਸਾਨ ਸਭਾ, ਤਰਸੇਮ ਸਿੰਘ ਕੁੱਲ ਹਿੰਦ ਕਿਸਾਨ ਸਭਾ, ਜੋਧ ਸਿੰਘ ਬੀ.ਕੇ.ਯੂ. ਪੰਜਾਬ ਤੋਤੇ ਵਾਲਾ, ਮਹਿਲ ਸਿੰਘ ਬੀ.ਕੇ.ਯੂ ਪੰਜਾਬ ਤੋਤੇ ਵਾਲਾ, ਮੇਜਰ ਸਿੰਘ ਡਰੋਲੀ ਲੱਖੋਵਾਲ, ਗੁਰਮੇਲ ਸਿੰਘ ਡਰੋਲੀ ਲੱਖੋਵਾਲ ਆਦਿ ਹਾਜ਼ਰ ਸਨ।

## ਕਿਸੇ ਵੀ ਸਫਾਈ ਕਰਮਚਾਰੀ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ : ਗਹਿਰੀ

*ਮੰਗਾਂ ਨਾ ਮੰਨਣ 'ਤੇ ਤਿੱਖੇ ਸੰਘਰਸ਼ ਦਾ ਐਲਾਨ*

*ਕਾਮਿਆਂ ਦੇ ਹੱਕ 'ਚ ਡਟੀ ਦਲਿਤ ਮਹਾਂਪੰਚਾਇਤ ਪੰਜਾਬ*



**ਭਗਤਾ ਭਾਈ ਕਾ (ਰਾਜੀਵ ਗੋਇਲ)**-ਪਿਛਲੇ ਕਈ ਦਿਨਾਂ ਤੋਂ ਸਥਾਨਕ ਨਗਰ ਪੰਚਾਇਤ ਦੇ ਸਫਾਈ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਤੇ ਜਾ ਰਹੇ ਧਰਨੇ ਦੇ ਸੰਬੰਧ ਵਿੱਚ ਨੈਸ਼ਨਲ ਦਲਿਤ ਮਹਾਂਪੰਚਾਇਤ ਪੰਜਾਬ ਦੇ ਚੇਅਰਮੈਨ ਕਿਰਨਜੀਤ ਸਿੰਘ ਗਹਿਰੀ ਵੱਲੋਂ ਇਨ੍ਹਾਂ ਕਾਮਿਆਂ ਦੇ ਹੱਕ ਵਿੱਚ ਸਮਰਥਨ ਦਿੰਦੇ ਹੋਏ ਕਿਹਾ ਗਿਆ ਹੈ ਕਿ ਸੂਬੇ ਅੰਦਰ ਉਹ ਕਿਸੇ ਵੀ ਸਫਾਈ ਕਰਮੀ ਨਾਲ ਧੱਕਾ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਨਗਰ ਪੰਚਾਇਤ, ਭਗਤਾ ਵਿਖੇ ਪਹੁੰਚ ਕੇ ਇਨ੍ਹਾਂ ਕਾਮਿਆਂ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਇਨ੍ਹਾਂ ਕਾਮਿਆਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਤਿੱਖੇ ਸੰਘਰਸ਼ ਦਾ ਐਲਾਨ ਕਰਨਗੇ। ਹੋਰ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਮੁਲਾਜ਼ਮਾਂ ਤੋਂ ਬਹੁਤ ਹੀ ਨਾਮਾਤਰ ਤਨਖਾਹਾਂ ਦੇ ਕੇ ਕੰਮ ਕਰਵਾ ਰਹੀ ਹੈ। ਸੂਬਾ ਸਰਕਾਰ ਇਨ੍ਹਾਂ ਗਰੀਬਾਂ ਨੂੰ ਝਾੜੂ ਦੇ ਨਿਸ਼ਾਨ ਦਾ ਭੁਲੇਖਾ ਦੇ ਕੇ ਸੱਤਾ ਵਿੱਚ ਆਈ ਹੈ ਅਤੇ ਸੱਤਾ 'ਚ ਆਉਣ ਤੋਂ ਪਹਿਲਾਂ ਹਰ ਗਰੀਬ ਦੀ ਹਮਦਰਦੀ ਕਹਾਉਣ ਵਾਲੀ ਪਾਰਟੀ ਅੱਜ ਇਨ੍ਹਾਂ ਗਰੀਬਾਂ ਨਾਲ ਹੀ ਧੱਕਾ ਕਰ ਰਹੀ ਹੈ। ਦੱਸਣਾ ਬਣਦਾ ਹੈ ਕਿ ਨਗਰ ਪੰਚਾਇਤ ਭਗਤਾ ਵੱਲੋਂ ਆਪਣਾ ਹੁਕਮਰਾਨੀ ਫੁਰਮਾਨ ਜਾਰੀ ਕਰਦੇ ਹੋਏ ਦਫਤਰ ਦੇ ਹੇਠਲੇ ਪੱਧਰ ਦੇ ਕਰੀਬ ਪੰਜ ਲੋਕਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਹੈ, ਜਿਸ ਦੇ ਸੰਬੰਧ ਵਿੱਚ ਕਾਮਿਆਂ ਵੱਲੋਂ ਪਿਛਲੇ ਚਾਰ ਦਿਨਾਂ ਤੋਂ ਹੜਤਾਲ ਕੀਤੀ ਹੋਈ ਹੈ। ਕਾਮਿਆਂ ਵੱਲੋਂ ਕੀਤੀ ਇਸ ਹੜਤਾਲ ਕਾਰਨ ਸ਼ਹਿਰ ਅੰਦਰ ਸਫਾਈ ਵਿਵਸਥਾ ਦਾ ਢਾਂਚਾ ਹਿੱਲ ਚੁੱਕਾ ਹੈ ਤੇ ਲੋਕ ਗੰਦਗੀ ਦੇ ਲੱਗੇ ਢੇਰਾਂ ਵਿੱਚੋਂ ਲੰਘਣ ਲਈ ਮਜਬੂਰ ਹਨ।

# ਆਈ ਈ ਆਰ ਟੀ 'ਚ ਹੱਕੀ ਮੰਗਾਂ ਨੂੰ ਲੈ ਕੇ ਸਰਕਾਰ ਖਿਲਾਫ ਰੋਸ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਰਵ ਸਿੱਖਿਆ ਅਭਿਆਨ (ਸਮੱਗਰਾ) ਅਧੀਨ ਕੰਮ ਕਰਦੇ ਇੰਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ (ਆਈ ਈ ਆਰ ਟੀ) ਦੀ ਤਨਖਾਹ ਵਿੱਚ ਸਾਲਾਨਾ ਵਾਧਾ ਨਾ ਕਰਨ ਤੇ ਰੈਗੂਲਰ ਦੇ ਆਰਡਰ ਨਾ ਦੇਣ ਕਾਰਨ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਹੈ। ਇੰਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ (ਆਈ ਈ ਆਰ ਟੀ) ਸਾਲ 2005 (18 ਸਾਲਾਂ) ਤੋਂ ਸਰਵ ਸਿੱਖਿਆ ਅਭਿਆਨ ਅਥਾਰਟੀ (ਸਮੱਗਰਾ) ਪੰਜਾਬ ਅਧੀਨ ਕੰਮ ਕਰ ਰਹੇ ਹਨ ਜੋ ਕਿ ਦਿਵਿਆਂਗ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਕਰਦੇ ਹਨ।ਇੰਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ (ਆਈ ਈ ਆਰ ਟੀ) ਨੂੰ ਰੈਗੂਲਰ ਕਰਨ ਤੇ ਤਨਖਾਹ ਵਿੱਚ ਵਾਧੇ ਲਈ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਮਿਤੀ 16.07.2024 ਨੂੰ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪਰ ਹੁਣ ਪੰਜਾਬ ਸਰਕਾਰ ਮੀਟਿੰਗ ਕਰਨ ਤੋਂ ਵੀ ਭੱਜ ਗਈ ਹੈ, ਜਿਸ ਕਾਰਨ ਪੰਜਾਬ ਦੇ ਸਮੂਹ ਵਿਸ਼ੇਸ਼ ਅਧਿਆਪਕ (ਆਈ ਈ ਆਰ ਟੀ) ਵਿੱਚ ਸਰਕਾਰ ਖਿਲਾਫ ਭਾਰੀ ਰੋਸ ਹੈ।ਯੂਨੀਅਨ ਵੱਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ 2015-16 ਦੀ ਕੱਟੀ ਗਈ ਤਨਖਾਹ ਦਾ ਬਕਾਇਆ, ਜੁਲਾਈ 2018 ਤੋਂ ਕੱਟੀ ਗਈ ਤਨਖਾਹ, ਸਮੱਗਰ ਸਿੱਖਿਆ ਅਭਿਆਨ ਦੇ ਕਰਮਚਾਰੀਆਂ ਵਾਂਗ 3% ਸਾਲਾਨਾ ਵਾਧਾ ਤੇ ਰੈਗੂਲਰ ਦੇ ਆਰਡਰ ਸਬੰਧੀ ਮੰਗਾਂ ਦੇ ਹੱਲ ਲਈ ਜਲਦ ਮੀਟਿੰਗ ਦਾ ਸਮਾਂ ਨਾ ਦਿੱਤਾ ਗਿਆ ਤਾਂ ਪੰਜਾਬ ਦੇ ਸਮੂਹ ਇੰਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ (ਆਈ ਈ ਆਰ ਟੀ) ਵੱਲੋਂ ਜਲਦ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤੇ ਜਾਣਗੇ।



## ਮਨਰੇਗਾ ਮਜ਼ਦੂਰਾਂ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਨਾਅਰੇਬਾਜ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕੰਮ ਨਾ ਮਿਲਣ ਤੋਂ ਅੱਕੇ ਮਨਰੇਗਾ ਮਜ਼ਦੂਰਾਂ ਨੇ ਆਗੂ ਹਰਜੀਤ ਸਿੰਘ ਖਿਆਲੀ ਦੀ ਅਗਵਾਈ ਹੇਠ ਬੀ ਡੀ ਪੀ ਓ ਦਫ਼ਤਰ ਮਹਿਲ ਕਲਾਂ ਮੂਹਰੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਮਨਰੇਗਾ ਕਾਮਿਆਂ ਨੂੰ ਸੌ ਦਿਨ ਰੁਜ਼ਗਾਰ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਏ ਸਾਲ ਮਨਰੇਗਾ ਫੰਡਾਂ ਉਪਰ ਕੱਟ ਲਾ ਕੇ ਮਜ਼ਦੂਰ ਵਰਗ ਨਾਲ ਧਰੋਹ ਕਮਾ ਰਹੀ ਹੈ।

ਸੂਬਾ ਸਰਕਾਰ ਵੱਲੋਂ ਨਰੇਗਾ ਕਾਨੂੰਨ ਨੂੰ ਠੋਸ ਰੂਪ ਵਿੱਚ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ।ਆਗੂ ਹਰਜੀਤ ਸਿੰਘ ਖਿਆਲੀ ਨੇ ਮਨਰੇਗਾ ਕਾਮਿਆਂ ਦੀਆਂ ਭਖਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਉਪਰ ਲਾਗੂ ਕਰਕੇ ਪੂਰਾ ਸੌ ਦਿਨ ਰੁਜ਼ਗਾਰ ਦੇਣ ਅਤੇ ਸਾਲ 'ਚ ਦੋ ਵਾਰ ਗ੍ਰਾਮ ਸਭਾ ਦਾ ਅਜਲਾਸ ਬੁਲਾਉਣਾ ਯਕੀਨੀ ਬਣਾਉਣ ਦੀ ਮੰਗ ਕੀਤੀ।ਆਗੂ ਖਿਆਲੀ ਨੇ ਦੱਸਿਆ ਕਿ ਇਲਾਕੇ ਦੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪਿੰਡ ਪਿੰਡ ਮਜ਼ਦੂਰ ਮੀਟਿੰਗਾਂ ਕਰਵਾਉਣ ਦੀ ਮੁਹਿੰਮ ਚਲਾਈ ਗਈ ਹੈ।ਉਨ੍ਹਾਂ ਮਜ਼ਦੂਰਾਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਸੁਰਜੀਤ ਸਿੰਘ, ਉਜਾਗਰ ਸਿੰਘ, ਅੰਗਰੇਜ ਸਿੰਘ, ਮਹਿੰਦਰ ਸਿੰਘ, ਪਿਆਰਾ ਸਿੰਘ, ਮੇਜਰ ਸਿੰਘ, ਮਨਜੀਤ ਕੌਰ, ਰਾਜਿੰਦਰ ਕੌਰ, ਬਿੰਦਰ ਕੌਰ, ਹਰਬੰਸ ਕੌਰ, ਪਰਮਜੀਤ ਕੌਰ, ਸੁਰਿੰਦਰ ਕੌਰ ਆਦਿ ਹਾਜ਼ਰ ਸਨ।

# ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਘਟੀਆ ਵਰਦੀਆਂ ਮਿਲਣ 'ਤੇ ਅਧਿਆਪਕ ਜਥੇਬੰਦੀਆਂ ਨੇ ਚੁੱਕੇ ਸਵਾਲ !

- ਟਾਈ, ਬੈਲਟ ਤੇ ਆਈ ਕਾਰਡ ਲੈਣੇ ਪੈਣਗੇ ਪੱਲਿਓਂ



**ਜਲਾਲਾਬਾਦ (ਪਰਮਜੀਤ ਢਾਬਾਂ)**-ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਨਿੱਕੜਿਆਂ (ਸਕੂਲੀ ਬੱਚਿਆਂ) ਨੂੰ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਲਈ ਘਟੀਆ ਕੱਪੜਾ ਵਰਤਣ ਤੇ ਸਕੂਲੀ ਬੱਚਿਆਂ ਨੂੰ ਟਾਈ, ਬੈਲਟ ਤੇ ਆਈਕਾਰਡ ਮੁਹੱਈਆ ਨਾ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ ਹੈ।ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਸਕੂਲਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਦੀ ਰਾਸ਼ੀ ਸਿੱਧੇ ਤੌਰ 'ਤੇ ਸਕੂਲ ਮੁਖੀਆਂ ਦੇ ਖਾਤੇ ਵਿੱਚ ਪਾਈ ਜਾਂਦੀ ਹੈ, ਪ੍ਰੰਤੂ ਫਾਜ਼ਿਲਕਾ ਅਧੀਨ ਆਉਂਦੇ ਜਲਾਲਾਬਾਦ ਬਲਾਕ ਨੰਬਰ 1 ਤੇ ਜਲਾਲਾਬਾਦ ਬਲਾਕ ਨੰਬਰ 2 ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਕਿਸੇ ਠੇਕੇਦਾਰ ਵੱਲੋਂ ਵਰਦੀਆਂ ਤਿਆਰ ਕਰਵਾ ਕੇ ਵੰਡੀਆਂ ਗਈਆਂ ਹਨ, ਜੋ ਕਿ ਮਿਆਰੀ ਤੌਰ 'ਤੇ ਬਹੁਤ ਘਟੀਆ ਹਨ।ਇਨ੍ਹਾਂ ਵਰਦੀਆਂ ਦੇ ਨਾਲ ਆਈਕਾਰਡ, ਟਾਈ ਤੇ ਬੈਲਟ ਮੁਹੱਈਆ ਨਹੀਂ ਕਰਵਾਈ ਗਈ, ਜਿਸ ਦਾ ਸਕੂਲ ਦੇ ਬੱਚਿਆਂ ਦੇ ਮਾਪਿਆਂ ਤੇ ਅਧਿਆਪਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਤੇ ਸਿੱਖਿਆ ਸਕੱਤਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੋਂ ਮੰਗ ਕਰਦਿਆਂ ਮਾਸਟਰ ਅਸ਼ੋਕ ਸਿੰਘ ਸਰਾਰੀ ਸੂਬਾ ਕਮੇਟੀ ਮੈਂਬਰ, ਮਾਸਟਰ ਜਗਨੰਦਨ ਸਿੰਘ ਹੈੱਡ ਟੀਚਰ ਪੰਜਾਬ ਪ੍ਰਧਾਨ, ਇੰਦਰਜੀਤ ਸਿੰਘ ਬਲਾਕ ਪ੍ਰਧਾਨ ਜਲਾਲਾਬਾਦ-1, ਦਲੀਪ ਸਿੰਘ ਸੈਣੀ ਬਲਾਕ ਪ੍ਰਧਾਨ ਜਲਾਲਾਬਾਦ-2, ਬਲਕਾਰ ਸਿੰਘ ਬਲਾਕ ਪ੍ਰਧਾਨ ਗੁਰੂ ਹਰਸਹਾਏ-3, ਹੈੱਡ ਟੀਚਰ ਮਦਨ ਲਾਲ, ਹੈੱਡ ਟੀਚਰ ਬਚਨ ਸਿੰਘ, ਮਾਸਟਰ ਪ੍ਰੇਮ ਸਿੰਘ, ਮਲਕੀਅਤ ਸਿੰਘ ਤੇ ਗੁਰਮੀਤ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਸਹੀ ਤੇ ਪੂਰੀਆਂ ਦਿੱਤੀਆਂ ਜਾਣ।ਉਨ੍ਹਾਂ ਕਿਹਾ ਕਿ ਇਸ ਵਾਰ ਠੇਕੇਦਾਰ ਵੱਲੋਂ ਤਿਆਰ ਕਰਵਾਈਆਂ ਵਰਦੀਆਂ, ਜਿਨ੍ਹਾਂ ਸਕੂਲਾਂ ਵਿੱਚ ਵੰਡੀਆਂ ਗਈਆਂ ਹਨ, ਉਹ ਮਿਆਰੀ ਤੌਰ 'ਤੇ ਬਹੁਤ ਘਟੀਆ ਹਨ ਅਤੇ ਉਨ੍ਹਾਂ ਦਾ ਮਾਪ ਵੀ ਬੱਚਿਆਂ ਦੇ ਹਾਣ ਦਾ ਨਹੀਂ ਬਣ ਰਿਹਾ। ਦੱਸਣਯੋਗ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਲਈ ਪ੍ਰਤੀ ਵਿਦਿਆਰਥੀ 600 ਰੁਪਏ ਸਕੂਲਾਂ ਦੇ ਖਾਤਿਆਂ 'ਚ ਪਾ ਦਿੱਤੇ ਜਾਂਦੇ ਸਨ।ਦੂਜੇ ਪਾਸੇ ਸਕੂਲ ਮੁੱਖੀ ਤੇ ਸਕੂਲ ਦੇ ਅਧਿਆਪਕ ਮਿਆਰੀ ਤੌਰ 'ਤੇ ਵਧੀਆ ਕੱਪੜਾ ਖਰੀਦ ਕੇ ਤੇ ਵਧੀਆ ਬਾਕੀ ਮਟੀਰੀਅਲ ਲੈ ਕੇ ਬੱਚਿਆਂ ਨੂੰ ਮੁਹੱਈਆ ਕਰਵਾਉਂਦੇ ਹਨ, ਜਿਸ ਨਾਲ ਬੱਚੇ ਤੇ ਉਨ੍ਹਾਂ ਦੇ ਮਾਪੇ ਬਹੁਤ ਖੁਸ਼ ਰਹਿੰਦੇ ਸਨ, ਪ੍ਰੰਤੂ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਇਸ ਵਾਰ ਠੇਕੇਦਾਰ ਵੱਲੋਂ ਤਿਆਰ ਕਰਵਾਈਆਂ ਵਰਦੀਆਂ, ਜੋ ਵਰਤੇ ਗਏ ਘਟੀਆ ਕੱਪੜੇ, ਸਹੀ ਨਾ ਆਏ ਬੂਟ, ਜ਼ੁਰਾਬਾਂ ਤੇ ਬਿਨਾਂ ਆਈਕਾਰਡ, ਬੈਲਟ ਤੇ ਟਾਈ ਤੋਂ ਬਗੈਰ ਬੱਚਿਆਂ ਅਤੇ ਅਧਿਆਪਕਾਂ ਦੀ ਚਿੰਤਾ ਵਧਾ ਦਿੱਤੀ ਹੈ।

ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਸ਼ਿਵਪਾਲ ਗੋਇਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੀ ਦੇਖ ਰੇਖ ਹੇਠ ਸੈਲਫ ਹੈਲਪ ਗਰੁੱਪ ਰਾਹੀਂ ਇਹ ਵਰਦੀਆਂ ਬਣਵਾਈਆਂ ਗਈਆਂ ਹਨ।ਜੇਕਰ ਵਰਦੀਆਂ ਦਾ ਵਰਤਿਆ ਗਿਆ ਕੱਪੜਾ ਘਟੀਆ ਹੈ ਤੇ ਬੱਚਿਆਂ ਨੂੰ ਘੱਟ ਮਟੀਰੀਅਲ ਮਿਲਿਆ ਹੈ, ਤਾਂ ਉਸ ਦੀ ਜਾਂਚ ਕਰਵਾਈ ਜਾਏਗੀ ਤੇ ਬਣਦੀ ਕਾਰਵਾਈ ਲਈ ਲਿਖਿਆ ਜਾਵੇਗਾ।

## ਪਤਨੀ ਨੂੰ ਮਾਰ ਕੇ ਨਹਿਰ 'ਚ ਸੁੱਟਿਆ, ਲਾਸ਼ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਰੱਤਾ ਖੇੜਾ ਪੰਜਾਬ ਸਿੰਘ ਵਾਲਾ ਵਿਖੇ ਇਕ ਵਿਅਕਤੀ ਵੱਲੋਂ ਆਪਣੀ ਪਤਨੀ ਨੂੰ ਮਾਰ ਕੇ ਨਹਿਰ ਵਿੱਚ ਸੁੱਟ ਦਿੱਤਾ, ਜਿਸ ਦੀ ਲਾਸ਼ੀ ਪਿੰਡ ਰੁਕਨਾ ਬੇਗੂ ਨਹਿਰ ਵਿੱਚੋਂ ਬਰਾਮਦ ਹੋਈ। ਇਸ ਸਬੰਧੀ ਥਾਣਾ ਘੱਲਖੁਰਦ ਪੁਲਸ ਨੇ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੇਜਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਦਾਰਾਪੁਰ ਜ਼ਿਲ੍ਹਾ ਮੋਗਾ ਨੇ ਦੱਸਿਆ ਕਿ ਉਸ ਦੀ ਲੜਕੀ ਚਰਨਜੀਤ ਕੌਰ ਦਾ ਵਿਆਹ 7 ਸਾਲ ਪਹਿਲਾਂ ਜਸਵੰਤ ਸਿੰਘ ਉਰਫ ਨਿੱਕਾ ਪੁੱਤਰ ਉਕਰਪਾਲ ਸਿੰਘ ਵਾਸੀ ਰੱਤਾ ਖੇੜਾ ਪੰਜਾਬ ਸਿੰਘ ਵਾਲਾ ਨਾਲ ਹੋਇਆ ਸੀ, ਜੋ ਜਸਵੰਤ ਸਿੰਘ ਆਪਣੀ ਪਤਨੀ ਚਰਨਜੀਤ ਕੌਰ ਨਾਲ ਲੜਾਈ ਝਗੜਾ ਕਰਦਾ ਰਹਿੰਦਾ ਸੀ। ਬੀਤੀ 13 ਜੁਲਾਈ 2024 ਨੂੰ ਜਿਸ ਨੇ ਅਪਾਣੀ ਪਤਨੀ ਨੂੰ ਮਾਰ ਕੇ ਨਹਿਰ ਪਿੰਡ ਰੱਤਾ ਖੇੜਾ ਪੰਜਾਬ ਸਿੰਘ ਤੋਂ ਭਾਂਗਰ ਨੂੰ ਜਾਂਦੀ ਸੜਕ 'ਤੇ ਬਣੇ ਨਹਿਰੀ ਪੁਲ ਤੋਂ ਨਹਿਰ ਵਿੱਚ ਸੁੱਟ ਦਿੱਤਾ, ਜਿਸ ਦੀ ਲਾਸ਼ ਪਿੰਡ ਰੁਕਨਾ ਬੇਗੂ ਨਹਿਰ ਵਿੱਚੋਂ ਬਰਾਮਦ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਮੁੱਖ ਅਫਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਦੇਸ਼ ਭਗਤ 'ਵਰਸਿਟੀ ਵਿਖੇ ਮੈਕਸੀਕਨ ਰਾਜਦੂਤ ਦਾ ਦੌਰਾ

- ਮੈਕਸੀਕੋ 'ਚ ਆਪਣੇ ਅਕਾਦਮਿਕ ਪੈਰ ਪਸਾਰਣ ਲਈ ਡੀ ਬੀ ਯੂ ਨੂੰ ਸੱਦਾ
- ਚਾਂਸਲਰ ਡਾ. ਜ਼ੋਰਾ ਸਿੰਘ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਤੇ ਮੋਵਸਤਕਾਨ ਫਾਊਂਡੇਸ਼ਨ ਵੱਲੋਂ ਸਾਂਝੇ ਤੌਰ 'ਤੇ ਡੀਬੀਯੂ ਦੇ ਵਿਦਿਆਰਥੀਆਂ ਲਈ ਅਕਾਦਮਿਕ ਸੈਸ਼ਨ ਦਾ ਆਯੋਜਨ ਕੀਤਾ ਗਿਆ।ਇਸ ਦੇ ਮੁੱਖ ਮਹਿਮਾਨ ਭਾਰਤ ਵਿੱਚ ਮੈਕਸੀਕਨ ਰਾਜਦੂਤ ਫੈਡਰਿਕੋ ਸੈਲਸ ਲੋਟਫੇ ਤੇ ਡੀਬੀਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਸਨ।ਇਸ ਤੋਂ ਇਲਾਵਾ ਡੀ ਬੀ ਯੂ ਦੀ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ, ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਡਾ: ਹਰਸ਼ ਸਦਾਵਰਤੀ ਡੀ.ਬੀ.ਯੂ. ਦੇ ਉੱਪ ਪ੍ਰਧਾਨ, ਸ਼੍ਰੀ ਮੋਹਿਤ ਸ਼੍ਰੀਵਾਸਤਵ, ਮੋਵਾਸਤਾਕਨ ਫਾਊਂਡੇਸ਼ਨ ਦੇ ਸੰਸਥਾਪਕ ਪ੍ਰਧਾਨ, ਪੰਜਾਬ ਮੱਧਮ ਉਦਯੋਗ ਵਿਕਾਸ ਬੋਰਡ ਦੇ ਵਾਈਸ ਚੇਅਰਮੈਨ ਐਡਵੋਕੇਟ ਪ੍ਰਵੀਨ ਸਿੰਘ ਹਾਜ਼ਰ ਸਨ।ਇਸ ਮੌਕੇ ਮੈਕਸੀਕਨ ਰਾਜਦੂਤ ਫੈਡਰਿਕੋ ਸਲਾਸ ਲੋਟਫੇ ਦਾ ਨਿੱਘਾ ਸਵਾਗਤ ਕੀਤਾ ਗਿਆ।

ਸੈਸ਼ਨ ਦੌਰਾਨ ਮੈਕਸੀਕੋ ਦੇ ਰਾਜਦੂਤ ਫੈਡਰਿਕੋ ਸੈਲਸ ਨੇ ਭਾਰਤ-ਮੈਕਸੀਕੋ ਵਪਾਰ ਤੇ ਅਕਾਦਮਿਕ ਸਬੰਧਾਂ ਨੂੰ ਵਧਾਉਣ ਵਿੱਚ ਪੰਜਾਬ ਦੀ ਭੂਮਿਕਾ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਚੰਗੇ ਖੇਤੀ ਅਭਿਆਸਾਂ ਤੇ ਉਦਯੋਗਿਕ ਵਿਕਾਸ ਲਈ ਉੱਚ ਸੰਭਾਵਨਾਵਾਂ ਲਈ ਜਾਣਿਆ ਜਾਂਦਾ ਹੈ, ਜੋ ਕਿ ਮੈਕਸੀਕੋ ਲਈ ਵੀ ਮੁੱਖ ਚਿੰਤਾਵਾਂ ਹਨ।ਇਹ ਸਾਂਝ ਮੋਵਸਤਕਾਨ ਫਾਊਂਡੇਸ਼ਨ ਵਰਗੀਆਂ ਦੋਸਤਾਨਾ ਸੰਸਥਾਵਾਂ ਦੇ ਸਕਾਰਾਤਮਕ ਯਤਨਾਂ ਨਾਲ ਅੱਗੇ ਵਧੇਗੀ।ਅਕਾਦਮਿਕ ਵਟਾਂਦਰੇ ਦੀ ਉੱਚ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਕਸੀਕਨ ਰਾਜਦੂਤ ਨੇ ਮੈਕਸੀਕਨ ਯੂਨੀਵਰਸਿਟੀਆਂ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਡੀਬੀਯੂ ਦੇ ਚਾਂਸਲਰ ਨੂੰ ਸੱਦਾ ਦਿੱਤਾ ਤੇ ਯੂਨੀਵਰਸਿਟੀ ਨੂੰ ਮੈਕਸੀਕੋ ਵਿੱਚ ਅਕਾਦਮਿਕ ਪੈਰ ਪਸਾਰਨ ਲਈ ਕਿਹਾ।

ਇਸ ਮੌਕੇ ਡੀ.ਬੀ.ਯੂ. ਦੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਤੋਂ ਉਹ ਆਪਣੀ ਅੰਤਰਰਾਸ਼ਟਰੀ ਪਹੁੰਚ ਤੇ ਮੌਜੂਦਗੀ ਬਾਰੇ ਬਹੁਤ ਖਾਸ ਰਹੇ ਹਨ।ਉਸੇ ਸਾਲ ਦੌਰਾਨ ਸੇਂਟ ਵਿਨਸੈਂਟ, ਮੈਕਸੀਕੋ, ਯੂਏਈ, ਯੂਐੱਸਏ ਨਾਲ ਇੱਕ ਅਕਾਦਮਿਕ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾ ਕਿਹਾ ਕਿ ਉਹ ਚਾਹੁੰਦੇ ਹਨ ਕਿ ਦੇਸ਼ ਭਗਤ ਯੂਨੀਵਰਸਿਟੀ 'ਚ ਮੈਕਸੀਕਨ ਵਿਦਿਆਰਥੀ ਜੁੜਨ।

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਨੇ ਹਿਮਾਲਿਆ ਕਲੱਬ ਟਰੱਸਟ ਤੇ ਮੋਵਾਸਟਾਕਨ ਫਾਊਂਡੇਸ਼ਨ ਨਾਲ ਮਿਲ ਕੇ ਮੈਕਸੀਕਨ ਦੇ 100 ਹੋਣਹਾਰ ਵਿਦਿਆਰਥੀਆਂ ਲਈ ਸਕਾਲਰਸ਼ਿਪ ਪ੍ਰੋਗਰਾਮ ਦਾ ਐਲਾਨ ਕੀਤਾ ਅਤੇ ਮੈਕਸੀਕਨ ਰਾਜਦੂਤ ਫੈਡਰਿਕੋ ਸਲਾਸ ਨੂੰ ਡਰਾਫਟ ਪੇਸ਼ ਕੀਤਾ।ਮੋਵਾਸਟਾਕਨ ਫਾਊਂਡੇਸ਼ਨ ਨੇ ਮੈਕਸੀਕਨ ਰਾਜਦੂਤ ਫੈਡਰਿਕੋ ਸੈਲੇਸ ਨੂੰ ਕੂਟਨੀਤੀ ਦੇ ਖੇਤਰ ਵਿੱਚ ਉਨ੍ਹਾਂ ਦੇ ਮਿਸਾਲੀ ਸਮਰਪਣ ਤੇ ਯੋਗਦਾਨ ਅਤੇ ਅੰਤਰਰਾਸ਼ਟਰੀ ਅਕਾਦਮਿਕ ਖੇਤਰ ਵਿੱਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਲਈ ਸਨਮਾਨਤ ਕੀਤਾ।ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਮੈਕਸੀਕਨ ਰਾਜਦੂਤ ਫੈਡਰਿਕੋ ਸੈਲੇਸ ਦੁਆਰਾ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਤ ਕੀਤਾ ਗਿਆ।ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਅੰਬੈਸਡਰ ਸੈਲਸ ਤੇ ਹੋਰ ਪਤਵੰਤਿਆਂ ਨਾਲ ਗੱਲਬਾਤ ਕੀਤੀ।ਰਾਜਦੂਤ ਨੇ ਡੀਬੀਯੂ ਦਾ ਹਰਿਆ ਭਰਿਆ ਕੈਂਪਸ ਦੇਖ ਕੇ ਖੁਸ਼ੀ ਦਾ ਇਜ਼ਹਾਰ ਕੀਤਾ।


# ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

## 30 ਜੂਨ, 2024 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਨਤੀਜੇ

| ਵੇਰਵੇ | ਤਿਮਾਹੀ ਖਤਮ 30.06.2024 | ਤਿਮਾਹੀ ਖਤਮ 31.03.2024 | ਤਿਮਾਹੀ ਖਤਮ 30.06.2023 | ਸਾਲ ਖਤਮ 31.03.2024 |
|---|---|---|---|---|
| | ਅਣ-ਪੜਤਾਲੇ | ਅਣ-ਪੜਤਾਲੇ | ਅਣ-ਪੜਤਾਲੇ | ਪੜਤਾਲੇ |
| ਕਾਰੋਬਾਰਾਂ ਤੋਂ ਮਾਲੀਆ | 1148.48 | 1724.51 | 1040.4 | 5259.75 |
| ਕੁੱਲ ਆਮਦਨ | 1,149.60 | 1,726.57 | 1,040.40 | 5262.34 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ) | 124.44 | 360.43 | 113.09 | 802.96 |
| ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/ਹਾਨੀ (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 124.44 | 360.43 | 113.09 | 802.96 |
| ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/ਹਾਨੀ (ਵਿਸ਼ੇਸ਼ ਆਈਟਮਾਂ ਤੋਂ ਬਾਅਦ) | 93.08 | 268.44 | 84.07 | 583.20 |
| ਕੁੱਲ ਵਿਆਪਕ ਆਮਦਨ/(ਹਾਨੀ) ਮਿਆਦ ਲਈ | 82.87 | 270.18 | 84.07 | 584.94 |
| ਇਕੁਇਟੀ ਸ਼ੇਅਰ ਕੈਪੀਟਲ | 1,146.30 | 1,146.30 | 1,054.80 | 1,146.30 |
| ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) | – | – | – | 1958.15 |
| ਪ੍ਰਤੀ ਸ਼ੇਅਰ ਕਮਾਈ (ਰੁ. 10/- ਹਰੇਕ ਦਾ ਅੰਕਿਤ ਮੁੱਲ) | | | | |
| (ੲ) ਬੇਸਿਕ | 0.81 | 2.34 | 0.80 | 5.21 |
| (ਬੀ) ਡਲਿਊਟਿਡ | 0.81 | 2.34 | 0.72 | 5.21 |

ਟਿੱਪਣੀ 1: 30 ਜੂਨ 2024 ਨੂੰ ਖਤਮ ਹੋਈ ਤਿਮਾਹੀ ਲਈ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਸਿਫਾਰਸ਼ ਅਤੇ ਨਜ਼ਰਸਾਨੀ ਕੀਤੇ ਗਏ ਅਤੇ ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਵੱਲੋਂ ਉਨ੍ਹਾਂ ਦੀਆਂ 15.07.2024 ਨੂੰ ਹੋਈਆਂ ਸੰਬੰਧਤ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਹਨ।
ਟਿੱਪਣੀ 2: ਉਪਰੋਕਤ 30 ਜੂਨ, 2024 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ ਜੋ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ਼ ਕੋਲ ਦਾਇਰ ਕੀਤਾ ਗਿਆ ਹੈ। 30 ਜੂਨ 2024 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com & www.nseindia.com ਅਤੇ ਕੰਪਨੀ ਦੀ ਵੈੱਬਸਾਈਟ https://www.atamvalves.in 'ਤੇ ਉਪਲੱਬਧ ਹੈ।
ਟਿੱਪਣੀ 3: ਪਿਛਲੀ ਮਿਆਦ/ਸਾਲ ਦੇ ਅੰਕੜੇ, ਚਾਲੂ ਮਿਆਦ ਨਾਲ ਤੁਲਨਾ ਹਿੱਤ, ਜਿੱਥੇ ਲੋੜ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਵਾਸਤੇ ਅਤੇ ਤਰਫੋਂ ਆਤਮ ਵਾਲਵਜ਼ ਲਿਮਟਿਡ ਦੇ ਡਾਇਰੈਕਟਰਾਂ ਦੇ ਬੋਰਡ
ਸਹੀ/-
ਅਮਿਤ ਜੈਨ
ਪ੍ਰਬੰਧਕੀ ਨਿਰਦੇਸ਼ਕ
(ਡੀ ਆਈ ਐੱਨ-01063087)

ਸਥਾਨ : ਜਲੰਧਰ
ਮਿਤੀ : 15/07/2024

17-JULY-PAGE-7.qxd 7/16/2024 10:07 PM Page 1



# ਵਿਧਵਾ ਦੀ ਜ਼ਮੀਨ ਧੋਖੇ ਨਾਲ ਗਹਿਣੇ ਦੀ ਥਾਂ ਬੈ ਕਰਵਾਈ

## ਵਿਧਵਾ ਨੇ ਕੀਤੀ ਖੁਦਕੁਸ਼ੀ, ਦੋਸ਼ੀ ਪਿਓ-ਪੁੱਤ ਖਿਲਾਫ ਕੇਸ ਦਰਜ

**ਸਮਾਣਾ (ਇਕਬਾਲ ਸਿੰਘ ਬੱਲ)**-ਬੀਤੇ ਦਿਨ ਪਿੰਡ ਤਰਖਾਣ ਮਾਜਰਾ ਦੀ ਵਿਧਵਾ ਔਰਤ ਅੰਗਰੇਜ਼ ਕੌਰ ਪਤਨੀ ਗੁਰਜੰਟ ਸਿੰਘ ਵੱਲੋਂ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮ੍ਰਿਤਕ ਅੰਗਰੇਜ਼ ਕੌਰ ਦੇ ਪੁੱਤਰ ਲਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੀ ਮਾਤਾ ਅੰਗਰੇਜ਼ ਕੌਰ ਦੇ ਨਾਮ 6 ਕਨਾਲ 11 ਮਰਲੇ ਜ਼ਮੀਨ ਪਿੰਡ ਤਰਖਾਣ ਮਾਜਰਾ ਵਿਖੇ ਹੈ, ਜਿਸ ਵਿੱਚੋਂ 4 ਕਨਾਲ 10 ਮਰਲੇ ਜ਼ਮੀਨ ਮਦਨ ਸਿੰਘ ਪੁੱਤਰ ਮਾਘੀ ਰਾਮ ਤੇ ਗੁਰਵਿੰਦਰ ਸਿੰਘ ਪੁੱਤਰ ਮਦਨ ਸਿੰਘ ਨੂੰ 2 ਲੱਖ 50 ਹਜ਼ਾਰ ਰੁਪਏ ਵਿੱਚ ਗਹਿਣੇ ਦਿੱਤੀ ਸੀ, ਪ੍ਰੰਤੂ ਜਦੋਂ ਉਕਤ ਦੋਸ਼ੀਆਨ ਤਹਿਸੀਲ ਵਿੱਚ ਉਸ ਦੀ ਮਾਤਾ ਨੂੰ ਗਹਿਣੇ ਦੀ ਰਜਿਸਟਰੀ ਕਰਵਾਉਣ ਲਈ ਲੈ ਕੇ ਗਏ ਤਾਂ ਨਾਲ ਹੀ ਉਨ੍ਹਾਂ ਨੇ 2 ਕਨਾਲ 1 ਮਰਲਾ ਜ਼ਮੀਨ ਦੀ ਹਮਮਸ਼ਵਰਾ ਹੋ ਕੇ ਰਜਿਸਟਰੀ ਧੋਖੇ ਨਾਲ ਕਥਿਤ ਦੋਸ਼ੀ ਗੁਰਵਿੰਦਰ ਸਿੰਘ ਦੇ ਨਾਮ ਕਰਵਾ ਲਈ।ਮ੍ਰਿਤਕ ਅੰਗਰੇਜ਼ ਕੌਰ ਨੇ ਮਾਨਯੋਗ ਸਮਾਣਾ ਦੀਆਂ ਅਦਾਲਤਾਂ ਵਿਖੇ ਬੈ ਦੀ ਰਜਿਸਟਰੀ ਤੋੜਨ ਸਬੰਧੀ ਕੇਸ ਵੀ ਪਾਇਆ ਹੋਇਆ ਹੈ, ਜੋ ਸੁਣਵਾਈ ਅਧੀਨ ਹੈ।ਇਸ ਜ਼ਮੀਨੀ ਝਗੜੇ ਸਬੰਧੀ ਪਿਛਲੇ ਕਈ ਦਿਨਾਂ ਤੋਂ ਪੰਚਾਇਤਾਂ ਵੀ ਹੋ ਰਹੀਆਂ ਸਨ। ਬੀਤੇ ਦਿਨੀਂ ਜੋ ਪੰਚਾਇਤ ਨੇ ਫੈਸਲਾ ਕੀਤਾ, ਉਸ ਤੋਂ ਵਿਧਵਾ ਅੰਗਰੇਜ਼ ਕੌਰ ਨਾ-ਖੁਸ਼ ਸੀ, ਜਿਸ ਨੇ ਬੀਤੇ ਦਿਨ ਮੋਟਰ ਵਾਲੇ ਕੋਠੇ ਵਿੱਚ ਜ਼ਹਿਰੀਲੀ ਦਵਾਈ ਪੀ ਕੇ ਆਪਣੇ ਜੀਵਨ ਲੀਲ੍ਹਾ ਖਤਮ ਕਰ ਲਈ।ਥਾਣਾ ਸਦਰ ਸਮਾਣਾ ਪੁਲਸ ਨੇ ਮ੍ਰਿਤਕ ਅੰਗਰੇਜ਼ ਕੌਰ ਦੇ ਪੁੱਤਰ ਲਖਵਿੰਦਰ ਸਿੰਘ ਦੇ ਬਿਆਨ 'ਤੇ ਕਥਿਤ ਦੋਸ਼ੀਆਂ ਗੁਰਵਿੰਦਰ ਸਿੰਘ ਪੁੱਤਰ ਮਦਨ ਸਿੰਘ ਤੇ ਮਦਨ ਸਿੰਘ ਪੁੱਤਰ ਮਾਘੀ ਰਾਮ ਖਿਲਾਫ ਐੱਫ ਆਈ ਆਰ ਨੰਬਰ 99/24 ਅਧੀਨ ਧਾਰਾ 108.3 (5 ) ਬੀ ਐੱਨ ਐੱਸ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਖਬਰ ਲਿਖੇ ਜਾਣ ਤੱਕ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਹੋਈ ਸੀ, ਮੁਦਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਤੱਕ ਮੁਲਜ਼ਮ ਗ੍ਰਿਫਤਾਰ ਨਹੀਂ ਕੀਤੇ ਜਾਂਦੇ, ਉਦੋਂ ਤੱਕ ਉਹ ਆਪਣੇ ਮ੍ਰਿਤਕ ਮਾਤਾ ਅੰਗਰੇਜ਼ ਕੌਰ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਨਹੀਂ ਕਰਨਗੇ।


ਮ੍ਰਿਤਕ ਅੰਗਰੇਜ ਕੌਰ ਦੀ ਫਾਈਲ ਫੋਟੋ

# ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋਏ ਫਲ ਤੇ ਸਬਜ਼ੀਆਂ, ਅਸਮਾਨੀ ਚੜ੍ਹੀਆਂ ਕੀਮਤਾਂ



**ਬੁਢਲਾਡਾ (ਆਤਮਾ ਸਿੰਘ ਪਮਾਰ)**-ਪਿਛਲੇ ਦਿਨਾਂ ਦੌਰਾਨ ਸਬਜ਼ੀਆਂ ਤੇ ਫਲਾਂ ਦੀਆਂ ਕੀਮਤਾਂ 'ਚ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਕਾਰਨ ਫਲ ਤੇ ਸਬਜ਼ੀਆਂ ਗਰੀਬ ਤੇ ਮੱਧ ਵਰਗ ਦੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ।ਹਿਮਾਚਲ ਵਿੱਚ ਲਗਾਤਾਰ ਬਾਰਿਸ਼ ਹੋਣ ਕਾਰਨ ਟਮਾਟਰ ਦੇ ਭਾਅ ਅਸਮਾਨ ਛੂਹਣ ਲੱਗੇ ਹਨ।ਇਸ ਤੋਂ ਇਲਾਵਾ ਆਲੂ ਤੇ ਪਿਆਜ਼ ਸਮੇਤ ਹੋਰਨਾਂ ਸਬਜ਼ੀਆਂ ਦੇ ਭਾਅ ਵੀ ਕਾਫੀ ਵਧ ਗਏ ਹਨ।ਆਮ ਬਾਜ਼ਾਰ 'ਚ ਟਮਾਟਰ 80 ਰੁਪਏ ਪ੍ਰਤੀ ਕਿੱਲੋ, ਜਦੋਂਕਿ ਸਬਜੀ ਮੰਡੀਆਂ ਵਿੱਚ ਬੋਲੀ 'ਤੇ ਇਹ 40 ਤੋਂ 50 ਰੁਪਏ ਕਿੱਲੋ ਵਿਕ ਰਹੇ ਹਨ।ਪ੍ਰਚੂਨ ਵਿੱਚ ਸਬਜ਼ੀਆਂ ਵੇਚਣ ਵਾਲੇ ਇਸ ਸਮੇਂ ਚੋਖਾ ਮੁਨਾਫਾ ਲੈ ਰਹੇ ਹਨ।ਮਾਨਸੂਨ ਦੀ ਆਮਦ ਤੋਂ ਬਾਅਦ ਭਾਵੇਂ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲੀ ਹੈ, ਪਰ ਸਾਰੀਆਂ ਸਬਜ਼ੀਆਂ ਦੇ ਭਾਅ ਵਧਣ ਨਾਲ ਰਸੋਈ ਦਾ ਬੱਜਟ ਡਗਮਗਾ ਗਿਆ ਹੈ।ਇਕ ਮਹੀਨਾ ਪਹਿਲਾਂ ਟਮਾਟਰ 30 ਤੋਂ 35 ਰੁਪਏ ਕਿੱਲੋ ਵਿਕਦੇ ਸਨ।ਇਸ ਦੇ ਨਾਲ ਹੀ ਪਿਆਜ਼, ਆਲੂ, ਗੋਭੀ, ਸ਼ਿਮਲਾ ਮਿਰਚ, ਫਿਆਂਸਬੀਨ, ਹਰੀ ਮਿਰਚ, ਘੀਆ, ਬੰਦਗੋਭੀ, ਬੈਂਗਣ, ਭਿੰਡੀ, ਅਰਬੀ, ਕਰੇਲੇ ਆਦਿ ਸਬਜ਼ੀਆਂ ਦੇ ਇੱਕਦਮ ਭਾ ਵਧਣ ਕਾਰਨ ਇਹ ਮਹਿੰਗੀਆਂ ਵਿਕ ਰਹੀਆਂ ਹਨ।ਜਦੋਂ ਤੱਕ ਹਿਮਾਚਲ ਪ੍ਰਦੇਸ਼ ਵਿੱਚ ਬਾਰਿਸ਼ ਰੁਕ ਨਹੀਂ ਜਾਂਦੀ, ਉਦੋਂ ਤੱਕ ਸਬਜ਼ੀਆਂ ਦੇ ਭਾਅ 'ਚ ਕਮੀ ਆਉਣ ਦੀ ਕੋਈ ਉਮੀਦ ਨਹੀਂ ਹੈ।ਦਰਅਸਲ ਹਿਮਾਚਲ ਪ੍ਰਦੇਸ਼ ਵੱਡੀ ਗਿਣਤੀ ਵਿੱਚ ਟਮਾਟਰ ਸਪਲਾਈ ਕਰਦਾ ਹੈ ਤੇ ਭਾਰੀ ਬਾਰਿਸ਼ ਕਾਰਨ ਦਰਿਆ ਸ਼ੂਕ ਰਹੇ ਹਨ ਅਤੇ ਕਈ ਥਾਵਾਂ 'ਤੇ ਲੈਂਡ ਸਲਾਈਡਿੰਗ ਦੇਖਣ ਨੂੰ ਮਿਲੀ, ਜਿਸ ਕਾਰਨ ਸੜਕਾਂ ਬੰਦ ਹੋ ਜਾਣ ਕਾਰਨ ਟਮਾਟਰ ਤੇ ਹਿਮਾਚਲ ਤੋਂ ਆਉਣ ਵਾਲੀਆਂ ਸਬਜ਼ੀਆਂ ਦੀ ਸਪਲਾਈ ਵੀ ਘਟਣ ਲੱਗੀ ਹੈ।ਪਿਆਜ਼ ਤੇ ਆਲੂ ਦੇ ਭਾਅ ਵਿੱਚ ਵਾਧਾ, ਹਾਲਾਂਕਿ ਪਹਿਲੀ ਵਾਰ ਦੇਖਣ ਨੂੰ ਨਹੀਂ ਮਿਲ ਰਿਹਾ, ਸਗੋਂ ਟਮਾਟਰ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਪਿਛਲੇ ਸਾਲ ਮਾਨਸੂਨ ਦੌਰਾਨ ਟਮਾਟਰ 350 ਤੋਂ 400 ਰੁਪਏ ਕਿੱਲੋ ਵਿਕੇ ਸਨ।

# ਤਰੱਕੀਆਂ ਦੇ ਨਾਂਅ 'ਤੇ ਮਾਸਟਰ ਕਾਡਰ ਦੀ ਖੱਜਲ-ਖੁਆਰੀ ਲਈ ਵਿਭਾਗ ਜ਼ਿੰਮੇਵਾਰ : ਆਗੂ

## ਸੀਨੀਆਰਤਾ ਸੂਚੀ ਦੀ ਸੁਧਾਈ ਬਿਨਾਂ ਕੀਤੀਆਂ ਪਦ ਉੱਨਤੀਆਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਸਿੱਖਿਆ ਵਿੱਚ ਸੁਧਾਰ ਕਰਨ ਦੇ ਦਾਅਵੇ ਕਰਨ ਵਾਲੀ ਆਪ ਸਰਕਾਰ ਵੱਲੋਂ ਕਾਹਲੀ ਵਿੱਚ ਕੀਤੀਆਂ ਗਈਆਂ ਤਰੱਕੀਆਂ ਮਾਸਟਰ ਕਾਡਰ ਲਈ ਖੱਜਲ ਖੁਆਰੀ ਦਾ ਸਬੱਬ ਬਣ ਗਈਆਂ ਹਨ।ਇਹ ਜਾਣਕਾਰੀ ਦਿੰਦਿਆਂ ਅਧਿਆਪਕਾਂ ਦੀ ਪ੍ਰਤੀਨਿਧ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਕਲਾਂ ਤੇ ਜ਼ਿਲ੍ਹਾ ਸਕੱਤਰ ਜੀਵਨ ਸਿੰਘ ਬਧਾਈ ਨੇ ਕਿਹਾ ਕਿ ਪਿਛਲੇ ਲੰਬੇ ਅਰਸੇ ਤੋਂ ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਦੀਆਂ ਖਾਮੀਆਂ ਨੂੰ ਦੂਰ ਕਰਨ ਵਿਚ ਅਸਫਲ ਰਹੀ ਹੈ।ਇਸ ਗੱਲ ਦਾ ਨਤੀਜਾ ਸਮੁੱਚੇ ਮਾਸਟਰ ਕਾਡਰ ਨੂੰ ਭੁਗਤਣਾ ਪੈ ਰਿਹਾ ਹੈ, ਜਿਸ ਦੀ ਮਿਸਾਲ ਹਾਲ ਹੀ ਵਿੱਚ ਜਾਰੀ ਕੀਤੀ ਗਈ ਪਦ-ਉੱਨਤੀ ਸੂਚੀ ਤੋਂ ਮਿਲਦੀ ਹੈ।ਆਗੂਆਂ ਨੇ ਕਿਹਾ ਸੀਨੀਆਰਤਾ ਸੂਚੀ ਵਿਚਲੀਆਂ ਖਾਮੀਆਂ ਕਾਰਨ ਕਾਹਲੀ ਵਿੱਚ ਜਾਰੀ ਕੀਤੀ ਗਈ ਪਦ-ਉੱਨਤੀਆਂ ਦੀ ਸੂਚੀ ਵਿੱਚ ਅਨੇਕਾਂ ਯੋਗ ਅਧਿਆਪਕ ਤਰੱਕੀਆਂ ਤੋਂ ਵਾਂਝੇ ਰਹਿ ਗਏ ਹਨ।ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸੇਤੀਆ, ਮੀਤ ਪ੍ਰਧਾਨ ਪਰਮਿੰਦਰ ਖੋਖਰ ਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਵਾਕਫ਼ ਨੇ ਕਿਹਾ ਹੈ ਕਿ 29 ਮਈ ਨੂੰ ਤਿੰਨ ਭਾਗਾਂ ਤੇ 13 ਉਪਭਾਗਾਂ ਵਿੱਚ ਜਾਰੀ ਕੀਤੀ ਗਈ ਸੀਨੀਆਰਤਾ ਸੂਚੀ ਵਿਚੋਂ ਆਪਣਾ ਨਾਂ ਲੱਭਣਾ ਹੀ ਅਧਿਆਪਕਾਂ ਲਈ ਸਿਰ ਦਰਦੀ ਦਾ ਕਾਰਨ ਬਣਿਆ ਰਿਹਾ।ਫਿਰ ਇਸੇ ਸੂਚੀ ਦੇ ਅਧਾਰ 'ਤੇ ਜਿੰਨੀ ਕਾਹਲੀ ਵਿੱਚ ਲੈਫਟ ਆਊਟ ਕੇਸਾਂ ਦੀ ਮੰਗ ਕੀਤੀ ਗਈ, ਉਨੀ ਹੀ ਕਾਹਲੀ ਵਿੱਚ ਪਦ-ਉੱਨਤੀਆਂ ਦੀ ਸੂਚੀ ਜਾਰੀ ਕਰ ਦਿੱਤੀ ਗਈ।ਜਦੋਂ ਯੋਗ ਅਧਿਆਪਕ ਵਰਗ ਵੱਲੋਂ ਇਸ ਸੂਚੀ 'ਤੇ ਇਤਰਾਜ਼ ਪ੍ਰਗਟਾਏ ਗਏ ਤਾਂ ਸਿੱਖਿਆ ਮੰਤਰੀ ਨੇ ਪਹਿਲਾਂ ਤਾਂ ਬੀਤੇ ਦਿਨ ਸਟੇਸ਼ਨ ਚੋਣ ਨੂੰ ਮੁਲਤਵੀ ਕਰ ਦਿੱਤਾ ਗਿਆ।ਫਿਰ ਅਧਿਆਪਕ ਵਰਗ ਵਿੱਚ ਪਾਏ ਜਾ ਰਹੇ ਰੋਸ ਨੂੰ ਵੇਖਦਿਆਂ ਸੂਚੀ ਨੂੰ ਹੀ ਰੱਦ ਕਰ ਦਿੱਤਾ ਗਿਆ।ਅਧਿਆਪਕ ਆਗੂਆਂ ਨੇ ਆਖਿਆ ਕਿ ਵਿਭਾਗ ਦੇ ਅਧਿਕਾਰੀਆਂ ਦੀਆਂ ਕਥਿਤ ਗਲਤੀਆਂ ਦੀ ਸਜ਼ਾ ਅਧਿਆਪਕਾਂ ਨੂੰ ਭੁਗਤਣੀ ਪੈ ਰਹੀ ਹੈ।ਉਨ੍ਹਾਂ ਸੀਨੀਆਰਤਾ ਸੂਚੀ ਵਿੱਚ ਸੋਧ ਕਰਕੇ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਤੁਰੰਤ ਕਰਨ ਦੀ ਮੰਗ ਕੀਤੀ ਹੈ।ਆਗੂਆਂ ਨੇ ਕਿਹਾ ਕਿ ਹਰ ਸਾਲ ਅਨੇਕਾਂ ਅਧਿਆਪਕ ਤਰੱਕੀਆਂ ਨੂੰ ਉਡੀਕਦੇ ਸੇਵਾ ਮੁਕਤ ਹੋ ਜਾਂਦੇ ਹਨ, ਇਸ ਲਈ ਹਰ ਕਾਡਰ ਲਈ ਹਰ ਸਾਲ ਤਰੱਕੀਆਂ ਕੀਤੀਆਂ ਜਾਣ।ਇਸ ਮੌਕੇ ਜ਼ਿਲ੍ਹਾ ਆਗੂ ਕੁਲਦੀਪ ਖੁੱਡੀਆਂ, ਤੇਜਿੰਦਰ ਸੋਥਾ, ਹਰਬੰਸ ਲਾਲ, ਚਰਨਜੀਤ ਅਟਵਾਲ, ਚਮਨ ਪ੍ਰਜਾਪਤੀ, ਕੁਲਵਿੰਦਰ ਸਿੰਘ, ਰਵਿੰਦਰ ਕੁਮਾਰ, ਸਰਬਜੀਤ ਭਾਗਸਰ, ਗੁਰਪ੍ਰੀਤ ਲੰਬੀ, ਗੁਰਵਰਿਆਮ ਸਰਾਵਾਂ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

## ਕਾਤਰਾਂ

### ਸਿਹਤ ਵਿਭਾਗ ਦੀ ਟੀਮ ਵੱਲੋਂ ਫਲਾਂ ਤੇ ਸਬਜ਼ੀਆਂ ਦੀਆਂ ਦੁਕਾਨਾਂ ਦਾ ਨਿਰੀਖਣ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਪੁਨੀਤ ਸਿੱਧੂ ਤੇ ਐੱਸ.ਐੱਮ.ਓ. ਡਾ. ਜੀ ਐੱਸ ਭਿੰਡਰ ਦੀ ਅਗਵਾਈ ਹੇਠ ਸਿਹਤ ਬਲਾਕ ਫਤਹਿਗੜ੍ਹ ਪੰਜਗਰਾਈਆਂ ਦੀ ਟੀਮ ਵੱਲੋਂ ਮੌਸਮੀ ਬਿਮਾਰੀਆਂ ਤੋਂ ਬਚਾਅ ਨੂੰ ਮੁੱਖ ਰੱਖਦੇ ਹੋਏ ਬਲਾਕ 'ਚ ਫਲਾਂ ਤੇ ਸਬਜ਼ੀਆਂ ਦੀਆਂ ਦੁਕਾਨਾਂ ਦਾ ਨਰੀਖਣ ਕੀਤਾ ਗਿਆ ਅਤੇ ਸਾਫ਼ ਸਫ਼ਾਈ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਐੱਸ.ਐੱਮ.ਓ. ਡਾ. ਜੀ ਐੱਸ ਭਿੰਡਰ ਨੇ ਕਿਹਾ ਕਿ ਬਾਰਿਸ਼ ਦੇ ਸੀਜ਼ਨ 'ਚ ਡਾਇਰੀਆ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ, ਇਸ ਲਈ ਸਾਰੀਆਂ ਖਾਣ-ਪੀਣ ਦੀਆਂ ਚੀਜ਼ਾਂ 'ਚ ਜ਼ਿਆਦਾ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਉਨ੍ਹਾ ਕਿਹਾ ਕਿ ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖਿਆ ਜਾਵੇ, ਗਲੇ ਸੜੇ ਫਲ ਸਬਜ਼ੀਆਂ ਨਾ ਵਰਤੀਆਂ ਜਾਣ ਤੇ ਸਾਫ਼ ਸਫ਼ਾਈ ਦਾ ਖ਼ਿਆਲ ਰੱਖਿਆ ਜਾਵੇ। ਇਸ ਮੌਕੇ ਐੱਸ ਆਈ ਗੁਲਜ਼ਾਰ ਖਾਨ, ਸਤਿੰਦਰ ਸਿੰਘ, ਬੀ.ਈ.ਈ. ਹਰਪ੍ਰੀਤ ਕੌਰ, ਹਰਭਜਨ ਸਿੰਘ ਐੱਸ ਆਈ, ਰਾਜੇਸ਼ ਰਿਖੀ ਆਦਿ ਹਾਜ਼ਰ ਸਨ।

### ਮਾਤਾ ਗੁਰਦੇਵ ਕੌਰ ਇੰਸ. ਦਾ ਡੀ ਐੱਲ ਐੱਡ ਦਾ ਨਤੀਜਾ ਸ਼ਾਨਦਾਰ



**ਬਰੇਟਾ (ਰੀਤਵਾਲ)**-ਸਥਾਨਕ ਮਾਤਾ ਗੁਰਦੇਵ ਕੌਰ ਮੈਮੋਰੀਅਲ ਐਜੂਕੇਸ਼ਨਲ ਇੰਸਟੀਚਿਊਟ ਬਰੇਟਾ ਦਾ ਡੀ. ਐੱਲ. ਐੱਡ. ਸੈਸ਼ਨ 2022-24 ਦੇ ਪਹਿਲੇ ਸਾਲ ਦਾ ਨਤੀਜਾ 100% ਰਿਹਾ। ਇਸ ਨਤੀਜੇ ਵਿੱਚ ਜਸ਼ਨਪ੍ਰੀਤ ਸ਼ਰਮਾ 1075/1150 (93.47), ਪੂਜਾ ਰਾਣੀ 1053/1150 (91.56), ਊਸ਼ਾ ਰਾਣੀ 1033/1150 (89.82) ਤੇ ਗੁਰਪ੍ਰੀਤ ਕੌਰ 1031/1150 (89.65) ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲੇ, ਦੂਜੇ, ਤੀਜੇ ਤੇ ਚੌਥੇ ਸਥਾਨ 'ਤੇ ਰਹੀਆਂ ਅਤੇ ਲਗਭਗ ਸਾਰੇ ਹੀ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਸੰਸਥਾ ਦੇ ਚੇਅਰਮੈਨ ਐਡਵੋਕੇਟ ਸ੍ਰ. ਪਰਮਿੰਦਰ ਸਿੰਘ ਕਟੌਦੀਆ ਨੇ ਪ੍ਰਿੰਸੀਪਲ, ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਸ਼ਲਾਘਾਯੋਗ ਨਤੀਜੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਸ਼ਿਵ ਸੇਵਾ ਸ਼ਕਤੀ ਆਸ਼ਰਮ ਵੱਲੋਂ ਭੰਡਾਰੇ ਲਈ ਟਰੱਕ ਰਵਾਨਾ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੇ ਸ਼ਿਵ ਸੇਵਾ ਸ਼ਕਤੀ ਆਸ਼ਰਮ ਤੇ ਨਗਰ ਦੇ ਸਮੂਹ ਸਹਿਯੋਗ ਨਾਲ ਕਾਂਵੜ ਯਾਤਰੀਆਂ ਲਈ ਲੰਗਰ ਲਗਾਉਣ ਲਈ ਰਾਸ਼ਨ ਦਾਟ ਰੱਕ ਰਵਾਨਾ ਕੀਤਾ ਗਿਆ। ਜਾਣਕਾਰੀ ਦਿੰਦਿਆਂ ਆਸ਼ਰਮ ਦੇ ਸੇਵਾਦਾਰ ਕ੍ਰਿਸ਼ਨ ਕੁਮਾਰ ਤੇ ਮਨਦੀਪ ਕੁਮਾਰ ਨੇ ਦੱਸਿਆ ਕਿ ਉਤਰਾਖੰਡ ਸੂਬੇ ਦੇ ਆਮਸੇਰਾ ਬੜੂਨ ਨਾਗਨੀ ਚੰਬਾ ਵਿਖੇ ਲਗਾਇਆ ਜਾਣ ਵਾਲਾ ਇਹ ਵਿਸ਼ਾਲ ਭੰਡਾਰਾ 17 ਜੁਲਾਈ ਤੋਂ ਸ਼ੁਰੂ ਹੋ ਕੇ ਪ੍ਰਭੂ ਇੱਛਾ ਤੱਕ ਚੱਲੇਗਾ। ਉਨ੍ਹਾਂ ਕਾਂਵੜ ਲੈ ਕੇ ਆਉਣ ਵਾਲੇ ਹਰੇਕ ਭਗਤ ਨੂੰ ਭੰਡਾਰੇ ਵਿੱਚ ਭੋਜਨ ਛਕਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਆਸ਼ਰਮ ਦੇ ਸਮੂਹ ਸੇਵਾਦਾਰ ਤੇ ਭੰਡਾਰੇ ਵਿੱਚ ਜਾਣ ਵਾਲੇ ਸ਼ਰਧਾਲੂ ਹਾਜ਼ਰ ਸਨ।

### ਥਾਣਾ ਬਰੇਟਾ ਪੁਲਸ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ

**ਬਰੇਟਾ (ਗੋਬਿੰਦ ਸ਼ਰਮ)**-ਥਾਣਾ ਬਰੇਟਾ ਪੁਲਸ ਵੱਲੋਂ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਵੱਖ ਵੱਖ ਥਾਵਾਂ 'ਤੇ ਛਾਂਦਾਰ ਬੂਟੇ ਲਗਾਏ ਗਏ।ਬੂਟੇ ਲਗਾਉਣ ਦੀ ਰਸਮ ਸਹਾਇਕ ਸਬ ਇੰਸਪੈਕਟਰ ਮੇਵਾ ਸਿੰਘ ਨੇ ਨਿਭਾਈ। ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਰੁੱਖ ਲਗਾਉਣੇ ਅਤਿ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਦਰੱਖਤਾਂ ਦੀ ਘਾਟ ਕਾਰਨ ਪ੍ਰਦੂਸ਼ਣ ਦਿਨੋਂ ਦਿਨ ਵਧ ਰਿਹਾ ਹੈ, ਜਿਸ ਕਰਕੇ ਮਨੁੱਖਤਾ ਦੀ ਹੋਂਦ ਨੂੰ ਵੱਡਾ ਖਤਰਾ ਖੜਾ ਹੋ ਗਿਆ ਹੈ।ਉਨ੍ਹਾਂ ਸਭ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸਭ ਮਿਲ ਜੁਲ ਕੇ ਰੁੱਖ ਲਗਾਈਏ ਤੇ ਪੰਜਾਬ ਨੂੰ ਹਰਾ-ਭਰਾ ਬਣਾਈਏ, ਮਨੁੱਖਤਾ ਤੇ ਜੀਵ ਜੰਤੂਆਂ ਨੂੰ ਬਚਾਈਏ।ਇਸ ਮੌਕੇ ਹੈੱਡ ਕਾਂਸਟੇਬਲ ਸੰਦੀਪ ਸਿੰਘ, ਰਾਜਵਿੰਦਰ ਸਿੰਘ, ਰਜਨੀ, ਗਾਂਧੀ ਰਾਮ ਪ੍ਰਧਾਨ ਨਗਰ ਕੌਂਸਲ, ਦਰਸ਼ਨ ਸਿੰਘ ਕੌਂਸਲਰ, ਅਵਤਾਰ ਸਿੰਘ ਤੇ ਗਗਨ ਕੌਰ ਆਦਿ ਮੌਜੂਦ ਸਨ।

# ਰਾਮਦੂਤ ਸ੍ਰੀ ਬਾਲਾ ਜੀ ਮੰਦਰ ਵਿਖੇ ਮੂਰਤੀ ਸਥਾਪਨਾ ਸਮਾਗਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਰਾਮਦੂਤ ਸ੍ਰੀ ਬਾਲਾ ਜੀ ਮੰਦਰ ਰਾਮਪੁਰਾ ਫੂਲ ਵਿਖੇ ਮੂਰਤੀ ਸਥਾਪਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪ੍ਰੈਸ ਕਲੱਬ ਬਲਾਕ ਰਾਮਪੁਰਾ ਦੇ ਪ੍ਰਧਾਨ ਮਨਪ੍ਰੀਤ ਸਿੰਘ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਐੱਸ ਐੱਚ ਓ ਥਾਣਾ ਸਿਟੀ ਰਾਮਪੁਰਾ ਜਗਦੀਪ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਰਾਮਦੂਤ ਸ੍ਰੀ ਬਾਲਾਜੀ ਮੰਦਰ ਕਮੇਟੀ ਦੇ ਸਰਪ੍ਰਸਤ ਬਾਬਾ ਅਸ਼ੋਕ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਅਖੰਡ ਰਮਾਇਣ ਜੀ ਦਾ ਪਾਠ ਕਰਵਾ ਕੇ ਮੰਦਰ ਵਿੱਚ ਮਾਤਾ ਕਾਲੀ, ਮਾਤਾ ਸ਼ੀਤਲਾ, ਗੁਰੂ ਗੋਰਖਨਾਥ ਤੇ ਸ੍ਰੀ ਗੋਗਾ ਜ਼ਾਹਰ ਪੀਰ ਦੀਆਂ ਮੂਰਤੀਆਂ ਦੀ ਸਥਾਪਨਾ ਕੀਤੀ ਗਈ ਅਤੇ ਅਤੁੱਟ ਭੰਡਾਰਾ ਵਰਤਾਇਆ ਗਿਆ।ਮੰਦਰ ਦੇ ਪੁਜਾਰੀ ਯੁਗੇਸ਼ ਸ਼ਰਮਾ ਨੇ ਦੱਸਿਆ ਕਿ ਮੰਦਰ ਵੱਲੋ ਮਾਤਾ ਰਾਣੀ ਦੇ ਝੰਡਿਆਂ ਦੀ ਸਾਲਾਨਾ ਸ਼ੋਭਾ ਯਾਤਰਾ ਵਿੱਚ ਭਾਗ ਲਿਆ ਜਾਵੇਗਾ ਤੇ 2 ਅਗਸਤ ਨੂੰ ਮਾਤਾ ਰਾਣੀ ਦਾ ਸਾਲਾਨਾ ਜਾਗਰਣ ਵੀ ਕਰਵਾਇਆ ਜਾਵੇਗਾ।ਇਸ ਸਮਾਗਮ ਲਈ ਸ੍ਰੀ ਬਾਲਾ ਜੀ ਮਹਿਲਾ ਕੀਰਤਨ ਮੰਡਲ, ਅਨਜਾਣ ਭਜਨ ਮੰਡਲ ਤੇ ਸ੍ਰੀ ਬਾਲਾ ਜੀ ਕਾਵੜ ਸੰਘ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਗੁਰਭਜਨ ਢਿੱਲੋਂ, ਰਿਟਾਇਰਡ ਕਾਨੂੰਗੋ ਪਰਮਜੀਤ ਸਿੰਘ, ਹੈੱਡ ਮਾਸਟਰ ਮਨਿੰਦਰ ਸਿੰਘ ਜਟਾਣਾ, ਅਪਰਅਪਾਰ ਸਿੰਘ, ਕੁਲਵਿੰਦਰ ਸਿੰਘ, ਰਣਵੀਰ ਸਿੰਘ ਗੱਗੀ, ਜਸਵੀਰ ਸਿੰਘ ਸੂਚ, ਗੋਰਖਾ ਮਾਨ ਡਿਖਾ ਵਾਲਾ ਤੋਂ ਇਲਾਵਾ ਮੰਦਰ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਕਾਲਾ, ਸਕੱਤਰ ਕ੍ਰਿਸ਼ਨ ਸਿੰਘ, ਹੈਪੀ ਗਰਗ, ਜੀਵਨ, ਬਿੱਟੂ ਤਨਵਰ, ਪੁਜਾਰੀ ਕਟਾਰਾਜੀ ਯਾਦਵ, ਮੁਕੇਸ਼ ਕੁਮਾਰ, ਬਦਰੀ ਪ੍ਰਸਾਦ, ਹੈਪੀ ਅਨਜਾਣ, ਮੋਨੂੰ ਬਾਬਾ ਆਦਿ ਸ਼ਾਮਲ ਹੋਏ।

# ਮੱਛਰਾਂ ਤੇ ਬਿਮਾਰੀਆਂ ਤੋਂ ਰੋਕਥਾਮ ਸੰਬੰਧੀ ਘਰ-ਘਰ ਜਾ ਕੇ ਕੀਤਾ ਜਾਗਰੂਕ



**ਬੁਢਲਾਡਾ (ਅਸ਼ੋਕ ਲਾਕੜਾ)**-ਐਂਟੀ ਡੇਂਗੂ ਮਹੀਨੇ ਜੁਲਾਈ ਦੇ ਸੰਬੰਧ ਵਿੱਚ ਸਿਵਲ ਸਰਜਨ ਮਾਨਸਾ ਡਾਕਟਰ ਹਰਦੇਵ ਸਿੰਘ, ਜ਼ਿਲ੍ਹਾ ਐਪੀਡੇਮੈਲੋਜਿਸਟ ਸੰਤੋਸ਼ ਭਾਰਤੀ ਤੇ ਸੀਨੀਅਰ ਮੈਡੀਕਲ ਅਫਸਰ ਬੁਢਲਾਡਾ ਡਾਕਟਰ ਗੁਰਚੇਤਨ ਪ੍ਰਕਾਸ਼ ਦੇ ਦਿਸ਼ਾ ਨਿਰਦੇਸ਼ਾਂ 'ਤੇ ਅਸ਼ਵਨੀ ਕੁਮਾਰ ਸਿਹਤ ਸੁਪਰਵਾਈਜ਼ਰ ਦੀ ਅਗਵਾਈ ਵਿੱਚ ਬੁਢਲਾਡਾ ਬਲਾਕ ਦੇ ਅਧੀਨ ਪੈਂਦੇ ਸੈਕਟਰ ਬਰੇ ਦੇ ਪਿੰਡਾਂ ਮੰਢਾਲੀ, ਅਹਿਮਦਪੁਰ, ਕਲੀਪੁਰ ਆਦਿ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ-ਘਰ ਜਾ ਕੇ ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਸੰਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਅਸ਼ਵਨੀ ਕੁਮਾਰ ਸਿਹਤ ਸੁਪਰਵਾਈਜ਼ਰ ਨੇ ਦੱਸਿਆ ਕਿ ਮੱਛਰਾਂ ਦੀ ਪੈਦਾਇਸ਼ ਖੜੇ ਪਾਣੀ 'ਤੇ ਹੁੰਦੀ ਹੈ, ਇਹ ਪਾਣੀ ਸਾਡੇ ਘਰਾਂ ਵਿੱਚ ਗਮਲਿਆਂ, ਟੈਂਕੀਆਂ, ਫਰਿਜ ਦੇ ਪਿਛਲੇ ਹਿੱਸੇ ਵਿੱਚ ਲੱਗੀਆਂ ਟਰੇਆਂ, ਬੇਕਾਰ ਪਏ ਟਾਇਰਾਂ ਤੇ ਹੋਰ ਕਵਾੜ, ਪੰਛੀਆਂ ਨੂੰ ਪਾਣੀ ਪਿਲਾਉਣ ਲਈ ਰੱਖੇ ਗਏ ਬਰਤਨਾਂ, ਪਸ਼ੂਆਂ ਨੂੰ ਪਾਣੀ ਪਿਲਾਉਣ ਵਾਲੇ ਖੇਹਰਾ ਆਦਿ ਵਿੱਚ ਖੜਾ ਹੋ ਸਕਦਾ ਹੈ, ਇਨ੍ਹਾਂ ਦੀ ਸਫਾਈ ਹਰ ਹਫਤੇ ਕਰਨੀ ਬਹੁਤ ਜ਼ਰੂਰੀ ਹੈ ਤਾਂ ਕਿ ਮੱਛਰ ਆਪਣਾ ਅੰਡਾ ਨਾ ਦੇ ਸਕੇ।ਇਸ ਮੌਕੇ ਸਿਹਤ ਕਰਮਚਾਰੀਆ ਨਵਦੀਪ ਕਾਠ, ਨਿਰਭੈ ਸਿੰਘ, ਕ੍ਰਿਸ਼ਨ ਕੁਮਾਰ, ਗੁਰਿੰਦਰਜੀਤ ਸ਼ਰਮਾ ਵੱਲੋਂ ਪਾਣੀ ਖੜੇ ਹੋ ਸਕਣ ਵਾਲੇ ਸਰੋਤਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ ਅਤੇ ਬੁਖਾਰ ਦੇ ਸ਼ੱਕੀ ਕੇਸਾਂ ਦੇ ਖੂਨ ਦੇ ਸੈਂਪਲ ਲੈ ਕੇ ਟੈਸਟਿੰਗ ਲਈ ਭੇਜੇ।

# ਰਿਟਾਇਰਡ ਟੀਚਰਜ਼ ਐਸੋਸੀਏਸ਼ਨ ਰਾਮਪੁਰਾ ਫੂਲ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਰਿਟਾਇਰਡ ਟੀਚਰਜ਼ ਐਸੋਸੀਏਸ਼ਨ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ ਹੋਈ।ਇਸ ਮੀਟਿੰਗ ਵਿੱਚ 23 ਮੈਂਬਰਾਂ ਨੇ ਹਾਜ਼ਰੀ ਲੁਆਈ।ਇਹ ਮੀਟਿੰਗ ਚੇਅਰਮੈਨ ਬੀਰਬਹਾਦਰ ਗੁਪਤਾ, ਦਵਿੰਦਰ ਕੁਮਾਰ ਸ਼ਰਮਾ, ਐਸੋਸੀਏਸ਼ਨ ਦੇ ਪ੍ਰਧਾਨ ਸਤਪਾਲ ਗੋਇਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਉਨ੍ਹਾਂ ਮੁਲਾਜ਼ਮਾਂ ਤੇ ਰਿਟਾਇਰਡ ਅਧਿਆਪਕਾਂ ਦੀਆਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚਲਦੀਆਂ, ਚਰਚਤ ਰਿੱਟਾਂ ਸਬੰਧੀ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ। ਐੱਲ ਟੀ ਸੀ ਤੇ ਲਾਈਫ ਟਾਈਮ ਨੋਮੀਨੇਸ਼ਨ ਸਬੰਧੀ ਵੀ ਗੱਲਬਾਤ ਕੀਤੀ ਗਈ।ਸੁਖਵਿੰਦਰ ਸਿੰਘ ਨੇ ਆਪਣੇ ਗੀਤ ਨਾਲ ਸਭ ਨੂੰ ਅਨੰਦਤ ਕੀਤਾ।ਮਾਸਟਰ ਰਾਮ ਸਿੰਘ ਧੂਰਕੋਟ ਨੇ ਸੰਘਰਸ਼ਾਂ ਵਿੱਚ ਸ਼ਮੂਲੀਅਤ ਕਰਨ 'ਤੇ ਜ਼ੋਰ ਦਿੱਤਾ। ਗੁਰਚਰਨ ਸਿੰਘ ਗਿੱਲ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ।ਅਧਿਆਪਕ ਆਗੂ ਅੰਗਰੇਜ ਸਿੰਘ ਨੇ ਤਰਨਮ ਵਿੱਚ ਗੀਤ ਸੁਣਾਇਆ।ਇਸ ਵਾਰ ਫੈਸਲਾ ਕੀਤਾ ਗਿਆ ਕਿ ਹਰ ਮੈਂਬਰ ਨੂੰ ਫੋਨ ਕਰ ਕੇ ਮੀਟਿੰਗ ਦਾ ਸੁਨੇਹਾ ਦਿੱਤਾ ਜਾਇਆ ਕਰੇ।ਇਹ ਡਿਊਟੀ ਮਾਸਟਰ ਸੁਰਿੰਦਰ ਗੁਪਤਾ ਨੇ ਨਿਭਾਉਣ ਦੀ ਜ਼ੁੰਮੇਵਾਰੀ ਲਈ।ਅਖੀਰ ਵਿੱਚ ਪ੍ਰਧਾਨ ਵੱਲੋਂ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।ਇਹ ਜਾਣਕਾਰੀ ਮਾਸਟਰ ਸੁਰਿੰਦਰ ਗੁਪਤਾ ਨੇ ਪ੍ਰੈੱਸ ਨਾਲ ਸਾਂਝੀ ਕੀਤੀ।

# ਹਿੰਦੂ ਨੇਤਾਵਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ : ਸੋਨੂੰ ਲੂੰਬਾ



**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ ਪ੍ਰਧਾਨ ਸ਼ਿਵ ਸੈਨਾ ਊਧਵ ਬਾਲ ਠਾਕਰੇ ਯੋਗ ਰਾਜ ਸ਼ਰਮਾ ਦੇ ਆਦੇਸ਼ ਅਨੁਸਾਰ ਸ਼ਿਵ ਸੈਨਾ ਆਗੂਆਂ ਵੱਲੋਂ ਜ਼ਿਲ੍ਹਾ ਪ੍ਰਧਾਨ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਫਰੀਦਕੋਟ ਤੇ ਸੰਦੀਪ ਲੂੰਬਾ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਜੈਤੋ ਵਿਖੇ ਰੱਖੀ ਗਈ, ਜਿਸ ਵਿੱਚ ਪੰਜਾਬ ਦੇ ਲਗਾਤਾਰ ਖਰਾਬ ਹੁੰਦੇ ਜਾ ਰਹੇ ਹਾਲਾਤਾਂ ਉੱਪਰ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ ਅਤੇ ਹਿੰਦੂ ਨੇਤਾਵਾਂ ਉੱਪਰ ਲਗਾਤਾਰ ਹੋ ਰਹੇ ਹਮਲਿਆਂ ਦੀ ਸਖਤ ਨਿੰਦਾ ਕੀਤੀ ਗਈ। ਇਸ ਮੀਟਿੰਗ ਦੌਰਾਨ ਸੋਨੂੰ ਲੂੰਬਾ ਤੇ ਸ਼ਿਵ ਸੈਨਾ ਆਗੂਆਂ ਨੇ ਕਿਹਾ ਕਿ ਹਿੰਦੂ ਯਾਤਰਾਵਾਂ ਉੱਤੇ ਤੇ ਹਿੰਦੂ ਜਥਿਆਂ 'ਤੇ ਗੋਲੀਬਾਰੀ ਅਤੇ ਬੰਬਾਂ ਨਾਲ ਹਮਲਾ ਕਰ ਦਿੱਤਾ ਜਾਂਦਾ ਹੈ।ਕਦੀ ਹਿੰਦੂ ਨੇਤਾਵਾਂ ਨੂੰ ਸ਼ਰੇਆਮ ਬਾਜ਼ਾਰਾਂ ਵਿੱਚ ਗੋਲੀਆਂ ਮਾਰ ਦਿੱਤੀਆਂ ਜਾਂਦੀਆਂ ਹਨ, ਕਦੇ ਬਾਜ਼ਾਰਾਂ ਵਿੱਚ ਸ਼ਰੇਆਮ ਤਲਵਾਰਾਂ ਨਾਲ ਵੱਢ ਦਿੱਤਾ ਜਾਂਦਾ ਹੈ।ਜ਼ਿਲ੍ਹਾ ਪ੍ਰਧਾਨ ਸੰਦੀਪ ਲੂੰਬਾ ਨੇ ਪ੍ਰਸ਼ਾਸਨ ਤੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦਾ ਆਉਣ ਵਾਲੇ ਸਮੇਂ ਵਿੱਚ ਮਾਹੌਲ ਖਰਾਬ ਹੁੰਦਾ ਹੈ ਤਾਂ ਉਸ ਦੀ ਸਿੱਧੀ ਸਿੱਧੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਲੂੰਬਾ ਨੇ ਕਿਹਾ ਕਿ ਪੰਜਾਬ ਵਿੱਚ ਹਮਲਾ ਕਿਸੇ ਵੀ ਧਰਮ ਦੇ ਉੱਪਰ ਹੁੰਦਾ ਹੈ ਤਾਂ ਮਾਹੌਲ ਖਰਾਬ ਕਰਨ ਵਾਲਿਆਂ 'ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਅੱਗੇ ਤੋਂ ਹਮਲਾ ਕਰਨ ਵਾਲੇ ਸ਼ਰਾਰਤੀ ਅਨਸਰਾਂ ਦੀ ਸੋਚ ਨੂੰ ਨੱਥ ਪੈ ਸਕੇ।ਇਸ ਮੌਕੇ ਸੰਦੀਪ ਲੂੰਬਾ ਦੇ ਨਾਲ ਉਨ੍ਹਾਂ ਦੇ ਸਾਥੀ ਪਵਨ ਵਧਵਾ ਪ੍ਰਦੇਸ਼ ਸੰਗਠਨ ਮੰਤਰੀ ਸ਼ਿਵ ਸੈਨਾ, ਗਗਨ ਗਲਹੋਤਰਾ, ਅੰਕੁਰ ਦਿਉੜਾ, ਮਿੰਟੂ ਗੁਲਾਟੀ, ਹਰਸ਼ ਲੂੰਬਾ, ਮਨੀਸ਼ ਕੁਮਾਰ, ਵਿਜੇ ਕਥੂਰੀਆ, ਦਵਿੰਦਰ ਸਿੰਘ ਧਰਮਸੋਤ, ਪਵਨਦੀਪ ਧਰਮਸੋਤ, ਪੰਨਾ ਲਾਲ ਡੀਕਾ, ਰਾਜ ਕੁਮਾਰ ਡੀਕਾ, ਧੀਰਜ ਕੁਮਾਰ, ਟਿੰਕੂ ਢੱਲਾ, ਹਰੀਸ਼, ਸ਼ਿਸ਼ੂ ਸਮਾਜ ਸੇਵਿਕਾ ਮੁਸਕਾਨ ਲੂੰਬਾ ਤੇ ਇਸ ਤੋਂ ਇਲਾਵਾ ਮੰਡੀ ਦੇ ਕੁਝ ਹੋਰ ਪਤਵੰਤੇ ਸੱਜਣ, ਜਿਨ੍ਹਾਂ ਵਿੱਚ ਚੇਅਰਮੈਨ ਰਾਮ ਲੀਲ੍ਹਾ ਕਲੱਬ ਮਾਨਕ ਸ਼ਾਹ, ਸੰਦੀਪ ਜਿੰਦਲ ਬੰਟੀ, ਹਰਸ਼ ਬਾਂਸਲ, ਲਾਲ ਚੰਦ ਗੋਗੀ, ਪ੍ਰਥਮ ਲੂੰਬਾ ਵਗੈਰਾ ਹਾਜ਼ਰ ਸਨ।

# ਐੱਸ ਓ ਐੱਫ਼ ਓਲੰਪੀਅਡ 'ਚ ਵਿਦਿਆਰਥੀਆਂ ਨੇ ਜਿੱਤੇ ਮੈਡਲ



**ਜਗਰਾਉਂ (ਨਛੱਤਰ ਸੰਧੂ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ, ਜਗਰਾਉਂ ਦੇ ਵਿੱਚ ਐੱਸ.ਓ.ਐੱਫ਼. ਵੱਲੋਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਓਲੰਪੀਅਡ ਕਰਵਾਏ ਗਏ, ਜਿਸ ਵਿੱਚ ਦੂਸਰੀ ਜਮਾਤ ਦੇ ਸੌਰਵ ਗਰਗ ਨੇ ਜ਼ੋਨਲ ਲੈਵਲ ਵਿੱਚ ਬਰੋਨਜ਼ ਮੈਡਲ, ਟਰਾਫ਼ੀ, ਸਰਟੀਫਿਕੇਟ ਆਫ਼ ਜ਼ੋਨਲ ਐਕਸੀਲੈਂਸ ਤੇ 500 ਰੁਪਏ ਦੀ ਨਕਦ ਰਾਸ਼ੀ ਜਿੱਤੀ।ਦੂਸਰੀ ਜਮਾਤ ਦੀ ਵਿਦਿਆਰਥਣ ਕਵਿਨ ਨੇ ਹਿਸਾਬ ਦੇ ਵਿੱਚ ਇੰਟਰਨੈਸ਼ਨਲ ਲੈਵਲ 'ਤੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਉਸ ਨੂੰ 500 ਰੁਪਏ ਦੇ ਗਿਫ਼ਟ ਬਾਊਚਰ ਤੇ ਸਰਟੀਫਿਕੇਟ ਆਫ਼ ਆਊਟਸਟੈਂਡਿੰਗ ਪਰਫੋਰਮੈਂਸ ਵੀ ਪ੍ਰਾਪਤ ਹੋਇਆ। ਜਮਾਤ ਦੂਜੀ ਦੀ ਵਿਦਿਆਰਥਣ ਅਸਮੀਤ ਕੌਰ ਨੂੰ ਵੀ ਹਿਸਾਬ ਦੇ ਵਿਸ਼ੇ ਵਿੱਚੋਂ ਇੰਟਰਨੈਸ਼ਨਲ ਲੈਵਲ 'ਤੇ ਸਿਲਵਰ ਮੈਡਲ ਤੋਂ ਇਲਾਵਾ 500 ਰੁਪਏ ਦਾ ਗਿਫ਼ਟ ਬਾਊਚਰ, ਸਰਟੀਫ਼ਿਕੇਟ ਪ੍ਰਾਪਤ ਕੀਤਾ।ਜਮਾਤ ਦੂਜੀ ਦੇ ਵਿਦਿਆਰਥੀ ਦਿਵਿਆਂਸ਼ ਗੋਇਲ ਨੂੰ ਵੀ ਗਿਫ਼ਟ ਬਾਊਚਰ ਤੇ ਸਰਟੀਫ਼ਿਕੇਟ ਆਫ਼ ਜ਼ੋਨਲ ਐਕਸਲੈਂਸ ਪ੍ਰਾਪਤ ਹੋਇਆ।ਸਾਇੰਸ ਦੇ ਵਿਸ਼ੇ ਵਿੱਚ 13 ਵਿਦਿਆਰਥੀਆਂ ਨੇ ਇੰਟਰਨੈਸ਼ਨਲ ਰੈਂਕ, 5 ਵਿਦਿਆਰਥੀਆਂ ਨੇ ਜ਼ੋਨਲ ਲੈਵਲ ਦੇ ਰੈਂਕ ਨਾਲ ਸਰਟੀਫ਼ਿਕੇਟ ਆਫ਼ ਜ਼ੋਨਲ ਐਕਸਲੈਂਸ ਜਿੱਤੇ।ਹਿਸਾਬ ਵਿੱਚੋਂ 8 ਵਿਦਿਆਰਥੀਆਂ ਨੂੰ ਇੰਟਰਨੈਸ਼ਨਲ ਰੈਂਕ ਤੇ 8 ਵਿਦਿਆਰਥੀਆਂ ਨੂੰ ਜ਼ੋਨਲ ਰੈਂਕ ਪ੍ਰਾਪਤ ਹੋਇਆ।ਇਸ ਰੈਂਕ ਲਈ ਉਨ੍ਹਾਂ ਨੂੰ 1000 ਤੇ 500 ਦੀ ਨਕਦ ਰਾਸ਼ੀ ਤੇ ਸਰਟੀਫ਼ਿਕੇਟ ਮਿਲਿਆ। ਕੰਪਿਊਟਰ ਵਿਸ਼ੇ 'ਚੋਂ 11 ਵਿਦਿਆਰਥੀਆਂ ਨੂੰ ਇੰਟਰਨੈਸ਼ਨਲ ਰੈਂਕ ਤੇ ਚਾਰ ਵਿਦਿਆਰਥੀਆਂ ਨੂੰ ਜ਼ੋਨਲ ਰੈਂਕ ਪ੍ਰਾਪਤ ਹੋਇਆ। ਪ੍ਰਿੰਸੀਪਲ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਪਹਿਨਾਏ ਗਏ, ਨਕਦ ਰਾਸ਼ੀ ਦੇ ਬਾਊਚਰ ਦਿੱਤੇ ਗਏ।ਇਸ ਸਮੇਂ ਮੀਨਾ ਨਾਗਪਾਲ, ਮੀਨਾ ਗੋਇਲ, ਮੀਨੂ ਮੈਡਮ ਹਾਜ਼ਰ ਸਨ।

# ਗੁਰਦੁਆਰਾ ਸੁੱਖਸਾਗਰ'ਚ ਮੈਡੀਕਲ ਕੈਂਪ ਲਾਇਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਅਯਾਨ ਕਾਲਜ ਆਫ ਨਰਸਿੰਗ ਭੋਗੀਵਾਲ ਵੱਲੋਂ ਚੇਅਰਮੈਨ ਗਾਜੀ ਸ਼ੇਖ ਦੀ ਅਗਵਾਈ ਹੇਠ ਗੁਰਦੁਆਰਾ ਸੁਖਸਾਗਰ ਸਾਹਿਬ ਬਾਲੇਵਾਲ ਵਿਖੇ ਚੱਲ ਰਹੇ ਲੜੀਵਾਰ ਸਮਾਗਮ 'ਚ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ। ਕੈਂਪ ਦੌਰਾਨ ਵਿਦਿਆਰਥੀਆਂ ਨੇ ਹੋਰ ਵੀ ਸੇਵਾਵਾਂ 'ਚ ਵੱਧ ਚੜ੍ਹ ਕੇ ਹਿੱਸਾ ਲਿਆ। ਇਹ ਸਮਾਗਮ ਹਰ ਸਾਲ ਸੰਤ ਬਾਬਾ ਬਲਵੰਤ ਸਿੰਘ ਸਿਹੋੜਾ ਸਾਹਿਬ ਵਾਲਿਆਂ ਦੀ ਯਾਦ 'ਚ ਕਰਵਾਇਆ ਜਾਂਦਾ ਹੈ। ਇਸ ਦੌਰਾਨ ਸੰਤ ਹਰਜਿੰਦਰ ਸਿੰਘ ਮੱਲਪੁਰ ਵਾਲਿਆਂ ਨੇ ਸੰਗਤ ਨੂੰ ਦੀਵਾਨ ਸੁਣਾ ਕੇ ਗੁਰਸ਼ਬਦ ਨਾਲ ਜੋੜਿਆ। ਸੰਸਥਾ ਦੇ ਪ੍ਰਿੰਸੀਪਲ ਜਸਪ੍ਰੀਤ ਕੌਰ ਬਾਜਵਾ ਨੇ ਵਿਦਿਆਰਥੀਆਂ ਨੂੰ ਸ਼ਰਧਾ ਭਾਵਨਾ ਨਾਲ ਸੇਵਾ ਕਰਨ ਤੇ ਬਾਣੀ ਦਾ ਆਨੰਦ ਲੈ ਕੇ ਗੁਰੂ ਚਰਨਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸੰਸਥਾ ਦੇ ਪ੍ਰਬੰਧਕ ਮੈਡਮ ਪ੍ਰਵੀਨ ਚੌਹਾਨ, ਸ੍ਰੀਮਤੀ ਪਲਜਿੰਦਰ ਕੌਰ, ਗਗਨਪ੍ਰੀਤ ਕੌਰ, ਦਵਿੰਦਰ ਕੌਰ, ਸਬਨਮ, ਸੁਰੀਤਾ, ਯਾਹੀਦਾ, ਆਸਮਾ, ਸਮੀਨਾ, ਪ੍ਰਵੀਨ ਆਦਿ ਸ਼ਾਮਲ ਸਨ।

# ਅੰਗਹੀਣ ਵਿਅਕਤੀਆਂ ਦੀ ਸਹਾਇਤਾ ਲਈ ਰਾਹਤ ਸਮਗਰੀ ਵੰਡੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਰਾਮਦੂਤ ਸ੍ਰੀ ਬਾਲਾ ਜੀ ਮੰਦਰ ਰਾਮਪੁਰਾ ਫੂਲ ਵੱਲੋਂ ਅੰਗਹੀਣ ਵਿਅਕਤੀਆਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਵੰਡ ਕੈਂਪ ਲਾਇਆ ਗਿਆ, ਜਿਸ ਵਿੱਚ ਪ੍ਰੈੱਸ ਕਲੱਬ ਬਲਾਕ ਰਾਮਪੁਰਾ ਦੇ ਪ੍ਰਧਾਨ ਮਨਪ੍ਰੀਤ ਸਿੰਘ ਗਿੱਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮੰਦਰ ਕਮੇਟੀ ਦੇ ਸਰਪ੍ਰਸਤ ਬਾਬਾ ਅਸ਼ੋਕ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਦਿਵਿਆਸਾ ਕੇਂਦਰ ਬਠਿੰਡਾ ਦੀ ਟੀਮ ਦੇ ਸਹਿਯੋਗ ਨਾਲ ਜੂਨ ਮਹੀਨੇ ਵਿੱਚ ਕੈਂਪ ਲਗਾਇਆ ਗਿਆ ਸੀ ਅਤੇ ਕੈਂਪ ਦੌਰਾਨ ਕਰੀਬ 150 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਸੀ ਤੇ ਲੋੜ ਅਨੁਸਾਰ ਦੇਣ ਵਾਲੀ ਸਮਗਰੀ ਸਬੰਧੀ ਰਜਿਸਟ੍ਰੇਸ਼ਨ ਕੀਤੀ ਗਈ ਸੀ।ਬੀਤੇ ਕੱਲ੍ਹ ਉਕਤ ਮੰਦਰ ਵਿਖੇ ਮੁੱਖ ਮਹਿਮਾਨ ਮਨਪ੍ਰੀਤ ਸਿੰਘ ਗਿੱਲ ਵੱਲੋਂ 10 ਅੰਗਹੀਣਾਂ ਨੂੰ ਬੈਟਰੀ ਸਾਈਕਲ, 6 ਵ੍ਹੀਲ ਚੇਅਰ, 2-2 ਵਾਕਰ ਤੇ ਸਟਿੱਕਾਂ, ਸੁਣਨ ਵਾਲੀਆਂ ਮਸ਼ੀਨਾਂ ਸਮੇਤ ਹੋਰ ਸਾਮਾਨ ਵੰਡਿਆ ਗਿਆ।ਇਸ ਦੌਰਾਨ ਮੁੱਖ ਮਹਿਮਾਨ ਮਨਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਸਮਾਜ ਦੇ ਇਸ ਵਰਗ ਲਈ ਇਹ ਉਪਰਾਲਾ ਅਤੀ ਸ਼ਲਾਘਾਯੋਗ ਕਦਮ ਹੈ ਤੇ ਅਗਾਂਹ ਤੋਂ ਹੋਰ ਸਮਾਜਿਕ ਸੰਗਠਨਾਂ ਵੱਲੋਂ ਵੀ ਅਜਿਹੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।ਇਸ ਦੌਰਾਨ ਰਾਮਪੁਰਾ ਸਿਟੀ ਥਾਣੇ ਦੇ ਮੁਖੀ ਜਗਦੀਪ ਸਿੰਘ ਵੀ ਵਿਸ਼ੇਸ਼ ਮਹਿਮਾਨ ਵਜੋਂ ਕੈਂਪ ਵਿੱਚ ਪੁੱਜੇ।ਇਸ ਸਮੇਂ ਸਮਾਗਮ ਦੌਰਾਨ ਹੋਮੋਪੈਥਿਕ ਕੈਂਪ ਵੀ ਲਗਾਇਆ ਗਿਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਗੁਰਭਜਨ ਢਿੱਲੋਂ, ਰਿਟਾਇਰਡ ਕਾਨੂੰਗੋ ਪਰਮਜੀਤ ਸਿੰਘ, ਹੈੱਡ ਮਾਸਟਰ ਮਨਿੰਦਰ ਸਿੰਘ, ਅਧਿਆਪਕ ਅਪਰਅਪਾਰ ਸਿੰਘ, ਕੁਲਵਿੰਦਰ ਸਿੰਘ, ਰਣਵੀਰ ਸਿੰਘ ਗੱਗੀ, ਜਸਵੀਰ ਸਿੰਘ ਸੂਚ, ਗੋਰਖਾ ਮਾਨ ਡਿੱਖਾਂ ਵਾਲਾ ਤੋਂ ਇਲਾਵਾ ਮੰਦਰ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਕਾਲਾ, ਸਕੱਤਰ ਕ੍ਰਿਸ਼ਨ ਸਿੰਘ, ਹੈਪੀ ਗਰਗ, ਜੀਵਨ, ਬਿੱਟੂ ਤਨਵਰ, ਪੁਜਾਰੀ ਕਟਾਰਾਜੀ ਯਾਦਵ, ਮੁਕੇਸ਼ ਕੁਮਾਰ, ਬਦਰੀ ਪ੍ਰਸਾਦ, ਹੈਪੀ ਅਨਜਾਣ, ਮੋਨੂੰ ਬਾਬਾ ਆਦਿ ਸ਼ਾਮਲ ਹੋਏ ।

# ਮਿਸ਼ਨ ਸਹਿਯੋਗੀ ਸੁਨੀਲ ਜੱਗਾ ਨੂੰ ਸਦਮਾ, ਪਿਤਾ ਦਾ ਦੇਹਾਂਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ)**-ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਵਿਸ਼ੇਸ਼ ਸਹਿਯੋਗੀ ਸਥਾਨਕ ਬੁੱਧ ਵਿਹਾਰ ਨਿਵਾਸੀ ਸੁਨੀਲ ਜੱਗਾ (ਲੈਕਚਰਾਰ ਸ.ਸ.ਸ.ਸ. ਉਦੇਕਰਨ) ਦੇ ਪਿਤਾ ਸਥਾਨਕ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚੋਂ ਬਤੌਰ ਡਰਾਫਟਸਮੈਨ ਸੇਵਾ ਮੁਕਤ ਹੋਏ ਕ੍ਰਿਸ਼ਨ ਲਾਲ ਜੱਗਾ (75) ਅਚਾਨਕ ਕੱਲ ਸਵੇਰੇ ਅਕਾਲ ਚਲਾਣਾ ਕਰ ਗਏ ਸਨ।ਸਥਾਨਕ ਬਠਿੰਡਾ ਰੋਡ ਸਥਿਤ ਸ਼ਮਸ਼ਾਨ ਘਾਟ ਵਿਖੇ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਸਮੇਤ ਵਿੱਦਿਆ ਵਿਭਾਗ, ਜਲ ਸਪਲਾਈ ਤੇ ਸੈਨੇਟੇਸ਼ਨ ਮਹਿਕਮੇ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਸੇਵਾ ਮੁਕਤ ਕਰਮਚਾਰੀ, ਮੁਹੱਲਾ ਨਿਵਾਸੀ ਅਤੇ ਵੱਡੀ ਗਿਣਤੀ ਵਿੱਚ ਹੋਰ ਸ਼ਹਿਰ ਨਿਵਾਸੀ, ਪਤਵੰਤੇ ਸੱਜਣ ਮੌਜੂਦ ਸਨ।ਸਵ: ਕ੍ਰਿਸ਼ਨ ਲਾਲ ਜੱਗਾ ਦੀ ਮੌਤ 'ਤੇ ਮਿਸ਼ਨ ਮੁਖੀ ਜਗਦੀਸ਼ ਰਾਏ ਢੋਸੀਵਾਲ, ਮਿਸ਼ਨ ਗਾਈਡ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਕਤ ਜਾਣਕਾਰੀ ਦਿੰਦੇ ਹੋਏ ਸੁਨੀਲ ਜੱਗਾ ਦੇ ਪਰਿਵਾਰਕ ਦੋਸਤ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਸਵ: ਕ੍ਰਿਸ਼ਨ ਲਾਲ ਜੱਗਾ ਨਮਿੱਤ ਸ੍ਰੀ ਅੰਮ੍ਰਿਤ ਬਾਣੀ ਦਾ ਸਤਿਸੰਗ ਤੇ ਅੰਤਿਮ ਅਰਦਾਸ 18 ਜੁਲਾਈ ਨੂੰ ਦੁਪਹਿਰ ਦੇ 1:00 ਤੋਂ 2:00 ਵਜੇ ਤੱਕ ਸਥਾਨਕ ਬਠਿੰਡਾ ਰੋਡ ਸਥਿਤ ਸ਼ਾਂਤੀ ਭਵਨ ਵਿਖੇ ਹੋਵੇਗੀ।

# ਮਾਉਂਟ ਲਿਟਰਾ ਜ਼ੀ ਸਕੂਲ 'ਚ ਅਧਿਆਪਕ ਟ੍ਰੇਨਿੰਗ ਸਫਲਤਾਪੂਰਵਕ ਸੰਪੰਨ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਥਾਨਕ ਮਾਉਂਟ ਲਿਟਰਾ ਜ਼ੀ ਸਕੂਲ ਵਿਖੇ ਚੇਅਰਮੈਨ ਗੁਰਦੇਵ ਸਿੰਘ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਅਗਵਾਈ ਹੇਠ ਅਧਿਆਪਕ ਟ੍ਰੇਨਿੰਗ ਦਾ ਆਯੋਜਨ ਕੀਤਾ ਜਾਂਦਾ ਹੈ।ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ, ਕੋਆਰਡੀਨੇਟਰ ਸ਼ਿਵਾਨੀ ਸ਼ਰਮਾ, ਅਕੈਡਮਿਕ ਕੋਆਰਡੀਨੇਟਰ ਮਿੰਨੀ ਬਾਲਾ ਤੇ ਅਧਿਆਪਕਾ ਮੈਡਮ ਲਭਪ੍ਰੀਤ, ਮੈਡਮ ਗੁਰਸਿਮਰਨ, ਮੈਡਮ ਭਾਵਨਾ, ਮੈਡਮ ਮਨੂੰ, ਮੈਡਮ ਨੇਹਾ, ਮੈਡਮ ਗਗਨ ਦੀਪ, ਮੈਡਮ ਰਵੀਜੋਤ, ਮੈਡਮ ਸ਼ਵਿੰਦਰ, ਮੈਡਮ ਮੋਨਾ ਤੇ ਮੈਡਮ ਕਮਲਜੀਤ ਨੇ ਹਿੱਸਾ ਲਿਆ। ਇਸ ਵਿੱਚ ਦਿੱਲੀ ਤੋਂ ਮੈਡਮ ਸ਼ੈਲੀ ਨਰੂਲਾ (ਸੀਨੀਅਰ ਅਕੈਡਮਿਕ ਮੈਨੇਜਰ ਕੇ2-ਕੇ5) ਨੇ ਅਧਿਆਪਕਾਂ ਦੀ ਸਿਖਲਾਈ ਅਧਿਕਤਮ ਕੁਸ਼ਲਤਾ ਤੇ ਉਤਪਾਦਕਤਾ ਲਿਆਉਣ ਲਈ ਅਧਿਆਪਕਾਂ ਨੂੰ ਸਮੁੱਚੀ ਕਲਾਸਰੂਮ ਰੁਝੇਵਿਆਂ, ਪ੍ਰਭਾਵੀ ਸੰਚਾਰ, ਲੀਡਰਸ਼ਿਪ ਸ਼ੈਲੀਆਂ ਆਦਿ 'ਤੇ ਕੰਮ ਕਰਨ ਲਈ ਪ੍ਰੇਰਨਾ ਦਿੱਤੀ।ਇਸ ਦੌਰਾਨ ਨਾ ਸਿਰਫ ਉਨ੍ਹਾਂ ਨੇ ਡਿਲੀਵਰੀ ਮਾਡਿਊਲ ਬਾਰੇ ਜਾਣਕਾਰੀ ਦਿੱਤੀ, ਸਗੋਂ ਦੱਸਿਆ ਕਿ ਕਿਸ ਤਰ੍ਹਾਂ ਬੱਚਿਆਂ ਨੂੰ ਭਵਿੱਖ ਦੇ ਪਾਠਕ੍ਰਮ ਤੇ ਅੰਤਰਰਾਸ਼ਟਰੀ ਪੱਧਰ ਲਈ ਤਿਆਰ ਕਰਨਾ ਹੈ ਅਤੇ ਉਨ੍ਹਾਂ ਨੇ ਦੱਸਿਆ ਅਧਿਆਪਕਾਂ ਨੂੰ ਵਧੇਰੇ ਕਾਗਜ਼ੀ ਕਾਰਵਾਈ ਦੀ ਬਜਾਏ ਵਿਦਿਆਰਥੀ 'ਤੇ ਧਿਆਨ ਕੇਂਦਰਿਤ ਕਰਨਾ ਵਧੇਰੇ ਲਾਭਕਾਰੀ ਬਣਾਉਂਦਾ ਹੈ।ਮਹਾਨ ਅਧਿਆਪਕ ਮਹਾਨ ਵਿਦਿਆਰਥੀ ਬਣਾਉਣ ਵਿੱਚ ਮਦਦ ਕਰਦੇ ਹਨ।ਸਕਾਰਾਤਮਕ ਮਾਹੌਲ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਚੰਗੀ ਕਾਰਗੁਜ਼ਾਰੀ ਨੂੰ ਯਕੀਨੀ ਬਣਾਉਂਦਾ ਹੈ। ਇਸ ਦੌਰਾਨ ਸਕੂਲ ਦੇ ਸੈਂਟਰ ਹੈੱਡ ਮੈਡਮ ਪਰਮਿੰਦਰ ਕੌਰ ਨੇ ਟ੍ਰੇਨਰਜ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਟ੍ਰੇਨਿੰਗ ਪ੍ਰੋਗਰਾਮ ਸਾਡੇ ਅਧਿਆਪਕਾਂ ਲਈ ਬਹੁਤ ਫਾਇਦੇਮੰਦ ਸਿੱਧ ਹੁੰਦੇ ਹਨ, ਜਿਸ ਨਾਲ ਅਧਿਆਪਕਾਂ ਵਿੱਚ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ।ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਦੀਪ ਮਹਿਤਾ ਨੇ ਕਿਹਾ ਕਿ ਕਿਸੇ ਵੀ ਵਿੱਦਿਅਕ ਸੰਸਥਾ ਨੂੰ ਵਧੀਆ ਤੋਂ ਹੋਰ ਬਿਹਤਰ ਬਣਾਉਣ ਲਈ ਸਮੇਂ ਸਮੇਂ 'ਤੇ ਨਿਰੰਤਰ ਉਪਰਾਲੇ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਹ ਲਗਾਤਾਰ ਚੱਲ ਰਹੀਆਂ ਟ੍ਰੇਨਿੰਗਜ਼ ਕੁਝ ਬਿਹਤਰੀਨ ਕਰਨ ਵੱਲ ਇੱਕ ਕਦਮ ਹੈ।ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ ਨੇ ਟ੍ਰੇਨਰਜ਼ ਦੀ ਅਧਿਆਪਕਾਂ ਦੇ ਹੁਨਰ ਨੂੰ ਵਧਾਉਣ ਲਈ ਕੀਤੀ ਕੋਸ਼ਿਸ਼ ਦੀ ਸ਼ਲਾਘਾ ਕੀਤੀ ।

# ਦੇਸ਼ ਭਗਤ ਗਲੋਬਲ ਸਕੂਲ 'ਚ ਨੈਤਿਕ ਕਦਰਾਂ-ਕੀਮਤਾਂ 'ਤੇ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਚੱਲ ਰਹੇ ਦੇਸ਼ ਭਗਤ ਗਲੋਬਲ ਸਕੂਲ ਵਿਖੇ ਸ੍ਰ. ਰਾਜਪਾਲ ਸਿੰਘ ਸੇਵਾ ਅਵਰ ਸੋਸ਼ਲ ਚੈਰੀਟੇਬਲ ਐਂਡ ਐਜੂਕੇਸ਼ਨਲ ਸੁਸਾਇਟੀ ਨੇ ਨੈਤਿਕ ਸਿੱਖਿਆ ਤੇ ਸ਼ਖਸੀਅਤ ਵਿਕਾਸ ਦੇ ਅਧਾਰ 'ਤੇ ਸਕੂਲ ਦਾ ਦੌਰਾ ਕੀਤਾ ਤੇ ਸ਼ਾਨਦਾਰ ਸੈਮੀਨਾਰ ਲਗਾਇਆ।ਇਸ ਮੌਕੇ ਸਕੂਲ ਅਥਾਰਟੀ ਨੇ ਵਿਦਿਆਰਥੀਆਂ ਨੂੰ ਸਹੀ ਜੀਵਨ ਜਾਂਚ ਤੇ ਸਹੀ ਜ਼ਿੰਦਗੀ ਜਿਉਣ ਦੀ ਸੇਧ ਦੇਣ ਲਈ ਇਹੋ ਜਿਹੇ ਸੈਮੀਨਾਰ ਦਾ ਪ੍ਰਬੰਧ ਕਰਵਾਇਆ।ਉਨ੍ਹਾਂ ਕਿਹਾ ਕਿ ਨੈਤਿਕ ਕਦਰਾਂ-ਕੀਮਤਾਂ ਜ਼ਿੰਦਗੀ ਦੇ ਪੰਧ ਨੂੰ ਸਫਲ ਬਣਾਉਣ 'ਚ ਅਹਿਮ ਰੋਲ ਅਦਾ ਕਰਦੀਆਂ ਹਨ।ਅੱਜ ਜੋ ਸਮਾਜਿਕ ਅਸੰਤੁਲਨ ਹੈ, ਮਾੜੀਆਂ ਘਟਨਾਵਾਂ ਵੱਧ ਰਹੀਆਂ ਹਨ, ਸਦਾਚਾਰਕ ਕੀਮਤਾਂ 'ਚ ਗਿਰਾਵਟ ਆ ਰਹੀ ਹੈ, ਇਸ ਦਾ ਸਾਰਾ ਦੋਸ਼ ਨਵੀਂ ਪੀੜ੍ਹੀ ਨੂੰ ਦੇਣ ਲੱਗਿਆਂ ਸੋਚਣਾ ਪਵੇਗਾ ਕਿ ਅਸੀਂ ਜੋ ਬੀਜਿਆ ਸੀ, ਉਹੀ ਵੱਢ ਰਹੇ ਹਾਂ।ਕਿਤੇ ਨਾ ਕਿਤੇ ਮਾਪੇ, ਅਧਿਆਪਕ ਤੇ ਸਮਾਜ ਵੀ ਇਸ ਲਈ ਜ਼ਿੰਮੇਵਾਰ ਹੈ। ਨੈਤਿਕ ਸਦਾਚਾਰਕ ਨਿਯਮਾਂ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕਰੋ।ਸਕੂਲ ਅਥਾਰਟੀ ਵੱਲੋਂ ਚੁੱਕੇ ਗਏ ਇਸ ਸ਼ਲਾਘਾਯੋਗ ਕਦਮ ਦੀ ਮਾਪਿਆਂ ਵੱਲੋਂ ਸਰਾਹਨਾ ਕੀਤੀ ਗਈ।ਪ੍ਰਿੰਸੀਪਲ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਪਰਮਪ੍ਰੀਤ ਕੌਰ ਨੇ ਰਾਜਪਾਲ ਸਿੰਘ ਦਾ ਧੰਨਵਾਦ ਕੀਤਾ।

# ਸਾਂਸਦ ਅਰੋੜਾ ਵੱਲੋਂ ਵੱਖ-ਵੱਖ ਸਕੂਲਾਂ 'ਚ ਐੱਮ ਪੀ ਲੈਡ ਸਕੀਮ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਦਾ ਨਿਰੀਖਣ



**ਲੁਧਿਆਣਾ (ਰਾਜ ਸਿੰਗਲਾ)**

ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਸੋਮਵਾਰ ਨੂੰ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਸਕੂਲਾਂ ਵਿੱਚ ਐੱਮ. ਪੀ. ਲੈਡ ਸਕੀਮ ਅਧੀਨ ਮੁਕੰਮਲ ਹੋਏ ਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਨਿੱਜੀ ਤੌਰ 'ਤੇ ਜਾ ਕੇ ਨਰੀਖਣ ਕੀਤਾ।ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ, ਸਹਾਇਕ ਕਮਿਸ਼ਨਰ ਗੋਇਲ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਹਰਜਿੰਦਰ ਸਿੰਘ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਲਲਿਤਾ ਅਰੋੜਾ ਸਮੇਤ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਹਾਜ਼ਰ ਸਨ।

ਸੰਜੀਵ ਅਰੋੜਾ ਨੇ ਸਰਕਾਰੀ ਹਾਈ ਸਮਾਰਟ ਸਕੂਲ ਜਵੱਦੀ ਲੁਧਿਆਣਾ, ਸਰਕਾਰੀ ਮਿਡਲ ਸਕੂਲ ਰਾਜਗੜ੍ਹ, ਸਰਕਾਰੀ ਪ੍ਰਾਇਮਰੀ ਸਕੂਲ ਸਿੰਘਪੁਰਾ, ਸਰਕਾਰੀ ਪ੍ਰਾਇਮਰੀ ਸਕੂਲ ਹੈਬੋਵਾਲ ਕਲਾਂ ਲੁਧਿਆਣਾ, ਸਰਕਾਰੀ ਮਿਡਲ ਸਕੂਲ ਭੂਮਲ ਲੁਧਿਆਣਾ, ਸਰਕਾਰੀ ਪ੍ਰਾਇਮਰੀ ਸਕੂਲ ਤਰਫ ਕੋਟਲੀ ਕਾਰਾਬਾਰਾ, ਸਰਕਾਰੀ ਪ੍ਰਾਇਮਰੀ ਸਕੂਲ ਚੰਦਰ ਨਗਰ ਲੁਧਿਆਣਾ ਤੇ ਸਰਕਾਰੀ ਮਿਡਲ ਸਕੂਲ ਗੜ੍ਹੀ ਸ਼ੇਰੂ ਲੁਧਿਆਣਾ ਦੇ ਵਿਕਾਸ ਕਾਰਜਾਂ ਦਾ ਨਰੀਖਣ ਕੀਤਾ। ਉਨ੍ਹਾ ਕਿਹਾ ਕਿ ਇਨ੍ਹਾਂ ਸਕੂਲਾਂ ਦੇ ਵੱਖ-ਵੱਖ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨ, ਨਵੀਂ ਇਮਾਰਤ ਦੀ ਉਸਾਰੀ ਕਰਨ ਤੇ ਹੋਰ ਕਰਵਾਏ ਗਏ ਕੰਮਾਂ ਦਾ ਨਰੀਖਣ ਕਰਨਾ ਇਸ ਲਈ ਵੀ ਜ਼ਰੂਰੀ ਸੀ ਕਿ ਜੋ ਉਨ੍ਹਾਂ ਨੇ ਐੱਮ. ਪੀ. ਲੈਡ ਵਿੱਚੋਂ ਇਨ੍ਹਾਂ ਸਕੂਲਾਂ ਨੂੰ ਗ੍ਰਾਂਟ ਦਿੱਤੀ ਹੈ, ਉਸ ਦੀ ਵਰਤੋਂ ਸਹੀ ਤਰੀਕੇ ਨਾਲ ਹੋ ਚੁੱਕੀ ਹੈ।ਉਨ੍ਹਾਂ ਸਕੂਲਾਂ ਦੇ ਕੀਤੇ ਗਏ ਨਰੀਖਣ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਹੈਬੋਵਾਲ ਕਲਾਂ ਲੁਧਿਆਣਾ ਨੂੰ ਛੱਡ ਕੇ ਬਾਕੀ ਸਾਰੇ ਸਕੂਲਾਂ ਵੱਲੋਂ ਕਰਵਾਏ ਗਏ ਕੰਮਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਦੇ ਕੰਮ ਮੁਕੰਮਲ ਹੋਣ ਨਾਲ ਆ ਰਹੀਆਂ ਮੁਸ਼ਕਲਾਂ ਤੋਂ ਛੁਟਕਾਰਾ ਮਿਲੇਗਾ ਤੇ ਸਕੂਲੀ ਵਿਦਿਆਰਥੀਆਂ ਨੂੰ ਹੁਣ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ। ਇਸ ਮੌਕੇ ਹਾਜ਼ਰ ਸਕੂਲ ਸਟਾਫ ਤੋਂ ਇਲਾਵਾ ਇਲਾਕਾ ਨਿਵਾਸੀਆਂ ਨੇ ਸੰਸਦ ਮੈਂਬਰ ਸੰਜੀਵ ਅਰੋੜਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਸੰਜੀਵ ਅਰੋੜਾ ਦੀ ਇਮਾਨਦਾਰੀ ਸਦਕਾ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ।ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਵੱਲੋਂ ਲੁਧਿਆਣਾ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਲਈ ਉਹ ਹਮੇਸ਼ਾ ਰਿਣੀ ਰਹਿਣਗੇ।

# ਚੇਅਰਪਰਸਨ ਨੇ ਸਕੂਲ 'ਚ ਕੀਤਾ ਸਬਮਰਸੀਬਲ ਪੰਪ ਤੇ ਵਾਟਰ ਕੂਲਰ ਆਰ ਓ ਦਾ ਉਦਘਾਟਨ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ )**-ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਸਰਕਾਰੀ ਹਾਈ ਸਕੂਲ ਕਮਾਲਪੁਰ ਵਿਚ ਆਪਣੇ ਅਖ਼ਤਿਆਰੀ ਫੰਡ 'ਚੋਂ 2.20 ਲੱਖ ਰੁਪਏ ਦੀ ਲਾਗਤ ਨਾਲ ਲਗਵਾਏ ਸਬਮਰਸੀਬਲ ਪੰਪ ਅਤੇ ਵਾਟਰ ਕੂਲਰ ਆਰ.ਓ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਚੇਅਰਮੈਨ ਬੈਕਫਿੰਕੋ ਸੰਦੀਪ ਸੈਣੀ ਵੀ ਮੌਜੂਦ ਸਨ।ਚੇਅਰਪਰਸਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਸਿੱਖਿਆ ਦੇ ਖੇਤਰ ਵਿਚ ਬੇਮਿਸਾਲ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਪੱਧਰ ਦੇ ਨਾਲ-ਨਾਲ ਬੁਨਿਆਦੀ ਢਾਂਚਾਂ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਉਣ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ ਅਤੇ ਲੋਕ ਸੇਵਕ ਬਣ ਕੇ ਲੋਕਾਂ ਦੇ ਕੰਮ ਕੀਤੇ ਜਾਣਗੇ। ਜ਼ਮੀਨੀ ਪੱਧਰ 'ਤੇ ਲੋਕਾਂ ਦੀ ਮੰਗਾਂ ਨੂੰ ਦੇਖਿਆ ਜਾ ਰਿਹਾ ਹੈ ਅਤੇ ਜਿਥੇ ਜਿੰਨੀ ਲੋੜ ਹੈ, ਉਸੇ ਹਿਸਾਬ ਨਾਲ ਵਿਕਾਸ ਕਾਰਜਾਂ ਸਬੰਧੀ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ।ਜ਼ਿਲ੍ਹਾ ਯੋਜਨਾ ਕਮੇਟੀ ਵੱਲੋਂ ਪੂਰਾ ਯਤਨ ਕੀਤਾ ਜਾ ਰਿਹਾ ਹੈ ਕਿ ਬੁਨਿਆਦੀ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ।ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਤੇ ਕੌਂਸਲਰ ਜਸਪਾਲ ਚੇਚੀ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਅਜੇ ਵਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਦਫ਼ਤਰ ਤੋਂ ਪ੍ਰਿੰਸੀਪਲ ਸ਼ੈਲੇਂਦਰ ਠਾਕੁਰ, ਸਕੂਲ ਹੈੱਡ ਮਿਸਟ੍ਰੈਸ ਰਣਦੀਪ ਕੌਰ, ਜੇ.ਈ ਨਰਿੰਦਰ ਸਿੰਘ, ਉਪ ਅਰਥ ਅੰਕੜਾ ਸਲਾਹਕਾਰ ਦਫ਼ਤਰ ਤੋਂ ਧਰਮਿੰਦਰ ਸਿੰਘ, ਐਕਸ ਸਰਵਿਸਮੈਨ ਸੈੱਲ ਦੇ ਜਨਰਲ ਸਕੱਤਰ ਖ਼ੁਸ਼ੀ ਰਾਮ, ਆਫਿਸ ਇੰਚਾਰਜ ਜੈ ਰਾਮ, ਸੂਬਾ ਸੰਯੁਕਤ ਸਕੱਤਰ ਮਨਦੀਪ ਕੌਰ, ਬੀ.ਸੀ ਸੈੱਲ ਦੇ ਪ੍ਰਧਾਨ ਪਵਨ ਸੈਣੀ, ਸਕੱਤਰ ਕਰਮਜੀਤ ਬੱਬੂ, ਜ਼ਿਲ੍ਹਾ ਸੰਯੁਕਤ ਸਕੱਤਰ ਰਚਨਾ ਕੌਰ, ਬਲਾਕ ਪ੍ਰਧਾਨ ਜਸਪਾਲ, ਬਲਵਿੰਦਰ ਰਾਣਾ, ਹਰੀ ਕ੍ਰਿਸ਼ਨ ਕਜਲਾ, ਬਲਵਿੰਦਰ ਕਤਨਾ, ਜ਼ਿਲ੍ਹਾ ਸੰਯੁਕਤ ਸਕੱਤਰ ਬਲਜੀਤ ਕੌਰ, ਹਰਭਗਤ ਸਿੰਘ ਤੁਲੀ ਤੇ ਹੋਰ ਮੌਜੂਦ ਸਨ।

# ਜੁਆਇੰਟ ਕਮਿਸ਼ਨਰ ਨੇ ਅਧਿਕਾਰੀਆਂ ਨਾਲ ਕੀਤਾ ਹਦੀਆਬਾਦ ਖੇਤਰ ਦਾ ਦੌਰਾ

**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )**-ਜੁਆਇੰਟ ਕਮਿਸ਼ਨਰ ਕੁਲਪ੍ਰੀਤ ਸਿੰਘ ਹੈਲਥ ਸ਼ਾਖਾ ਅਤੇ ਪੀ.ਐੱਮ.ਆਈ.ਡੀ.ਸੀ. ਦੇ ਅਧਿਕਾਰੀਆਂ ਨਾਲ ਨਗਰ ਨਿਗਮ, ਫਗਵਾੜਾ ਦੇ ਹਦੀਆਬਾਦ ਖੇਤਰ ਦਾ ਦੌਰਾ ਕੀਤਾ ਗਿਆ ਅਤੇ ਜ਼ੋਨ ਨੰਬਰ 4 ਦੇ ਸੁਪਰਵਾਈਜ਼ਰ ਪੱਪੂ ਅਤੇ ਉਨ੍ਹਾਂ ਦੇ ਨਾਲ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਨਾਲ ਮੀਟਿੰਗ ਕੀਤੀ।ਜੁਆਇੰਟ ਕਮਿਸ਼ਨਰ ਨੇ ਕਿਹਾ ਕਿ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਅੰਦਰ ਸਫ਼ਾਈ ਵਿਵਸਥਾ ਨੂੰ ਹੋਰ ਬੇਹਤਰ ਬਣਾਉਣ ਲਈ ਪ੍ਰਸ਼ਾਸ਼ਨ ਵੱਲੋਂ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਸ਼ਹਿਰ ਅੰਦਰ ਸਫ਼ਾਈ ਵਿਵਸਥਾ ਨੂੰ ਹੋਰ ਬੇਹਤਰ ਬਣਾਉਣ ਲਈ ਗਿੱਲੇ—ਸੁੱਕੇ ਕੂੜੇ ਦੀ ਸੈਗਰੀਗੇਸ਼ਨ ਨੂੰ ਵਧਾਉਣਾ ਲਾਜ਼ਮੀ ਹੈ, ਜਿਸ ਸਬੰਧੀ ਉਨ੍ਹਾਂ ਵੱਲੋਂ ਜ਼ੋਨ ਨੰਬਰ 4 ਦੇ ਸਫ਼ਾਈ ਕਰਮਚਾਰੀਆਂ ਨਾਲ ਵਿਚਾਰਾਂ ਕੀਤੀਆਂ। ਉਨ੍ਹਾਂ ਵੱਲੋਂ ਸਫ਼ਾਈ ਕਰਮਚਾਰੀਆਂ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਮੂਹ ਸਫ਼ਾਈ ਕਰਮਚਾਰੀ ਆਪਣੀ ਅਣਥੱਕ ਮਿਹਨਤ ਨਾਲ ਸ਼ਹਿਰ ਨੂੰ ਸਾਫ਼—ਸੁਥਰਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਉਨ੍ਹਾਂ ਚੀਫ ਸੈਨੇਟਰੀ ਇੰਸਪੈਕਟਰ ਅਜੈ ਕੁਮਾਰ ਨੂੰ ਕਿਹਾ ਕਿ ਸਫ਼ਾਈ ਕਰਮਚਾਰੀਆਂ ਨੂੰ ਦਫ਼ਤਰ ਨਾਲ ਸਬੰਧਤ ਕਿਸੇ ਵੀ ਪ੍ਰਕਾਰ ਦੇ ਕੰਮ ਨੂੰ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹਨਾ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਪਰੇਸ਼ਾਨੀ ਦਾ ਨਿਯਮਾਂ ਅਨੁਸਾਰ ਢੁੱਕਵਾਂ ਹੱਲ ਪਹਿਲ ਦੇ ਆਧਾਰ 'ਤੇ ਕਰਨਾ ਉਹ ਯਕੀਨੀ ਬਣਾਉਣਗੇ। ਉਨ੍ਹਾਂ ਮੀਡੀਆ ਰਾਹੀਂ ਅਪੀਲ ਕੀਤੀ ਕਿ ਸ਼ਹਿਰ ਦੀ ਸਾਫ਼—ਸਫ਼ਾਈ ਸਬੰਧੀ ਆਮ ਪਬਲਿਕ ਨੂੰ ਵੀ ਆਪਣੇ ਪੱਧਰ 'ਤੇ ਜਾਗਰੂਕ ਹੋਣ ਦੀ ਲੋੜ ਹੈ ਕਿਉਂਕਿ ਜੇਕਰ ਅਸੀਂ ਗਿੱਲੇ—ਸੁੱਕੇ ਕੂੜੇ ਨੂੰ ਘਰ ਵਿੱਚ ਹੀ ਸੈਗਰੀਗੇਟ ਕਰ ਲਵਾਂਗੇ ਤਾਂ ਸ਼ਹਿਰ ਨੂੰ ਸਾਫ਼—ਸੁਥਰਾ ਰੱਖਣਾ ਹੋਰ ਸੁਖਾਲਾ ਹੋ ਜਾਵੇਗਾ। ਜੁਆਇੰਟ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਹਰ ਨਾਗਰਿਕ ਨੂੰ ਆਪਣਾ ਨੈਤਿਕ ਫਰਜ਼ ਸਮਝਦੇ ਹੋਏ ਆਪਣੇ ਘਰ ਵਿੱਚ ਹੀ ਗਿੱਲੇ—ਸੁੱਕੇ ਕੂੜੇ ਨੂੰ ਸੈਗਰੀਗੇਟ ਕਰਨ ਲਈ ਅਲੱਗ—ਅਲੱਗ ਡਸਟਬੀਨ ਲਗਾਉਣੇ ਚਾਹੀਦੇ ਹਨ ਅਤੇ ਇਸ ਕੂੜੇ ਨੂੰ ਅਲੱਗ—ਅਲੱਗ (ਗਿੱਲਾ—ਸੁੱਕਾ) ਕਰਕੇ ਹੀ ਸਫ਼ਾਈ ਕਰਮਚਾਰੀਆਂ ਨੂੰ ਸੌਂਪਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਜਿਹੜੇ ਲੋਕ ਖੁੱਲ੍ਹੇ ਵਿੱਚ ਕੂੜਾ ਸੁੱਟ ਦਿੰਦੇ ਹਨ, ਉਹ ਅਜਿਹਾ ਨਾ ਕਰਨ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਸ਼ਹਿਰ ਨੂੰ ਸਾਫ਼—ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਦੱਸਿਆ ਕਿ ਨਿਗਮ ਪ੍ਰਸ਼ਾਸ਼ਨ ਵੱਲੋਂ ਸ਼ਹਿਰ ਦੀ ਸਫ਼ਾਈ ਵਿਵਸਥਾ ਦੀ ਬੇਹਤਰੀ ਲਈ ਹੁਣ ਚਲਾਨਿੰਗ ਪ੍ਰੋਸੈੱਸ ਵੀ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਵੀ ਵਿਅਕਤੀ ਗਿੱਲੇ—ਸੁੱਕੇ ਕੂੜੇ ਦੀ ਪ੍ਰਕਿਰਿਆ ਦੀ ਪਾਲਣਾ ਨਹੀਂ ਕਰੇਗਾ ਜਾਂ ਖੁੱਲ੍ਹੇ ਵਿੱਚ ਕੂੜਾ ਸੁੱਟੇਗਾ, ਉਸ ਦਾ ਚਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਹੈਲਥ ਸ਼ਾਖਾ ਦੇ ਚੀਫ ਸੈਨੇਟਰੀ ਇੰਸਪੈਕਟਰ ਅਜੈ ਕੁਮਾਰ, ਸੈਨੇਟਰੀ ਇੰਸਪੈਕਟਰ ਨਾਮਦੇਵ, ਐੱਮ.ਆਈ.ਐੱਸ. ਸੰਨੀ ਗੁਪਤਾ, ਸੁਪਰਵਾਈਜ਼ਰ ਪੱਪੂ ਅਤੇ ਜ਼ੋਨ ਨੰਬਰ 4 ਹਦੀਆਬਾਦ ਦੇ ਸਮੂਹ ਸਫ਼ਾਈ ਕਰਮਚਾਰੀ ਹਾਜ਼ਰ ਸਨ।]

# ਗੋਲਡ ਮੈਡਲ, ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਟ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਜਾਦੂਗਰ ਸਮਰਾਟ ਸੰਦੀਪ ਸ਼ਰਮਾ ਅਤੇ ਉਨ੍ਹਾਂ ਦੀ ਅਸਿਸਟੈਂਟ ਮੈਡਮ ਸੁਖਵਿੰਦਰ ਕੌਰ ਨਕੋਦਰ ਨੂੰ ਵਰਲਡ ਰਿਕਾਰਡ ਬਣਾਉਣ 'ਤੇ ਅਯੁੱਧਿਆ ਧਾਮ ਵਿਖੇ ਭਾਰਤੀਯ ਮੈਜਿਕ ਕਲਾ ਟਰੱਸਟ ਦੇ ਅਹੁਦੇਦਾਰਾਂ ਵੱਲੋਂ ਗੋਲਡ ਮੈਡਲ, ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਲੱਗਭਗ 119 ਜਾਦੂਗਰਾਂ ਵਲੋਂ ਖਾਲੀ ਹੱਥਾਂ ਵਿਚੋਂ ਮੈਜਿਕ ਪਾਵਰ ਨਾਲ ਪ੍ਰਭੂ ਸ਼੍ਰੀ ਰਾਮ ਜੀ ਦੇ ਨਾਂਅ ਦੇ ਰੁਮਾਲ ਅਤੇ ਝੰਡੇ ਬਣਾ ਕੇ ਵਰਲਡ ਰਿਕਾਰਡ ਕਾਇਮ ਕੀਤਾ ਗਿਆ।

# ਹੈਰੋਇਨ ਸਮੇਤ ਕਾਬੂ



**ਬੰਗਾ (ਅਵਤਾਰ ਕਲੇਰ)** ਥਾਣਾ ਮੁਕੰਦਪੁਰ ਦੀ ਪੁਲਸ ਦੇ ਐਸ ਆਈ ਜੋਗਿੰਦਰ ਸਿੰਘ ਮੁੱਖ ਅਫਸਰ ਥਾਣਾ ਮੁਕੰਦਪੁਰ ਸਮੇਤ ਪੁਲਸ ਪਾਰਟੀ ਨੇ ਦੌਰਾਨੇ ਗਸ਼ਤ ਪਿੰਡ ਗਹਿਲ ਮਜਾਰੀ ਤੋਂ ਸੁਖਤੇਜ ਸਿੰਘ ਉਰਫ ਸੁੱਖਾ ਪੁੱਤਰ ਨਰਿੰਦਰ ਸਿੰਘ ਵਾਸੀ ਖਾਨਖਾਨਾ ਥਾਣਾ ਮੁਕੰਦਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਤਲਾਸ਼ੀ ਦੌਰਾਨ 04 ਗ੍ਰਾਮ ਹੈਰੋਇੰਨ ਬਰਾਮਦ ਕਰਕੇ ਮੁਕੱਦਮਾ ਥਾਣਾ ਮੁਕੰਦਪੁਰ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਰਧਾ ਤੇ ਉਤਸ਼ਾਹ ਸਹਿਤ ਮਨਾਇਆ ਪ੍ਰਕਾਸ਼ ਦਿਹਾੜਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**—-ਸ਼ਹੀਦ ਬਾਬਾ ਮੱਤੀ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਸ਼ਹੀਦ ਸਿੰਘਾਂ ਪਿੰਡ ਬਡਲਾ ਵਿੱਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਸਹਿਤ ਮਨਾਇਆ ਗਿਆ, ਜਿਸ ਵਿੱਚ ਸੰਗਤ ਨੇ ਗੁਰਬਾਣੀ ਜੱਸ ਕੀਰਤਨ ਸਰਵਣ ਕੀਤਾ। ਇਥੇ 33ਵਾਂ ਸਵੈਇੱਛੁਕ ਖੂਨਦਾਨ ਕੈਂਪ, ਠੰਢੇ ਦਾ ਲੰਗਰ, ਬੂਟਿਆਂ ਦਾ ਲੰਗਰ ਅਤੇ ਐਸ ਜੀ ਆਰ ਹਸਪਤਾਲ ਦੇ ਸਰਪ੍ਰਸਤ ਡਾ. ਪਰਮਿੰਦਰ ਸਿੰਘ ਸੂਦ ਨੇ ਫ੍ਰੀ ਮੈਡੀਕਲ ਚੈੱਕਅਪ ਅਤੇ ਫ੍ਰੀ ਦਵਾਈਆਂ ਦਾ ਕੈਂਪ ਲਗਾਇਆ। ਮਿਨਹਾਸ ਨੇ ਦੱਸਿਆ ਕਿ ਸੇਵਾ ਸੁਸਾਇਟੀ ਡਰੋਲੀ ਕਲਾਂ ਸਮੂਹ ਪਰਵਾਰ ਵੱਲੋਂ ਖੂਨਦਾਨ ਕੈਂਪ, ਫ੍ਰੀ ਮੈਡੀਕਲ ਕੈਂਪ,ਰਾਗੀ ਢਾਡੀ ਸਿੰਘਾਂ ਜੱਥਿਆਂ ਦੀ ਭੇਟਾ ਦੀ ਸੇਵਾ, ਠੰਢੇ ਦਾ ਲੰਗਰ ਅਤੇ ਗੁਰਬਖਸ਼ ਸਿੰਘ ਸੂਬਾ ਅਤੇ ਆਦਮਪੁਰ ਜੰਗਲਾਤ ਅਫ਼ਸਰ ਜਸਵੀਰ ਸਿੰਘ ਅਤੇ ਮੈਡਮ ਭੁਪਿੰਦਰ ਕੌਰ ਦੀ ਬਦੌਲਤ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਸੰਗਤਾਂ ਨੂੰ ਵੱਖ ਵੱਖ ਕਿਸਮਾਂ ਦੇ ਫੁੱਲਦਾਰ, ਫਲਦਾਰ ਅਤੇ ਛਾਂਦਾਰ ਬੂਟੇ ਲਗਵਾਉਣ ਲਈ ਪ੍ਰੇਰਿਤ ਕਰਦੇ ਹੋਏ ਵੰਡੇ ਗਏ। ਮੁੱਖ ਮਹਿਮਾਨ ਵਜੋਂ ਸੰਤ ਬਾਬਾ ਕੇਵਲ ਸਿੰਘ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ, ਕੁਲਵੰਤ ਭੂੰਨੇ ਜਨਰਲ ਸਕੱਤਰ ਅੰਬੇਡਕਰ ਸੈਨਾ ਪੰਜਾਬ, ਸੁੱਖ ਰੰਧਾਵਾ ਸਤਨਾਮ ਬਲੱਡ ਸੈਂਟਰ ਹੁਸ਼ਿਆਰਪੁਰ ਦੇ ਸਰਪ੍ਰਸਤ ਗੌਰਵ ਗੋਰਾਂ ਪਹੁੰਚੇ। ਸੇਵਾਦਾਰ ਭਾਈ ਸੁਖਜੀਤ ਸਿੰਘ

# ਸਰਕਾਰੀ ਹਸਪਤਾਲ 'ਚ ਇੱਕ ਵਾਰ ਫਿਰ ਗੁੰਡਾਗਰਦੀ ਦਾ ਨੰਗਾ ਨਾਚ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਹਮੇਸ਼ਾ ਕਿਸੇ ਨਾ ਕਿਸੇ ਗੱਲ ਲਈ ਸੁਰਖੀਆਂ ਵਿੱਚ ਰਹਿਣ ਵਾਲੇ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਅੰਦਰ ਇੱਕ ਵਾਰ ਫਿਰ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲਿਆ।ਹਸਪਤਾਲ ਅੰਦਰ ਦੋ ਧਿਰਾਂ ਦੀ ਆਪਸ ਵਿੱਚ ਜ਼ਬਰਦਸਤ ਲੜਾਈ ਹੋਈ, ਜਿਸ ਵਿੱਚ ਦੋ ਦਰਜਨ ਦੇ ਕਰੀਬ ਨੌਜਵਾਨ ਆਪਸ ਵਿੱਚ ਭਿੜੇ ਦੱਸੇ ਜਾ ਰਹੇ ਨੇ ਹਾਲਾਂਕਿ ਮੌਕੇ ਤੇ ਪਹੁੰਚੀ ਪੁਲਸ ਨੇ ਨੌਜਵਾਨਾਂ ਨੂੰ ਕਾਬੂ ਕਰ ਲਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰਨ ਦੀ ਗੱਲ ਆਖੀ। ਹਸਪਤਾਲ ਅੰਦਰ ਦਾਖਲ ਨੌਜਵਾਨ ਹੁਸ਼ਿਆਰਪੁਰ ਦੇ ਮੁਹੱਲਾ ਬੱਸੀ ਖਵਾਜੂ ਦਾ ਰਹਿਣ ਵਾਲਾ ਹੈ ਅਤੇ ਉਸਦਾ ਨਾਂਅ ਗੌਤਮ ਹੈ। ਜਿਸਨੂੰ ਕੁਝ ਲੜਕੇ ਸੋਸ਼ਲ ਮੀਡੀਆ ਤੇ ਇੱਕ ਗਰੁੱਪ ਵਿੱਚ ਐਡ ਹੋਣ ਲਈ ਕਹਿ ਰਹੇ ਸਨ ਪਰ ਉਸ ਵੱਲੋਂ ਮਨਾ ਕਰਨ ਤੇ ਉਸ ਨੂੰ ਹੁਸ਼ਿਆਰਪੁਰ ਦੇ ਕਿਸੇ ਗਰਾਊਂਡ ਵਿੱਚ ਬੁਲਾ ਕੇ ਉਸ ਦੀ ਵੱਢ ਟੁੱਕ ਕੀਤੀ ਗਈ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਜਿਸ ਤੋਂ ਬਾਅਦ ਲਹੂ ਲੁਹਾਨ ਹੋਏ ਨੌਜਵਾਨ ਨੇ ਘਰ ਪਹੁੰਚ ਕੇ ਸਾਰੀ ਗੱਲ ਦੱਸੀ ਅਤੇ ਉਸਦੇ ਮਾਪਿਆਂ ਨੇ ਉਸ ਨੂੰ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਵਿਖੇ ਦਾਖਲ ਕਰਵਾਇਆ।ਇਸ ਨੌਜਵਾਨ ਉੱਪਰ ਦੁਬਾਰਾ ਕੁਝ ਨੌਜਵਾਨਾਂ ਨੇ ਹਸਪਤਾਲ ਅੰਦਰ ਹੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਹਨਾਂ ਵੱਲੋਂ ਤਿੱਖੇ ਤੇਜਦਾਰ ਹਥਿਆਰ ਵੀ ਵਰਤੇ ਗਏ ਜੋ ਕਿ ਲੜਾਈ ਛੁਡਵਾਉਣ ਲਈ ਆਏ ਹਸਪਤਾਲ ਦੇ ਕੁਝ ਸਟਾਫ ਮੈਂਬਰਾਂ ਦੇ ਵੀ ਸੱਟਾਂ ਮਾਰ ਗਏ। ਗੌਤਮ ਦੀ ਮਾਂ ਨੇ ਦੱਸਿਆ ਕਿ ਜਦੋਂ ਉਸਦਾ ਪੁੱਤਰ ਕੰਟੀਨ ਵਿੱਚ ਕੁਝ ਖਾਣ ਅਤੇ ਟਹਿਲਣ ਦੇ ਇਰਾਦੇ ਨਾਲ ਗਿਆ ਤਾਂ ਉਸ 'ਤੇ ਹਸਪਤਾਲ ਦੇ ਅੰਦਰ ਹੀ ਦੂਜੀ ਵਾਰ ਉਕਤ ਨੌਜਵਾਨਾਂ ਨੇ ਹਮਲਾ ਕੀਤਾ। ਮੌਕੇ 'ਤੇ ਜਾਂਚ ਲਈ ਥਾਣਾ ਮਾਡਲ ਟਾਊਨ ਤੋਂ ਆਏ ਜਾਂਚ ਅਧਿਕਾਰੀ ਗੁਰਦੀਪ ਸਿੰਘ ਨੇ ਦੱਸਿਆ ਕਿ ਉਹ ਮੌਕੇ ਤੇ ਜਦੋਂ ਪਹੁੰਚੇ ਉਦੋਂ ਨੌਜਵਾਨ ਇਧਰ ਉਧਰ ਹੋ ਗਏ ਸਨ ਪਰ ਵੀਡੀਓ ਫੁਟੇਜ 'ਤੇ ਨਜ਼ਰ ਮਾਰੀਏ ਤਾਂ ਸਾਫ ਪਤਾ ਲੱਗਦਾ ਹੈ ਕਿ ਪੀਸੀਆਰ ਅਤੇ ਥਾਣਾ ਮਾਡਲ ਤੋਂ ਦੇ ਮੁਲਾਜ਼ਮਾਂ ਵੱਲੋਂ ਜਾਂਚ ਦੌਰਾਨ ਕਈ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ ਪਰ ਕੈਮਰੇ ਅੱਗੇ ਜਨਾਬ ਇਹ ਕਹਿ ਕੇ ਗੱਲ ਗੋਲ ਕਰਦੇ ਨਜ਼ਰ ਆਏ ਕਿ ਹਾਲੇ ਤੱਕ ਤਸਵੀਰ ਧੁੰਦਲੀ ਹੈ ਅਤੇ ਕੁਝ ਵੀ ਸਾਫ ਨਹੀਂ ਹੋ ਸਕਿਆ ਹੈ ਜਾਂਚ ਕੀਤੀ ਜਾ ਰਹੀ ਹੈ।

# ਸਿਵਲ ਸਰਜਨ ਨੇ ਮੈਡੀਕਲ ਅਫਸਰਾਂ ਨੂੰ ਦਿੱਤੇ ਨਿਯੁਕਤੀ ਪੱਤਰ



**ਜਲੰਧਰ ( ਸ਼ੈਲੀ ਐਲਬਰਟ)** ਸਿਵਲ ਸਰਜਨ ਡਾ. ਜਗਦੀਪ ਚਾਵਲਾ ਵੱਲੋਂ ਸੋਮਵਾਰ ਨੂੰ ਆਮ ਆਦਮੀ ਕਲੀਨਿਕਾਂ ਵਿੱਚ ਆਮ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ 10 ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਅਤੇ ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਦੇ ਖੁੱਲਣ ਨਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਹੀ ਸਿਹਤ ਸੇਵਾਵਾਂ ਦਾ ਲਾਭ ਮਿਲ ਰਿਹਾ ਹੈ ।ਆਮ ਆਦਮੀ ਕਲੀਨਿਕਾਂ ਲਈ ਚੁਣੇ ਗਏ ਮੈਡੀਕਲ ਅਫਸਰਾਂ ਨੂੰ ਮੈਰਿਟ ਦੇ ਆਧਾਰ 'ਤੇ ਨਿਯੁਕਤੀ ਪੱਤਰ ਜਾਰੀ ਕੀਤੇ ਗਏ । ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਜੋਤੀ ਫੁਕੇਲਾ, ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਮਨਦੀਪ ਕੌਰ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਕੇਸ਼ ਚੋਪੜਾ, ਸਹਾਇਕ ਸਿਹਤ ਅਫਸਰ ਡਾ. ਸਤਜੀਤ ਕੌਰ ਅਤੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਡਾ. ਸੁਖਵਿੰਦਰ ਕੌਰ ਮੌਜੂਦ ਸਨ ।ਸਿਵਲ ਸਰਜਨ ਡਾ. ਜਗਦੀਪ ਚਾਵਲਾ ਵੱਲੋਂ ਆਮ ਆਦਮੀ ਕਲੀਨਿਕਾਂ ਲਈ ਨਿਯੁਕਤ ਹੋਏ ਮੈਡੀਕਲ ਅਫਸਰਾਂ ਨੂੰ ਉਨ੍ਹਾਂ ਦੀ ਨਿਯੁਕਤੀ ਹੋਣ ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਸਿਹਤ ਸੇਵਾਵਾਂ ਦਾ ਲਾਭ ਲੈਣ ਲਈ ਆ ਰਹੇ ਲੋਕਾਂ ਨਾਲ ਹਮਦਰਦੀ ਭਰਿਆ ਵਤੀਰਾ ਰੱਖਿਆ ਜਾਵੇ ਅਤੇ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਜਾਵੇ।ਇਸ ਦੌਰਾਨ ਨਵ-ਨਿਯੁਕਤ ਮੈਡੀਕਲ ਅਫਸਰਾਂ ਵਿੱਚ ਨਿਯੁਕਤੀ ਨੂੰ ਲੈ ਕੇ ਕਾਫੀ ਉਤਸਾਹ ਨਜ਼ਰ ਆਇਆ।

# ਕਿਸਾਨ 'ਤੇ ਗੋਲੀ ਚਲਾਉਣ ਵਾਲੇ ਗ੍ਰਿਫ਼ਤਾਰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**— ਬੀਤੀ 8 ਮਈ ਨੂੰ ਪਿੰਡ ਸੁੰਨੜ ਕਲਾ ਕਿਸਾਨ ਰੇਸ਼ਮ ਸਿੰਘ ਉੱਪਰ ਗੋਲੀ ਚਲਾਉਣ ਵਾਲੇ 6 ਵਿਅਕਤੀਆਂ ਨੂੰ ਨੂਰਮਹਿਲ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਮੁਖੀ ਵਰਿੰਦਰਪਾਲ ਸਿੰਘ ਉੱਪਲ ਨੇ ਦੱਸਿਆ ਕਿ ਇਨ੍ਹਾਂ ਦੀ ਪਹਿਚਾਣ ਗੁਰਵਿੰਦਰ ਸਿੰਘ ਉਰਫ ਸਨੀ ਹੰਬਲਾ ਥਾਣਾ ਲਾਡੋਵਾਲ ਜ਼ਿਲ੍ਹਾ ਲੁਧਿਆਣਾ, ਸਰਬਜੀਤ ਸਿੰਘ ਪਿੰਡ ਸਰਹਾਲੀ ਕਲਾ ਜ਼ਿਲ੍ਹਾ ਤਰਨਤਾਰਨ, ਗਗਨਦੀਪ ਸਿੰਘ ਵਾਸੀ ਪਿੰਡ ਸੋਹਾਵਾ ਖਾਣਾ ਸਰਹਾਲੀ ਕਲਾ ਜ਼ਿਲ੍ਹਾ ਤਰਨਤਾਰਨ, ਬਲਦੇਵ ਸਿੰਘ ਪਿੰਡ ਠੱਠਾ ਸਰਹਾਲੀ ਜ਼ਿਲ੍ਹਾ ਤਰਨਤਾਰਨ, ਰੇਸ਼ਮ ਸਿੰਘ ਪਿੰਡ ਸਰਹਾਲੀ ਕਲਾ ਜ਼ਿਲ੍ਹਾ ਤਰਨਤਾਰਨ, ਬਲਜੀਤ ਸਿੰਘ ਉਰਫ ਮੀਤੂ ਵਾਸੀ ਸਰਹਾਲੀ ਕਲਾ ਹਾਲ ਵਾਸੀ ਨੂਰ ਦੀ ਤਰਨਤਾਰਨ ਵਜੋਂ ਹੋਈ ਹੈ।

ਪੁਲਸ ਨੇ ਗੋਲੀ ਚਲਾਉਣ ਵਾਲਿਆਂ ਖਿਲਾਫ਼ ਮੁਕੱਦਮਾ ਨੰਬਰ 57 ਦਰਜ ਕੀਤਾ ਹੈ। ਜਦੋਂ ਕਿਸਾਨ ਰੇਸ਼ਮ ਸਿੰਘ ਆਪਣੇ ਖੂਹ ਤੇ ਝੋਨੇ ਦੀ ਪਨੀਰੀ ਲੈ ਕੇ ਜਾ ਰਿਹਾ ਸੀ ਤਾਂ ਉਸ ਵੇਲੇ ਉਸ ਉੱਪਰ ਗੋਲੀ ਚਲਾਈ ਗਈ ਸੀ ਜਿਹੜੀ ਕਿ ਉਸਦੇ ਪੱਟ ਉੱਪਰ ਲੱਗੀ ਸੀ।

# ਸਿਹਤ ਕਰਮਚਾਰੀਆਂ ਨੇ ਵੱਖ-ਵੱਖ ਇਲਾਕਿਆਂ 'ਚ ਫੀਵਰ ਸਰਵੇ ਕੀਤਾ



**ਫਗਵਾੜਾ ( ਡਾ. ਰਮਨ )**—ਸਥਾਨਕ ਸਿਵਲ ਹਸਪਤਾਲ ਦੇ ਐਸ.ਐਮ.ਓ. ਡਾ: ਲਹਿੰਬਰ ਰਾਮ ਦੀ ਯੋਗ ਰਹਿਨੁਮਾਈ ਅਤੇ ਨੋਡਲ ਅਫ਼ਸਰ ਡਾ. ਦਰਸ਼ਨ ਬੱਧਨ ਦੀ ਸੁਚੱਜੀ ਦੇਖਰੇਖ ਹੇਠ ਸਿਹਤ ਕਰਮਚਾਰੀਆਂ ਵਲੋਂ ਇਲਾਕਾ ਭਗਤਪੁਰਾ , ਰਾਮਪੁਰਾ , ਪ੍ਰੀਤ ਨਗਰ , ਕੋਟਰਾਣੀ ਵਿਖੇ ਸਿਹਤ ਕਰਮਚਾਰੀਆਂ ਨੇ ਫੀਵਰ ਸਰਵੇ ਕੀਤਾ ਗਿਆ, ਪਾਣੀ ਦੇ ਸਰੋਤਾਂ ਵਿੱਚ ਲਾਰਵਾ ਚੈੱਕ ਕੀਤਾ, ਲੋਕਾਂ ਨੂੰ ਡੇਂਗੂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਅਤੇ ਜਾਗਰੂਕਤਾ ਪੈਂਫਲਿਟ ਵੰਡੇ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ ਅਤੇ ਬਲਿਹਾਰ ਚੰਦ ਨੇ ਡੇਂਗੂ ਬੁਖਾਰ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ ਤੇਜ਼ ਬੁਖ਼ਾਰ ਤੇ ਸਿਰ ਦਰਦ, ਮਾਸਪੇਸ਼ੀਆਂ 'ਚ ਦਰਦ, ਚਮੜੀ ਤੋਂ ਦਾਣੇ, ਅੱਖਾਂ ਦੇ ਪਿਛਲੇ ਪਾਸੇ ਦਰਦ, ਮਸੂੜਿਆਂ ਤੇ ਨੱਕ ਵਿੱਚੋਂ ਖੂਨ ਵਗਣਾ ਆਦਿ ਇਸ ਦੇ ਲੱਛਣ ਹਨ। ਉਨ੍ਹਾਂ ਕਿਹਾ ਕਿ ਇੰਨ੍ਹਾਂ ਦਿਨਾਂ ਵਿੱਚ ਕੋਈ ਵੀ ਬੁਖਾਰ ਹੋਵੇ ਤਾਂ ਟੈਸਟ ਕਰਵਾ ਕੇ ਹੀ ਦਵਾਈ ਲਈ ਜਾਵੇ, ਘਰੇਲੂ ਨੁਸਖਿਆਂ ਤੋਂ ਪਰਹੇਜ਼ ਕੀਤਾ ਜਾਵੇ। ਇਸ ਬਿਮਾਰੀ ਦੇ ਟੈਸਟ, ਇਲਾਜ਼ ਅਤੇ ਦਵਾਈਆਂ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਉਪਲਬਧ ਹਨ ਕੰਵਲਜੀਤ ਸਿੰਘ ਸੰਧੂ ਨੇ ਕਿਹਾ ਕਿ ਡੇਂਗੂ ਤੋਂ ਬੱਚਣ ਲਈ ਹਫ਼ਤੇ ਵਿੱਚ ਇਕ ਵਾਰ ਕੂਲਰਾਂ ਦਾ ਪਾਣੀ ਪੂਰੀ ਤਰਾਂ ਕੱਢ ਕੇ, ਸਾਫ ਕਰਕੇ ਫਿਰ ਪਾਣੀ ਭਰਿਆ ਜਾਵੇ ਅਤੇ ਵਾਧੂ ਪਏ ਬਰਤਨਾਂ, ਟਾਇਰਾਂ, ਗਮਲਿਆਂ, ਡਰੰਮਾਂ ਆਦਿ ਵਿੱਚ ਪਾਣੀ ਇੱਕਠਾ ਨਾ ਹੋਣ ਦਿੱਤਾ ਜਾਵੇ। ਛੱਤਾਂ 'ਤੇ ਲੱਗੀਆਂ ਪਾਣੀ ਦੀ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਨਾਲ ਲੱਗੇ ਹੋਣ। ਘਰਾਂ, ਦਫ਼ਤਰਾਂ ਦੇ ਆਲੇ- ਦੁਆਲੇ ਤੇ ਛੱਤਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਮੱਛਰਾਂ ਤੋਂ ਬਚਣ ਲਈ ਮੱਛਰਦਾਨੀਆਂ ਅਤੇ ਪੂਰੀਆਂ ਬਾਹਵਾਂ ਦੇ ਕੱਪੜਿਆ ਦਾ ਪ੍ਰਯੋਗ ਕੀਤਾ ਜਾਵੇ। ਲੋਕਾਂ ਵੱਲੋਂ ਘਰਾਂ ਵਿੱਚ ਮੱਛਰਾਂ ਤੋਂ ਬਚਣ ਲਈ ਆਲ-ਆਊਟ, ਆਦਿ ਦਾ ਪ੍ਰਯੋਗ ਕੀਤਾ ਜਾਵੇ। ਇਸ ਮੌਕੇ ਡਾ. ਰਮਨ, ਨਿਤਿਸ਼ ਗਨਾਤਰਾ , ਸਿਕੰਦਰ ਕਨੋਜੀਆ , ਨਰਿੰਦਰ ਪਾਲ ਸਿੰਘ ਮਾਹੀ , ਮੁਕੇਸ਼ , ਐਮ ਪੀ ਐਚ ਡਬਲਯੂ ਗੁਰਿੰਦਰ ਸਿੰਘ, ਬ੍ਰਿਡਿੰਗ ਚੈਕਰ ਸੁਨੀਲ , ਰਮਨਦੀਪ ਸਿੰਘ , ਰਜਿੰਦਰ ਕੁਮਾਰ , ਮਨੀਸ਼ , ਅਜੀਤ ਰਾਮ , ਡਿੰਪਲ ਕੁਮਾਰ , ਮਨੀ ਕੁਮਾਰ ਆਦਿ ਮੌਜੂਦ

# ਹਰਿੰਦਰ ਸਿੰਘ ਤੇ ਸਾਥੀਆਂ ਨੇ ਬੂਟੇ ਲਗਾਏ



**ਆਦਮਪੁਰ (ਪਰਮਜੀਤ ਸਿੰਘ)**- ਇਲਾਕੇ ਦੇ ਉਘੇ ਸਮਾਜ ਸੇਵੀ ਅਤੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਆਦਮਪੁਰ ਸ਼ਹਿਰ ਦੇ ਦਸਮੇਸ਼ ਨਗਰ ਵਿਖੇ ਬੂਟੇ ਲਗਾਏ ਗਏ । ਉਨ੍ਹਾਂ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਹਰਿਆਵਲ ਪੰਜਾਬ' ਤਹਿਤ ਅਮਰੀਕ ਸਿੰਘ ਸਾਬੀ ਦੇ ਉਦਮ ਸਦਕਾ ਪੌਦਾਰੋਪਣ ਕੀਤਾ ਗਿਆ।ਅਮਰੀਕ ਸਿੰਘ ਨੇ ਆਪਣੇ ਮੁਹੱਲਾ ਨਿਵਾਸੀਆਂ ਅਤੇ ਬਚਿਆਂ ਨੂੰ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ । ਅਮਰੀਕ ਸਿੰਘ ਨੇ ਬੰਟੀ , ਹਰੀ ਅਤੇ ਨੌਜਵਾਨ ਗੁਰਜੋਤ ਸਿੰਘ ਨਾਲ ਬੂਟੇ ਲਗਾਉਣ ਲਈ ਖੱਡੇ ਖੋਦੇ। ਬਾਲਕ ਏਕਮਜੋਤ ਸਿੰਘ ਨੇ ਵੀ ਪੂਰਾ ਜ਼ੋਰ ਲਗਾਇਆ । ਇੰਸਪੈਕਟਰ ( ਰਿਟਾ. ) ਬਖਸ਼ੀਸ਼ ਲਾਲ ਨੇ ਵੀ ਭਰਪੂਰ ਯੋਗਦਾਨ ਪਾਇਆ । ਹਰਿੰਦਰ ਸਿੰਘ ਨੇ ਕਿਹਾ ਕਿ ਗੁਰਜੋਤ ਸਿੰਘ ਅਤੇ ਏਕਮਜੋਤ ਸਿੰਘ ਵਰਗੇ ਬੱਚਿਆਂ ਦੀ ਲੋੜ ਹੈ ਜੋ ਬੂਟੇ ਲਗਾ ਵੀ ਰਹੇ ਹਨ ਅਤੇ ਇਨ੍ਹਾਂ ਨੂੰ ਪਾਲਣ ਦੀ ਸੇਵਾ ਵੀ ਨਿਭਾਉਣਗੇ ।ਇਸ ਮੌਕੇ ਸੁਰਜਣਾ, ਬੋਟਲ ਬਰਸ਼, ਹਾਈਬਿਸਕਸ, ਗੁਲਮੋਹਰ ਆਦਿ ਬੂਟੇ ਸਭਨਾਂ ਨੇ ਮਿਲ ਕੇ ਲਗਾਏ ।

# ਏ ਜੀ ਆਈ ਇਨਫਰਾ ਲਿਮਟਿਡ ਨੇ 'ਜੀਵਨ ਲਈ ਰੁੱਖ' ਮੁਹਿੰਮ ਸ਼ੁਰੂ ਕੀਤੀ



**ਜਲੰਧਰ ( ਰਾਜੇਸ਼ ਥਾਪਾ )** ਖੇਤਰ ਦੀ ਚੋਟੀ ਦੀ ਰੀਅਲ ਅਸਟੇਟ ਅਤੇ ਉਸਾਰੀ ਕੰਪਨੀ ਏ ਜੀ ਆਈ ਇਨਫਰਾ ਲਿਮਿਟਿਡ ਨੂੰ 'ਜੀਵਨ ਲਈ ਰੁੱਖ' ਦੀ ਮੁਹਿੰਮ ਦਾ ਰਾਜਦੂਤ ਬਣਾਇਆ ਗਿਆ ਹੈ। ਇਕ ਪੇੜ ਮਾਂ ਦੇ ਨਾਂਅ , ਇਸ ਸਾਲ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਪੌਦੇ ਲਗਾਉਣ ਦਾ ਨਾਅਰਾ ਹੈ, ਅਤੇ ਰੁੱਖ ਲਗਾਉਣ ਦੀ ਇਸ ਭਾਵਨਾ 'ਤੇ ਕੰਮ ਕਰਦੇ ਹੋਏ ਏ ਜੀ ਆਈ ਇਨਫਰਾ ਲਿਮਟਿਡ ਨੇ ਜਲੰਧਰ ਨੂੰ 5 ਹਜ਼ਾਰ ਬੂਟੇ ਲਗਾ ਕੇ ਹਰਿਆ ਭਰਿਆ ਸ਼ਹਿਰ ਬਣਾਉਣ ਦਾ ਫੈਸਲਾ ਕੀਤਾ ਹੈ। ਏਜੀਆਈ ਇਨਫਰਾ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਕਿਹਾ ਕਿ ਸ਼ਹਿਰ ਦੇ ਹਰ ਕੋਨੇ ਵਿੱਚ ਪੌਦੇ ਲਗਾਏ ਜਾਣਗੇ ।

# ਵੱਧ ਤੋਂ ਵੱਧ ਬੂਟੇ ਲਗਾਓ ਤੇ ਸੰਭਾਲ ਵੀ ਕਰੋ : ਬਰਸਟ



**ਐਸ.ਏ.ਐਸ. ਨਗਰ ( ਗੁਰਜੀਤ ਬਿੱਲਾ)** ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਸ਼ਹੀਦ ਭਗਤ ਸਿੰਘ ਹਰਿਆਵਲ ਲਹਿਰ ਦੇ ਦੂਜੇ ਪੜਾਅ ਤਹਿਤ ਅਨਾਜ ਮੰਡੀ ਪਟਿਆਲਾ ਵਿੱਚ ਬੂਟੇ ਲਗਾਏ ਗਏ। ਜਿਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਉੱਥੇ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੌਂਪੀ ਗਈ। ਇਸ ਮੌਕੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੌਰਾਨ ਆਮ ਲੋਕਾਂ ਨੂੰ ਵਾਤਾਵਰਨ ਦੇ ਮਹਤੱਤਾ ਬਾਰੇ ਦੱਸਿਆ ਗਿਆ ਅਤੇ ਬੂਟੇ ਵੀ ਵੰਡੇ ਗਏ। ਇਸ ਤੋਂ ਬਾਅਦ ਮੰਡੀ ਦੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਂਦਿਆਂ ਹੋਇਆਂ ਕਰੀਬ 60 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਬਰਸਟ ਨੇ ਕਿਹਾ ਕਿ ਦਿਨੋਂ ਦਿਨ ਵੱਧ ਰਹੀ ਤਪਸ਼ ਨੇ ਲੋਕਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਗਰਮੀ ਵਿੱਚ ਹੋ ਰਹੇ ਵਾਧਾ ਦਾ ਅਸਰ ਆਮ ਲੋਕਾਂ ਦੇ ਜੀਵਨ 'ਤੇ ਪੈ ਰਿਹਾ ਹੈ। ਇਸ ਲਈ ਸਾਰਿਆਂ ਨੂੰ ਬੂਟੇ ਲਗਾ ਕੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਿੱਚ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ, ਤਾਂ ਜੋ ਸਾਡਾ ਆਲਾ-ਦੁਆਲਾ ਹਰਿਆ-ਭਰਿਆ ਰਹਿ ਸਕੇ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਾਰੇ ਪੰਜਾਬ ਵਿੱਚ ਬੂਟੇ ਲਗਾਏ ਜਾ ਰਹੇ ਹਨ। ਬਰਸਾਤ ਦਾ ਮੌਸਮ ਬੂਟੇ ਲਗਾਉਣ ਲਈ ਸਭ ਤੋਂ ਵੱਧ ਲਾਭਕਾਰੀ ਹੈ, ਕਿਉਂਕਿ ਇਹਨਾਂ ਦਿਨਾਂ ਵਿੱਚ ਲਗਾਏ ਪੌਦੇ ਬੜੀ ਆਸਾਨੀ ਨਾਲ ਚੱਲ ਪੈਂਦੇ ਹਨ। ਪਰ ਅਜੋਕੇ ਸਮੇਂ ਵਿੱਚ ਪੌਦਿਆਂ ਦੀ ਸਾਂਭ-ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਵੱਲੋਂ ਸਾਰੇ ਉੱਚ ਅਧਿਕਾਰੀਆਂ, ਕਰਮਚਾਰੀਆਂ ਅਤੇ ਆੜ੍ਹਤੀਆਂ ਨੂੰ ਆਪਣੇ ਆਲੇ-ਦੁਆਲੇ ਪੰਜ-ਪੰਜ ਬੂਟੇ ਲਾਜ਼ਮੀ ਲਗਾਉਣ ਅਤੇ ਆਪਣੇ ਜਨਮ ਦਿਨ ਮੌਕੇ ਵੀ ਦੋ-ਦੋ ਬੂਟੇ ਹੋਰ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਉਤਸਾਹਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਹਰਿਆਵਲ ਮੁਹਿੰਮ ਤਹਿਤ ਸਾਲ 2023-24 ਦੌਰਾਨ ਪੰਜਾਬ ਰਾਜ ਦੀਆਂ ਵੱਖ-ਵੱਖ ਮੰਡੀਆਂ ਵਿੱਚ ਅਧਿਕਾਰੀਆਂ, ਕਰਮਚਾਰੀਆਂ, ਆੜ੍ਹਤੀ ਐਸੋਸੀਏਸ਼ਨਾਂ, ਐਨ.ਜੀ.ਓਜ਼ ਦੇ ਸਹਿਯੋਗ ਨਾਲ ਕਰੀਬ 33 ਹਜ਼ਾਰ ਫਲਦਾਰ, ਛਾਂ ਵਾਲੇ ਅਤੇ ਮੈਡੀਸਨ ਦੇ ਪੌਦੇ ਲਗਾਏ ਗਏ ਸਨ ਅਤੇ ਇਸ ਸੀਜਨ ਵਿੱਚ 35 ਹਜਾਰ ਤੋਂ ਵੱਧ ਬੂਟੇ ਲਗਾਉਣ ਦਾ ਟੀਚਾ ਹੈ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਨੁੱਖ, ਪਸ਼ੂ, ਪੰਛੀਆਂ ਦੀ ਜ਼ਿੰਦਗੀ ਵਿੱਚ ਰੁੱਖਾਂ ਦਾ ਬੜਾ ਮਹੱਤਤ ਹੈ। ਇਸ ਲਈ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਹਰ ਮਨੁੱਖ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ, ਜੋ ਕਿ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਰੁੱਖ ਜਿੱਥੇ ਸਾਨੂੰ ਆਕਸੀਜਨ ਦਿੰਦੇ ਹਨ, ਉੱਥੇ ਪੰਛੀਆਂ ਦੇ ਬੈਠਣ ਲਈ ਵੀ ਸਹਾਈ ਹੁੰਦੇ ਹਨ। ਇਸ ਮੌਕੇ ਗੁਰਿੰਦਰ ਸਿੰਘ ਚੀਮਾ ਮੁੱਖ ਇੰਜੀਨੀਅਰ, ਜਸਪਾਲ ਸਿੰਘ ਬੁੱਟਰ ਨਿਗਰਾਨ ਇੰਜੀਨਿਅਰ, ਅਜੇਪਾਲ ਸਿੰਘ ਬਰਾੜ ਜ਼ਿਲ੍ਹਾ ਮੰਡੀ ਅਫਸਰ ਪਟਿਆਲਾ, ਮਨਦੀਪ ਸਿੰਘ ਜ਼ਿਲ੍ਹਾ ਮੰਡੀ ਅਫਸਰ ਮੁੱਖ ਦਫ਼ਤਰ, ਅੰਮ੍ਰਿਤਪਾਲ ਸਿੰਘ ਕਾਰਜਕਾਰੀ ਇੰਜੀਨੀਅਰ ਪਟਿਆਲਾ, ਪ੍ਰਭਲੀਨ ਸਿੰਘ ਡੀ.ਡੀ.ਐਮ.ਓ. ਪਟਿਆਲਾ, ਬਲਵਿੰਦਰ ਸਿੰਘ ਸੈਣੀ,

# ਵਾਤਾਵਰਣ ਨੂੰ ਹਰਿਆ-ਭਰਿਆ ਰੱਖਣ ਲਈ ਰੁੱਖ ਲਗਾਉਣੇ ਜ਼ਰੂਰੀ : ਸ਼ਾਲੂ ਜਹੂਰਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਹਰੇਕ ਮਨੁੱਖ ਨੂੰ ਵਾਤਾਵਰਣ ਹਰਿਆ ਭਰਿਆ ਰੱਖਣ ਲਈ ਰੁੱਖ ਲਗਾਉਣੇ ਜਰੂਰੀ ਹਨ।ਇਹਨਾਂ ਗੱਲਾਂ ਦਾ ਪ੍ਰਗਟਾਵਾ ਪੰਚਾਇਤ ਮੈਂਬਰ ਤੇ ਮੰਡਲ ਪ੍ਰਧਾਨ ਟਾਂਡਾ ਸ਼ਾਲੂ ਜਹੂਰਾ ਨੇ ਪਿੰਡ ਜਹੂਰਾ 'ਚ ਪੌਦੇ ਲਗਾਉਣ ਦੀ ਸ਼ੁਰੂਆਤ ਮੌਕੇ ਕਹੇ।ਜਹੂਰਾ ਨੇ ਕਿਹਾ ਕਿ ਜਿਸ ਤੇਜੀ ਨਾਲ ਅਸੀਂ ਦਰਖਤਾਂ ਦੀ ਕਟਾਈ ਕਰਦੇ ਜਾ ਰਹੇ ਹਾਂ ਉਸ ਨਾਲ ਸਾਡਾ ਵਾਤਾਵਰਣ ਵੀ ਗੰਧਲਾ ਹੁੰਦਾ ਜਾ ਰਿਹਾ ਹੈ। ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਅਤੇ ਹਰਿਆ-ਭਰਿਆ ਬਣਾਉਣ ਵਾਸਤੇ ਅਸੀਂ ਹੁਣ ਵੀ ਸੁਚੇਤ ਨਹੀਂ ਹੋਏ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ।ਇਸ ਲਈ ਦਰਖਤਾਂ ਦੀ ਸਾਂਭ ਸੰਭਾਲ ਸਾਡੀ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ।ਨਾਲ ਹੀ ਉਨ੍ਹਾਂ ਕਿਹਾ ਕਿ ਗਲੋਬਲ ਵਾਰਮਿੰਗ ਦੇ ਖਤਰੇ ਨੂੰ ਦੇਖਦਿਆਂ ਵਾਤਾਵਰਨ ਸੰਭਾਲ ਲਈ ਪੌਦੇ ਲਗਾਉਣ ਸਮੇਂ ਦੀ ਮੁੱਖ ਲੋੜ ਹੈ ਅਤੇ ਪੌਦੇ ਲਗਾਉਣ ਨਾਲ ਉਹਨਾਂ ਦੀ ਸੰਭਾਲ ਕਰਨਾ ਵੀ ਜਰੂਰੀ ਹੈ।ਇਸ ਮੁਹਿੰਮ ਨੂੰ ਲੋਕ ਲਹਿਰ ਵੀ ਬਣਾਉਣਾ ਚਾਹੀਦਾ ਹੈ।ਇਸ ਮੌਕੇ ਉਹਨਾ ਨਾਲ ਜਸਵਿੰਦਰ ਸਿੰਘ, ਗੁਰਮੀਤ ਸਿੰਘ, ਜਸਵੀਰ ਸਿੰਘ ਆਦਿ ਹਾਜ਼ਰ ਸਨ ।

# ਵਾਤਾਵਰਣ ਬਚਾਓ ਮੁਹਿੰਮ ਤਹਿਤ ਬੂਟੇ ਲਗਾਏ



**ਮਾਹਿਲਪੁਰ (ਸ਼ਫ਼ਰੀ)** - ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ ਵਾਤਾਵਰਣ ਬਚਾਓ ਮੁਹਿੰਮ ਤਹਿਤ ਪਿੰਡ ਘੁਮਿਆਲਾ ਦੇ ਸਬ ਸੈਂਟਰ ਵਿਖੇ ਐਸ ਐਮ ਓ.ਪਾਲਦੀ ਡਾਕਟਰ ਜਸਵਿੰਦਰਵੰਤ ਸਿੰਘ ਬੈਂਸ ਦੀ ਦੇਖ ਰੇਖ ਵਿੱਚ 15 ਬੂਟੇ ਲਗਾਏ ਗਏ । ਉਨ੍ਹਾਂ ਵਲੋਂ ਵਾਤਾਵਰਣ ਨੂੰ ਬਚਾਉਣ ਲਈ ਵਧੀਆ ਉਪਰਾਲੇ ਕਰਦਿਆਂ ਆਮ ਜਨਤਾ ਨੂੰ ਰੁੱਖਾਂ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ।ਸਿਹਤ ਮਹਿਕਮੇ ਵਲੋਂ ਡਿਸਪੈਂਸਰੀਆਂ ਵਿਚ ਫੁੱਲਦਾਰ ਅਤੇ ਫਲਦਾਰ ਪੌਦੇ ਲਗਾਏ ਜਾ ਰਹੇ ਹਨ। ਇਸ ਮੌਕੇ ਚੰਦਰਕਾਂਤਾ ਐਲ ਐਚ ਵੀ ਨੇ ਕਿਹਾ ਕਿ ਵਾਤਾਵਰਨ ਹਰਿਆ ਭਰਿਆ ਰੱਖਣ, ਸ਼ੁੱਧ ਹਵਾ, ਆਕਸੀਜਨ ਪ੍ਰਾਪਤ ਕਰਨ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ । ਇਸ ਮੌਕੇ ਅਮਨਦੀਪ ਕੌਰ ਸੀ ਐਚ ਓ , ਅਮਨਪ੍ਰੀਤ ਕੌਰ ਏ ਐਨ ਐਮ , ਰੇਣੂਕਾ ਸੰਧੂ ਸੀ ਐਚ ਓ, ਸੁਖਦੇਵ ਸਿੰਘ ਐਚ ਓ ਅਤੇ ਰਮਨ ਕੁਮਾਰ ਆਦਿ ਹਾਜ਼ਰ ਸਨ।

# ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਚੋਣ ਕਮਿਸ਼ਨ ਨੇ ਕੀਤਾ ਹਰਿਆਣਾ ਦਾ ਦੌਰਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਚੋਣ ਕਮਿਸ਼ਨ ਨੇ ਹਰਿਆਣਾ ਦਾ ਦੌਰਾ ਕਰ ਚੋਣ ਤੋਂ ਪਹਿਲਾਂ ਵੋਟਰ ਸੂਚੀਆਂ ਨਾਲ ਸਬੰਧਤ ਤਿਆਰੀਆਂ ਦੀ ਸਮੀਖਿਆ ਕੀਤੀ। ਕਮਿਸ਼ਨ ਦੇ ਸੀਨੀਅਰ ਉੱਪ ਚੋਣ ਕਮਿਸ਼ਨਰ ਨਿਤੇਸ਼ ਵਿਆਸ ਅਤੇ ਹਿਰਦੇਸ਼ ਕੁਮਾਰ ਨੇ ਵੋਟਰ ਸੂਚੀ ਦੇ ਦੂਜੇ ਵਿਸ਼ੇਸ਼ ਸੰਖੇਪ ਮੁੜ ਨਿਰੀਖਣ ਪ੍ਰੋਗ੍ਰਾਮ 2024 ਨੂੰ ਲੈ ਕੇ ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ ਅਤੇ ਰਾਜ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਕੀਤੀ।ਮੀਟਿੰਗ ਵਿਚ ਰਾਜ ਦੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਆਪਣੇ ਜ਼ਿਲ੍ਹੇ ਵਿਚ ਚੱਲ ਰਹੇ ਵੋਟਰ ਮੁੜ ਨਿਰੀਖਣ ਪ੍ਰੋਗਰਾਮ ਸਬੰਧਤ ਗਤੀਵਿਧੀਆਂ ਅਤੇ ਹੁਣ ਤਕ ਦੀ ਪ੍ਰਗਤੀ ਦਾ ਪੀ ਪੀ ਟੀ ਰਾਹੀਂ ਵਿਸਤਾਰ ਪੇਸ਼ਗੀਕਰਨ ਕੀਤਾ ਗਿਆ। ਸੀਨੀਅਰ ਉੱਪ ਚੋਣ ਕਮਿਸ਼ਨਰ ਨਿਤੇਸ਼ ਵਿਆਸ ਨੇ ਕਿਹਾ ਕਿ ਰਾਜ ਦੇ ਸ਼ਹਿਰੀ ਖੇਤਰਾਂ ਦੇ ਹਾਊਸਿੰਗ ਸੋਸਾਇਟੀ, ਗਗਨ ਚੁੰਬੀ ਇਮਾਰਤਾਂ, ਸਲੱਮ ਖੇਤਰ ਵਿਚ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਰੂਪ ਚੋਣ ਕੇਂਦਰ ਬਣਾਉਣ।ਭਾਰਤ ਚੋਣ ਕਮਿਸ਼ਨ ਦੇ ਸੀਨੀਅਰ ਅਧਿਕਾਰੀਆਂ ਨੇ ਰਾਜ ਦੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਰਾਜਨੀਤਿਕ ਪਾਰਟੀਆਂ ਦੇ ਨਾਲ ਨਿਯਮਤ ਮੀਟਿੰਗਾਂ ਕਰਦੇ ਰਹਿਣ ਅਤੇ ਉਨ੍ਹਾਂ ਵੱਲੋਂ ਦੱਸੇ ਗਏ ਬਿੰਦੂਆਂ 'ਤੇ ਸਮੁੱਚੀ ਕਾਰਵਾਈ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਨਿਯਮਤ ਰੂਪ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨਾ ਯਕੀਨੀ ਕਰਨ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਵੋਟਰ ਪਹਿਚਾਣ ਪੱਤਰਾਂ ਦੇ ਵੰਡ ਕੰਮ ਦੀ ਨਿਯਮਤ ਮਾਨੀਟਰਿੰਗ ਕੀਤੀ ਜਾਵੇ ਅਤੇ ਵੋਟਰ ਰਜਿਸਟ੍ਰੇਸ਼ਨ ਦੇ ਬਾਅਦ ਜੇਕਰ ਵੋਟਰ ਪਹਿਚਾਣ ਪੱਤਰ ਵੰਡ ਵਿਚ ਨਿਰਧਾਰਤ ਸਮੇਂ ਤੋਂ ਵੱਧ ਦੇਰੀ ਹੁੰਦੀ ਹੈ ਤਾਂ ਪੋਸਟ ਆਫਿਸ ਦੇ ਨਾਲ ਤਾਲਮੇਲ ਸਥਾਪਤ ਕਰ ਇਸ ਕੰਮ ਵਿਚ ਤੇਜ਼ੀ ਲਿਆਉਣ। ਵੋਟਰ ਰਜਿਸਟ੍ਰੇਸ਼ਨ ਜਾਂ ਵੋਟਰ ਪਹਿਚਾਣ ਪੱਤਰ ਨਾਲ ਜੁੜੀਆਂ ਸਾਰੀਆਂ ਜਨ ਸ਼ਿਕਾਇਤਾਂ ਦਾ ਵੀ ਸਮੇਂ ਨਾਲ ਹੱਲ ਯਕੀਨੀ ਕਰਨ।ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ ਨੇ ਭਰੋਸਾ ਦਿਵਾਇਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਦ੍ਰਿੜ੍ਹਤਾ ਨਾਲ ਪਾਲਣਾ ਯਕੀਨੀ ਕੀਤੀ ਜਾਵੇਗੀ। ਉਨ੍ਹਾਂ ਰਾਜ ਦੇ ਅਧਿਕਾਰੀਆਂ ਦਾ ਮਾਰਗਦਰਸ਼ਨ ਕਰਨ ਲਈ ਕਮਿਸ਼ਨ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਵੋਟਰ ਰਜਿਸਟ੍ਰੇਸ਼ਨ ਨਾਲ ਜੁੜੇ ਲੰਬਿਤ ਬਿਨਿਆਂ ਨੂੰ ਮਿਸ਼ਨ ਮੋਡ ਵਿਚ ਨਿਸ਼ਪਾਦਤ ਕੀਤਾ ਜਾਵੇਗਾ ਅਤੇ ਸਮੇਂ ਰਹਿੰਦੇ ਗਲਤੀ ਰਹਿਤ ਅਤੇ ਅਪਗ੍ਰੇਡ ਵੋਟਰ ਸੂਚੀ ਦਾ ਪ੍ਰਕਾਸ਼ਨ ਯਕੀਨੀ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਨੌਜੁਆਨਾਂ, ਦਿਵਿਆਂਗਜਨਾ, ਮਹਿਲਾਵਾਂ ਆਦਿ ਵਰਗਾਂ ਨੂੰ ਵੋਟਰ ਸੂਚੀ ਵਿਚ ਰਜਿਸਟਰਡ ਕਰਵਾਉਣ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾ ਕੇ ਸਮਾਵੇਸ਼ੀ ਵੋਟਰ ਸੂਚੀ ਬਣਾਉਣ ਦੀ ਦਿਸ਼ਾ ਵਿਚ ਹਰ ਸੰਭਵ ਯਤਨ ਕੀਤਾ ਜਾਵੇਗਾ। ਨਾਲ ਹੀ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਸੌ-ਫੀਸਦੀ ਵਿਦਿਆਰਥੀਆਂ ਦਾ ਵੋਟਰ ਸੂਚੀ ਵਿਚ ਰਜਿਸਟ੍ਰੇਸ਼ਨ ਕਰਵਾਉਣ ਨੂੰ ਲੈ ਕੇ ਸਾਰੇ ਜ਼ਿਲ੍ਹਾ ਪ੍ਰਭਾਵੀ ਪਹਿਲ ਕਰਨਾ ਯਕੀਨੀ ਕਰਨਗੇ।

# ਬਾਲ ਵਿਕਾਸ ਪ੍ਰੀਸ਼ਦ ਵੱਲੋਂ ਜ਼ਰੂਰਤਮੰਦ ਬੱਚਿਆਂ ਦੀ ਮਦਦ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਬਾਲ ਵਿਕਾਸ ਪ੍ਰੀਸ਼ਦ ਹੁਸ਼ਿਆਰਪੁਰ ਵਲੋਂ ਉਦਾਸੀਨ ਆਸ਼ਰਮ ਡੇਰਾ ਬਾਬਾ ਚਰਨ ਸ਼ਾਹ ਵਿਖੇ ਸੇਵਾ ਸਮਰਪਣ ਸਮਾਗਮ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰੂ ਨੰਗਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਗਰਮੀਆਂ ਦੀ ਯੂਨੀਫਾਰਮ ਅਤੇ ਕਾਪੀਆਂ ਵੰਡੀਆਂ ਗਈਆਂ। ਨਾਰੂ ਨੰਗਲ ਸਕੂਲ ਦੇ ਪ੍ਰਿੰਸੀਪਲ ਸ਼ੈਲੇਂਦਰ ਠਾਕੁਰ ਅਤੇ ਸਟਾਫ ਮੈਂਬਰਾਂ ਵੱਲੋਂ ਬਾਲ ਵਿਕਾਸ ਪ੍ਰੀਸ਼ਦ ਦੇ ਚੇਅਰਮੈਨ ਡਾਕਟਰ ਸੁਭਾਸ਼ ਮਹਿਤਾ, ਉਪ- ਚੇਅਰਮੈਨ ਕੁਲਦੀਪ ਰਾਏ ਗੁਪਤਾ, ਮੁੱਖ ਸਕੱਤਰ ਮਦਨ ਲਾਲ ਮਹਾਜਨ ਅਤੇ ਆਰ ਸੀ ਮਹਿਤਾ ਦਾ ਇਸ ਪਰਉਪਕਾਰ ਲਈ ਧੰਨਵਾਦ ਕੀਤਾ ਗਿਆ।

# ਮੱਛੀ ਪਾਲਣ ਵਿਭਾਗ ਨੇ ਕਰਵਾਇਆ ਇਕ ਰੋਜ਼ਾ ਆਊਟਰੀਚ ਪ੍ਰੋਗਰਾਮ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, ( ਗੁਰਜੀਤ ਬਿੱਲਾ)**—ਡਾਇਰੈਕਟਰ ਅਤੇ ਵਾਰਡਨ ਮੱਛੀ ਪਾਲਣ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੌਮੀ ਮੱਛੀ ਪਾਲਕ ਦਿਵਸ 2024 ਮਨਾਉਣ ਸਬੰਧੀ ਇਕ ਰੋਜ਼ਾ ਆਊਟਰੀਚ ਪ੍ਰੋਗਰਾਮ ਦੂਜੀ ਸਮਰ ਮੀਟ-2024 ਹੋਟਲ ਪਾਰਕਹਿੱਲ, ਏਅਰਪੋਰਟ ਰੋਡ, ਮੋਹਾਲੀ ਵਿਖੇ ਨੈਸ਼ਨਲ ਫਿਸ਼ਰੀਜ਼ ਡਿਵੈਲਪਮੈਂਟ ਬੋਰਡ ਦੀ ਸਹਾਇਤਾ ਨਾਲ ਲਗਾਇਆ ਗਿਆ।ਜ਼ਿਲ੍ਹਾ ਐ ਸ .ਏ .ਐ ਸ .ਨ ਗ ਰ , ਫਤਿਹਗੜ੍ਹ ਸਾਹਿਬ , ਰੂਪਨਗਰ ਅਤੇ ਪਟਿਆਲਾ ਦੇ 50 ਮੱਛੀ ਕਾਸ਼ਤਕਾਰਾਂ ਅਤੇ ਨਾਲ ਆਏ ਵਿਭਾਗੀ ਅਫਸਰਾਂ ਨੂੰ ਆਈ.ਡੀ.ਏ ਸਕੂਡਰ ਆਡੀਟੋਰੀਅਮ, ਮਦੁਰਾਈ ,ਤਾਮਿਲਨਾਡੂ ਦਾ ਪ੍ਰੋਗਰਾਮ ਲਾਈਵ ਟੈਲੀਕਾਸਟ ਦਿਖਾਇਆ ਗਿਆ। ਮੁੱਖ ਦਫਤਰ ਤੋਂ ਸ੍ਰੀਮਤੀ ਸਤਿੰਦਰ ਕੌਰ, ਸਹਾਇਕ ਡਾਇਰੈਕਟਰ ਮੱਛੀ ਪਾਲਣ, ਸ੍ਰੀਮਤੀ ਰਸ਼ੂ ਮਹਿੰਦਿਰਤਾ ਸੀਨੀਅਰ ਮੱਛੀ ਪਾਲਣ ਅਫਸਰ ਅਤੇ ਸ੍ਰੀਮਤੀ ਮਨਪ੍ਰੀਤ ਕੌਰ ਮੱਛੀ ਪਾਲਣ ਅਫਸਰ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਗੁਰਜੀਤ ਸਿੰਘ, ਸਹਾਇਕ ਡਾਇਰੈਕਟਰ ਮੱਛੀ ਪਾਲਣ ਨੇ ਸਾਰੇ ਆਏ ਵਿਭਾਗੀ ਅਫਸਰਾਂ ਅਤੇ ਮੱਛੀ ਕਿਸਾਨਾਂ ਦਾ ਸਵਾਗਤ ਕੀਤਾ ਅਤੇ ਸ੍ਰੀਮਤੀ ਹਰਦੀਪ ਕੌਰ ਸੀਨੀਅਰ ਮੱਛੀ ਪਾਲਣ ਅਫਸਰ ਨੇ ਦੂਜੀ ਸਮਰ ਮੀਟ ਦੀ ਜਾਣਕਾਰੀ ਦਿੱਤੀ। ਇਸ ਮੌਕੇ ਜਤਿੰਦਰ ਸਿੰਘ ਗਿੱਲ ਸਹਾਇਕ ਡਾਇਰੈਕਟਰ ਮੱਛੀ ਪਾਲਣ (ਰਿਟਾ.) ਡਾ ਜਗਦੀਸ਼ ਸਿੰਘ, ਡਿਪਟੀ ਡਾਇਰੈਕਟਰ, ਬਾਗਬਾਨੀ, ਮੈਡਮ ਨਬੀਹਾ ਰੋਜ਼ਗਾਰ ਵਿਭਾਗ ਵੀ ਹਾਜਰ ਸਨ।

# ਸੀ ਟੀ ਯੂ ਵੱਲੋਂ 21 ਤੋਂ 31 ਤੱਕ ਮੰਗ ਪੱਤਰ ਭੇਜੇ ਜਾਣਗੇ



**ਜਲੰਧਰ** - ਸੈਂਟਰ ਆਫ ਟਰੇਡ ਯੂਨੀਅਨਜ਼ (ਸੀ ਟੀ ਯੂ) ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਟੈਕਸਟਾਈਲ, ਹੌਜ਼ਰੀ ਤੇ ਹੋਰ ਵੱਖ ਵੱਖ ਉਦਯੋਗਿਕ ਇਕਾਈਆਂ ਵਿੱਚ ਕੰਮ ਕਰਦੇ ਕਿਰਤੀਆਂ, ਨਿਰਮਾਣ ਮਜ਼ਦੂਰਾਂ, ਇੱਟ ਭੱਠਿਆਂ ਉਪਰ ਕੰਮ ਕਰਦੇ ਮਜ਼ਦੂਰਾਂ, ਮਿਡ ਡੇ ਮੀਲ ਵਰਕਰਾਂ, ਘਰੇਲੂ ਮਜ਼ਦੂਰਾਂ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਜ਼, ਮਨਰੇਗਾ ਵਰਕਰਾਂ, ਸਫਾਈ ਕਾਮਿਆਂ ਅਤੇ ਹੋਰ ਸਕੀਮ ਅਧਾਰਿਤ ਕੰਮ ਕਰਦੇ ਕਿਰਤੀਆਂ ਦੀਆਂ ਮੰਗਾਂ-ਮੁਸ਼ਕਲਾਂ ਨੂੰ ਦੂਰ ਕਰਨ ਲਈ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਕੀਤਾ ਕਿ ਸੀ ਟੀ ਯੂ ਪੰਜਾਬ ਦੀ ਅਗਵਾਈ ਹੇਠ ਸਾਰੇ ਜ਼ਿਲ੍ਹਾ ਹੈਡਕੁਆਰਟਰਾਂ ਤੋਂ ਅਸਿਸਟੈਂਟ ਲੇਬਰ ਕਮਿਸ਼ਨਰ ਰਾਹੀਂ ਲੇਬਰ ਸੈਕਟਰੀ ਅਤੇ ਲੇਬਰ ਕਮਿਸ਼ਨਰ ਪੰਜਾਬ ਨੂੰ 21 ਜੁਲਾਈ ਤੋਂ 31 ਜੁਲਾਈ ਤੱਕ ਮੰਗ ਪੱਤਰ ਭੇਜੇ ਜਾਣਗੇ।ਸੀ ਟੀ ਯੂ ਪੰਜਾਬ ਦੇ ਪ੍ਰਧਾਨ ਕਾਮਰੇਡ ਦੇਵ ਰਾਜ ਵਰਮਾ ਅਤੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲਿਆਂ ਕਰਕੇ, ਮਜ਼ਦੂਰਾਂ ਦੀ ਕੁਝ ਹੱਦ ਤੱਕ ਰਾਖੀ ਕਰਦੇ 44 ਕਿਰਤ ਕਾਨੂੰਨਾਂ ਨੂੰ ਮੋਦੀ ਸਰਕਾਰ ਨੇ ਖਤਮ ਕਰਕੇ ਕਾਰਪੋਰੇਟ ਘਰਾਣਿਆਂ ਪੱਖੀ ਬਣਾਏ ਚਾਰ ਲੇਬਰ ਕੋਡ ਨੂੰ ਲਾਗੂ ਕਰਨ ਨਾਲ ਮਜ਼ਦੂਰਾਂ ਦੀ ਲੁੱਟ ਵੀ ਹੋਵੇਗੀ ਅਤੇ ਬੇਰੁਜ਼ਗਾਰੀ ਵਿੱਚ ਵੀ ਹੋਰ ਵਾਧਾ ਹੋਵੇਗਾ।ਪੰਜਾਬ ਦੀ ਮਾਨ ਸਰਕਾਰ ਨੇ ਮਾਰਚ 2024 ਤੋਂ ਮਿਨੀਮਮ ਵੇਜ ਦਾ ਨੋਟੀਫਿਕੇਸ਼ਨ ਰੋਕਣ ਨਾਲ ਮਜ਼ਦੂਰਾਂ ਦਾ ਕਾਫੀ ਆਰਥਿਕ ਨੁਕਸਾਨ ਹੋਇਆ ਹੈ, ਪੰਜਾਬ ਸਰਕਾਰ ਦੀ ਨਿੰਦਾ ਕਰਦਿਆਂ ਅੱਗੇ ਕਿਹਾ ਕਿ ਪਿਛਲੇ ਬਾਰਾਂ ਸਾਲ ਤੋਂ ਮਾਨ ਸਰਕਾਰ ਸਮੇਤ ਸਾਰੀਆਂ ਸਰਕਾਰਾਂ ਨੇ ਮਿਨੀਮਮ ਵੇਜ਼ ਵਿੱਚ ਸੋਧ ਕਰਨ ਤੋਂ ਆਨਾ ਕਾਨੀ ਕਰਕੇ ਮਜ਼ਦੂਰਾਂ ਦਾ ਭਾਰੀ ਆਰਥਿਕ ਨੁਕਸਾਨ ਕਰਦਿਆਂ ਮਜ਼ਦੂਰ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵੇ ਦਾ ਸਬੂਤ ਦਿੱਤਾ ਹੈ।ਮੀਟਿੰਗ ਵਿੱਚ ਸ਼ਾਮਲ ਸਾਥੀਆਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਰ ਐੱਸ ਐੱਸ ਅਤੇ ਭਾਜਪਾ ਦੀ ਫਿਰਕੂ ਵੰਡਵਾਦੀ ਸਿਆਸਤ ਨੂੰ ਕੁਝ ਹੱਦ ਤੱਕ ਰੋਕਣ ਲਈ ਮਜ਼ਦੂਰ ਜਮਾਤ ਵਲੋਂ ਪਾਏ ਯੋਗਦਾਨ ਦੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਧੰਨਵਾਦ ਕੀਤਾ, ਉਥੇ ਨਰਿੰਦਰ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਤੇ ਉਸਦੀ ਤਾਨਾਸ਼ਾਹੀ ਨੂੰ ਘੱਟ ਆਂਕਣ ਤੋਂ ਸੁਚੇਤ ਕਰਦਿਆਂ ਦੱਸਿਆ ਕਿ ਪਿਛਲੇ ਮਹੀਨੇ ਕੇਂਦਰੀ ਲੇਬਰ ਮੰਤਰਾਲੇ ਵੱਲੋਂ ਦੇਸ਼ ਭਰ ਦੇ ਲੇਬਰ ਵਿਭਾਗ ਦੇ ਅਧਿਕਾਰੀਆਂ ਰਾਹੀਂ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਨੂੰ ਲਾਗੂ ਕਰਨ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ। ਅਜ਼ਾਦੀ ਅੰਦੋਲਨ ਸਮੇਂ ਪ੍ਰਚੰਡ ਲੋਕ ਲਹਿਰਾਂ ਨੂੰ ਰੋਕਣ ਲਈ ਅੰਗਰੇਜ਼ੀ ਹਕੂਮਤ ਵਲੋਂ ਲਿਆਂਦੇ ਫੌਜਦਾਰੀ ਕਾਨੂੰਨਾਂ ਨੂੰ ਹੋਰ ਖਤਰਨਾਕ ਰੂਪ ਦਿੰਦਿਆਂ ਮੋਦੀ ਸਰਕਾਰ ਵਲੋਂ ਨਵੇਂ ਲਿਆਂਦੇ ਤਿੰਨ ਅਪਰਾਧਿਕ ਕਾਨੂੰਨਾਂ ਦੀ ਮਨਸ਼ਾ ਕੇਵਲ ਹਰ ਤਰ੍ਹਾਂ ਦੇ ਵਿਰੋਧੀ ਵਿਚਾਰਾਂ, ਹਰ ਸੰਘਰਸ਼ ਅਤੇ ਹਰ ਵਿਰੋਧ ਨੂੰ ਕੁਚਲਣ ਲਈ ਵਰਤਿਆ ਜਾਵੇਗਾ।

ਜੇਕਰ ਕੇਂਦਰ ਤੇ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਫੌਰੀ ਹੱਲ ਨਾ ਕੀਤਾ ਤਾਂ ਸੀ ਟੀ ਯੂ ਪੰਜਾਬ ਮਜ਼ਦੂਰਾਂ ਦੀਆਂ ਆਰਥਿਕ ਮੰਗਾਂ, ਕੇਂਦਰ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲਿਆਂ ਖਿਲਾਫ, ਸਮਾਜਿਕ ਜਬਰ ਦੇ ਖਿਲਾਫ, ਫਿਰਕੂ ਫਾਸ਼ੀਵਾਦ ਦੇ ਵਿਰੁੱਧ, ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਲਈ ਅਤੇ ਨਵੇਂ ਲਿਆਂਦੇ ਅਪਰਾਧਿਕ ਕਾਨੂੰਨਾਂ ਦੇ ਵਿਰੁੱਧ ਅਜ਼ਾਦਾਨਾਂ ਤੌਰ ਤੇ ਸ਼ਕਤੀ ਅਨੁਸਾਰ ਸੰਘਰਸ਼ ਕਰੇਗੀ ਅਤੇ ਨਾਲ ਹੀ ਹੱਮ ਖਿਆਲ ਟਰੇਡ ਯੂਨੀਅਨਾਂ ਨਾਲ ਮਿਲਕੇ ਸਾਂਝੇ ਪਲੇਟਫਾਰਮ ਤੋਂ ਵੀ ਸੰਘਰਸ਼ ਨੂੰ ਤਿੱਖਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਸੀ ਟੀ ਯੂ ਪੰਜਾਬ ਨਾਲ ਸਬੰਧਤ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਸ਼ਿਵ ਕੁਮਾਰ ਪਠਾਨਕੋਟ, ਹਰਿੰਦਰ ਸਿੰਘ ਰੰਧਾਵਾ, ਗੰਗਾ ਪ੍ਰਸ਼ਾਦ, ਮਾਸਟਰ ਸੁਭਾਸ਼ ਸ਼ਰਮਾ, ਪਰਮਜੀਤ ਸਿੰਘ, ਜਗਦੀਸ਼ ਚੰਦਰ ਲੁਧਿਆਣਾ, ਧਿਆਨ ਸਿੰਘ ਠਾਕੁਰ, ਜਗਤਾਰ ਸਿੰਘ ਕਰਮਪੁਰਾ, ਬਲਵਿੰਦਰ ਸਿੰਘ ਛੇਹਰਟਾ, ਮਿਥਲੇਸ਼ ਕੁਮਾਰ, ਬਲਵੰਤ ਸਿੰਘ ਮੁਕਤਸਰ, ਮੱਖਣ ਸਿੰਘ ਜਖੇਪਲ, ਸਕੱਤਰ ਸਿੰਘ, ਬੀਬੀ ਗੁਰਮੇਲ ਕੌਰ, ਨਿਰਮਲਾ ਦੇਵੀ, ਜਗੀਰ ਸਿੰਘ ਬਟਾਲਾ, ਸੰਤੋਖ ਸਿੰਘ ਡੇਰਾ ਬਾਬਾ ਨਾਨਕ, ਧਰਮ ਸਿੰਘ ਪੱਟੀ, ਵਿਜੇ ਕੁਮਾਰ, ਸੁੱਚਾ ਸਿੰਘ, ਪਰਲਾਦ ਸਿੰਘ, ਤਿਲਕ ਰਾਜ ਜਿਆਣੀ, ਬਲਕਾਰ ਚੰਦ ਅਤੇ ਹੋਰ ਹਾਜ਼ਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਜਿੰਪਾ ਨੇ ਜਵਾਹਰ ਨਵੋਦਿਆ ਵਿਦਿਆਲਿਆ ਨੂੰ ਦਿੱਤਾ 2 ਲੱਖ ਰੁਪਏ ਦਾ ਚੈੱਕ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ )** ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਪੀ.ਐਮ ਸ੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਦਾ ਦੌਰਾ ਕੀਤਾ ਅਤੇ ਸਕੂਲ ਦੇ ਵਿਕਾਸ ਲਈ 2 ਲੱਖ ਰੁਪਏ ਦਾ ਚੈੱਕ ਸਕੂਲ ਦੀ ਪ੍ਰਿੰਸੀਪਲ ਨੂੰ ਸੌਂਪਿਆ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਕੁਝ ਸਮਾਂ ਪਹਿਲਾ ਉਹ ਸਕੂਲ ਵਿਚ ਨੈਸ਼ਨਲ ਯੋਗ ਮੀਟ ਦੌਰਾਨ ਆਏ ਸਨ ਅਤੇ ਉਨ੍ਹਾਂ ਸਕੂਲ ਨੂੰ ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵਾਅਦਾ ਕੀਤਾ ਸੀ ਅਤੇ ਅੱਜ ਵਾਅਦੇ ਮੁਤਾਬਿਕ ਉਹ ਸਕੂਲ ਨੂੰ ਦੋ ਲੱਖ ਰੁਪਏ ਦਾ ਚੈੱਕ ਸੌਂਪਣ ਆਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸਿੱਖਿਆ ਦੇ ਪੱਧਰ ਨੂੰ ਕਾਫੀ ਉਚਾ ਲੈ ਕੇ ਗਈ ਹੈ।ਸਕੂਲ ਆਫ ਐਮੀਨੈਂਸ ਇਸ ਦੀ ਸਭ ਤੋਂ ਤਾਜ਼ਾ ਉਦਾਹਰਨ ਹਨ, ਜਿਥੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਪੱਧਰ ਕਾਫੀ ਵਧੀਆ ਹੋਇਆ ਹੈ। ਉਨ੍ਹਾਂ ਕਿਹਾ ਕਿ ਨਵੋਦਿਆ ਵਿਦਿਆਲਿਆ ਫਲਾਹੀ ਨੇ ਵੀ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਪਹਿਚਾਣ ਬਣਾਈ ਹੋਈ ਹੈ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

ਇਸ ਮੌਕੇ ਪ੍ਰਿੰਸੀਪਲ ਰੰਜੂ ਦੁੱਗਲ, ਵਾਈਸ ਪ੍ਰਿੰਸੀਪਲ ਸੰਤੋਸ਼ ਨੇਗੀ, ਜਸਵਿੰਦਰ ਸਿੰਘ, ਦਿਨੇਸ਼, ਰਾਕੇਸ਼ ਸੋਨੀ, ਗੀਤਿਕਾ, ਗੁਰਦੀਪ ਕੌਰ, ਸੋਨੀਆ, ਮੁਹੰਮਦ ਜਾਕੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ

## ਆਈ ਕੇ ਜੀ ਪੀ ਟੀ ਯੂ ਦੇ ਦੋ ਮੈਂਬਰਾਂ ਨੇ ਅੰਤਰਰਾਸ਼ਟਰੀ ਕਾਨਫਰੰਸ 'ਚ ਲਿਆ ਹਿੱਸਾ



**ਜਲੰਧਰ ( ਸ਼ੈਲੀ ਐਲਬਰਟ) - :** ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਦੇ ਦੋ ਮੈਂਬਰਾਂ ਨੇ ਵੀਅਤਨਾਮ ਦੇ ਬਿਨਹ ਦਿਨਹ ਪ੍ਰਾਂਤ ਵਿੱਚ ਆਯੋਜਿਤ ਇੱਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਹਿੱਸਾ ਲਿਆ! ਇਸ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਭਾਰਤੀ ਭਾਈਵਾਲਾਂ ਨਾਲ ਨਿਵੇਸ਼, ਵਿਕਾਸ, ਵਪਾਰ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ । ਭਾਗ ਲੈਣ ਵਾਲੇ ਮੈਂਬਰਾਂ ਵਿੱਚ ਫੈਕਲਟੀ ਮੈਂਬਰ ਡਾ. ਵਿਕਰਮਜੀਤ ਅਤੇ ਸਹਾਇਕ ਡਾਇਰੈਕਟਰ ਟ੍ਰੇਨਿੰਗ ਅਤੇ ਪਲੇਸਮੈਂਟ ਡਾ. ਮ੍ਰਿਗੇਂਦਰ ਸਿੰਘ ਬੇਦੀ ਸ਼ਾਮਲ ਸਨ। ਦੋਵੇਂ ਮੈਂਬਰ ਭਾਰਤੀ ਭਾਈਵਾਲਾਂ ਨਾਲ ਨਿਵੇਸ਼ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਵੀਅਤਨਾਮ ਦੇ ਬਿਨਹ ਦਿਨਹ ਸੂਬੇ ਵਿੱਚ ਭਾਰਤੀ ਵਫ਼ਦ ਦਾ ਹਿੱਸਾ ਸਨ । ਇਹ ਕਾਨਫਰੰਸ ਹੋ ਚੀ ਮਿਨਹ ਸਿਟੀ ਵਿੱਚ ਆਯੋਜਿਤ ਕੀਤੀ ਗਈ ਸੀ। ਭਾਰਤੀ ਕੌਂਸਲੇਟ ਜਨਰਲ ਨੇ ਇਸ ਵਿੱਚ ਭਾਈਵਾਲੀ ਦੀ ਪਹਿਲਕਦਮੀ ਕੀਤੀ ਸੀ । ਬਿਨਹ ਦਿਨਹ ਸੂਬਾਈ ਲੋਕ ਕਮੇਟੀ ਨੇ ਪ੍ਰਬੰਧਕੀ ਕਮੇਟੀ ਵਿੱਚ ਅਹਿਮ ਭੂਮਿਕਾ ਨਿਭਾਈ ।।ਭਾਰਤ ਦੇ ਕੌਂਸਲ ਜਨਰਲ ਡਾ. ਮਦਨ ਮੋਹਨ ਸੇਠੀ ਨੇ ਕਾਨਫਰੰਸ ਦੀ ਸਹਿ-ਪ੍ਰਧਾਨਗੀ ਕੀਤੀ । ਭਾਰਤੀ ਵਣਜ ਦੂਤਾਵਾਸ ਅਤੇ ਸਿੱਖਿਆ ਵਿਭਾਗ, ਵੀਅਤਨਾਮ ਰਾਹੀਂ ਯੂਨੀਵਰਸਿਟੀ ਨਾਲ ਛੇਤੀ ਹੀ ਇੱਕ ਸਮਝੌਤਾ ਦਸਤਖਤ ਕਰਨ ਦੀ ਇੱਛਾ ਪ੍ਰਗਟਾਈ। ਵੀਅਤਨਾਮ ਦੇ ਸਰਕਾਰੀ ਅਧਿਕਾਰੀਆਂ ਨੇ ਵਿਸ਼ੇਸ਼ ਦਿਲਚਸਪੀ ਜ਼ਾਹਰ ਕੀਤੀ ਹੈ ਕਿ ਯੂਨੀਵਰਸਿਟੀ ਕੈਂਪਸ ਅਤੇ ਇਸ ਨਾਲ ਸੰਬੰਧਿਤ ਕਾਲਜਾਂ ਨੂੰ ਉੱਦਮੀ ਮਾਨਸਿਕਤਾ ਅਤੇ ਸਟਾਰਟਅੱਪ ਨੂੰ ਵਿਕਸਿਤ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ, ਜਿਸ ਨਾਲ ਸੈਰ-ਸਪਾਟਾ, ਆਯਾਤ ਅਤੇ ਨਿਰਯਾਤ ਵਰਗੇ ਖਾਸ ਖੇਤਰਾਂ ਵਿੱਚ ਵਾਧਾ ਹੋਵੇਗਾ । ਭਾਰਤ ਦਾ ਕੌਂਸਲੇਟ ਜਨਰਲ ਦੋਵਾਂ ਦੇਸ਼ਾਂ ਦੇ ਵਪਾਰਕ ਭਾਈਚਾਰਿਆਂ ਵਿਚਕਾਰ ਇੱਕ ਪੁਲ ਵਜੋਂ ਆਪਣੀ ਭੂਮਿਕਾ ਨੂੰ ਜਾਰੀ ਰੱਖਣ, ਆਯਾਤ ਅਤੇ ਨਿਰਯਾਤ ਗਤੀਵਿਧੀਆਂ ਲਈ ਅਨੁਕੂਲ ਸਥਿਤੀਆਂ ਬਣਾਉਣ ਅਤੇ ਭਾਰਤ ਦੇ ਵਿਭਿੰਨ ਖੇਤਰਾਂ ਤੋਂ ਵੀਅਤਨਾਮ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਵਚਨਬੱਧ ਹੈ। ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਅਤੇ ਡਾ. ਐੱਸ. ਕੇ. ਮਿਸ਼ਰਾ ਰਜਿਸਟਰਾਰ ਨੇ ਵੱਖ-ਵੱਖ ਸੰਸਥਾਵਾਂ ਦੇ ਨਾਲ ਵੱਖ-ਵੱਖ ਪੱਧਰਾਂ ਤੇ ਸਹਿਯੋਗ ਰਾਹੀਂ ਦੱਖਣ-ਪੂਰਬੀ ਦੇਸ਼ਾਂ ਵਿੱਚ ਯੂਨੀਵਰਸਿਟੀ ਦੇ ਵਿਸਥਾਰ ਦੀ ਕਲਪਨਾ ਕੀਤੀ ਹੈ। ਉਹਨਾਂ ਨੇ ਇਸ ਨੂੰ ਰੁਜ਼ਗਾਰ ਦੇ ਮੌਕਿਆਂ ਦੇ ਮਾਮਲੇ ਵਿੱਚ ਇੱਕ ਬਿਹਤਰ ਭਵਿੱਖ ਦੀ ਸ਼ੁਰੂਆਤ ਮੰਨਿਆ ਹੈ! ਇਸ ਨਾਲ ਵਿਦਿਆਰਥੀਆਂ ਨੂੰ ਉਨ੍ਹਾਂ ਦੇਸ਼ਾਂ ਦੇ ਸੱਭਿਆਚਾਰ ਅਤੇ ਵਿਕਾਸ ਬਾਰੇ ਵੀ ਜਾਣਕਾਰੀ ਹਾਸਲ ਕਰਨ ਦੇ ਮੌਕੇ ਮਿਲਣਗੇ, ਜਿੱਥੋਂ ਉਨ੍ਹਾਂ ਦਾ ਅੰਤਰਰਾਸ਼ਟਰੀ ਕਰੀਅਰ ਸ਼ੁਰੂ ਹੋਣਾ ਹੈ। ਇਸ ਅਗਾਂਹਵਧੂ ਅਤੇ ਸਹਿਯੋਗੀ ਪਹੁੰਚ ਨੂੰ ਮੁੱਖ ਰੱਖਦਿਆਂ ਉਨ੍ਹਾਂ ਯੂਨੀਵਰਸਿਟੀ ਦੇ ਮੈਂਬਰਾਂ ਨੂੰ ਸਰਕਾਰੀ ਵਫ਼ਦ ਵਜੋਂ ਅਜਿਹੇ ਸਮਾਗਮਾਂ ਵਿੱਚ ਭੇਜਣਾ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਸਮਝਿਆ ਹੈ!!

## ਸਵਾਂ ਦਰਿਆ 'ਚ ਨਜਾਇਜ਼ ਮਾਈਨਿੰਗ ਜਾਰੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )**— ਪੰਜਾਬ ਸਰਕਾਰ ਅਤੇ ਮਾਈਨਿੰਗ ਵਿਭਾਗ ਦੀ ਮੰਨੀਏ ਤਾਂ ਪਹਿਲੀ ਜੁਲਾਈ ਤੋਂ 30 ਸਤੰਬਰ ਤੱਕ ਮਾਨਸੂਨ ਸੀਜ਼ਨ ਦੇ ਚੱਲਦਿਆਂ ਜਾਇਜ਼ ਅਤੇ ਨਾਜਾਇਜ਼ ਮਾਈਨਿੰਗ 'ਤੇ ਰੋਕ ਹੈ। ਪਰ ਇੰਝ ਜਾਪਦਾ ਹੈ ਕਿ ਬਲਾਕ ਤਲਵਾੜਾ ਅਧੀਨ ਆਉਂਦੇ ਸਵਾਂ ਦਰਿਆ ਕੰਢੇ ਸਥਿਤ ਸਟੋਨ ਕਰੱਸ਼ਰਾਂ 'ਤੇ ਇਹ ਰੋਕ ਲਾਗੂ ਨਹੀਂ ਹੁੰਦੀ। ਇਹ ਵਿਚਾਰ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਆਗੂ ਮਨੋਜ ਪਲਾਹੜ, ਕੈਪਟਨ ਰਾਜੇਸ਼ ਭੋਲ ਬਦਮਾਣੀਆਂ, ਅਸ਼ੋਕ ਜਲੇਰੀਆ, ਕੈਪਟਨ ਨੀਰਜ ਸੁਖਚੈਨਪੁਰ,ਬਲਾਕ ਸੰਮਤੀ ਮੈਂਬਰ ਨਰੇਸ਼ ਕੁਮਾਰ ਉਰਫ਼ ਨੀਟੂ, ਕੈਪਟਨ ਜੋਗਿੰਦਰ ਸਿੰਘ ਮੰਗੂ ਮੈਰ੍ਹਾ ਆਦਿ ਨੇ ਸਾਂਝੇ ਰੂਪ 'ਚ ਦਿੰਦਿਆਂ ਦੱਸਿਆ ਕਿ ਪਿੰਡ ਰਾਮਗੜ੍ਹ ਸੀਕਰੀ ਦੇ ਨਜ਼ਦੀਕ ਸਵਾਂ ਦਰਿਆ 'ਚ ਕਰੱਸ਼ਰ ਮਾਲਕਾਂ ਵੱਲੋਂ ਰਾਤ ਦਿਨ ਕਥਿਤ ਖੁਦਾਈ ਕੀਤੀ ਜਾ ਰਹੀ ਹੈ, ਨਵੇਂ ਬਣੇ ਪੁਲ ਕੋਲ਼ ਖਣਨ ਮਾਫੀਆ ਨੇ ਕਰੀਬ 90 ਤੋਂ 100 ਫੁੱਟ ਪੁਟਾਈ ਕਰਕੇ ਡੂੰਘੇ ਟੋਏ ਪਾ ਦਿੱਤੇ ਹਨ। ਸਰਕਾਰ ਦੇ ਰਿਕਾਰਡ 'ਚ ਮਾਈਨਿੰਗ ਬੰਦ ਹੈ, ਪਰ ਸਵਾਂ ਦਰਿਆ 'ਚ ਇਹ ਜ਼ਾਰੀ ਹੈ।

ਉਧਰ ਪਿੰਡ ਭੋਲ ਬਦਮਾਣੀਆ ਵਿਖੇ ਜਲੰਧਰ ਦੇ ਇੱਕ ਧਨਾਢ ਵਿਅਕਤੀ ਵੱਲੋਂ ਪਹਾੜੀਆਂ ਪੱਧਰ ਕਰਕੇ ਲਗਾਏ ਜਾ ਰਹੇ ਸਟੋਨ ਕਰੱਸ਼ਰ ਨੂੰ ਬੰਦ ਕਰਵਾਉਣ ਲਈ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦਾ ਇੱਕ ਵਫ਼ਦ ਹਲਕਾ ਵਿਧਾਇਕ ਕਰਮਬੀਰ ਘੁੰਮਣ ਨੂੰ ਤਲਵਾੜਾ ਦਫ਼ਤਰ ਵਿਖੇ ਮਿਲਿਆ। ਸੰਘਰਸ਼ ਕਮੇਟੀ ਵਫ਼ਦ ਨੇ ਖ਼ੇਤਰ 'ਚ ਚੱਲਦੇ ਕਥਿਤ ਖਣਨ ਕਾਰੋਬਾਰ ਅਤੇ ਲੱਗ ਰਹੇ ਨਵੇਂ ਸਟੋਨ ਕਰੱਸ਼ਰ ਤੋਂ ਜਾਣੂ ਕਰਵਾਇਆ। ਖਣਨ ਕਾਰੋਬਾਰ ਦੇ ਪਸਾਰ ਕਾਰਨ ਉਤਪੰਨ ਸਮਸਿਆਵਾਂ ਅਤੇ ਲੋਕਾਂ ਨੂੰ ਪੇਸ਼ ਦੁਸ਼ਵਾਰੀਆਂ ਤੋਂ ਵੀ ਜਾਣੂ ਕਰਵਾਇਆ। ਵਿਧਾਇਕ ਘੁੰਮਣ ਨੇ ਵਫ਼ਦ ਮੈਂਬਰਾਂ ਨੂੰ ਤਲਵਾੜਾ ਖੇਤਰ 'ਚ ਕੋਈ ਵੀ ਨਵਾਂ ਕਰੱਸ਼ਰ ਨਾ ਲੱਗਣ ਦੇਣ ਦਾ ਭਰੋਸਾ ਦਿੱਤਾ, ਉੱਥੇ ਹੀ ਪਿਛਲੀਆਂ ਸਰਕਾਰਾਂ ਦੌਰਾਨ ਲੱਗੇ ਸਟੋਨ ਕਰੱਸ਼ਰਾਂ 'ਤੇ ਆਪਣੀ ਬੇਵਸੀ ਜ਼ਾਹਿਰ ਕੀਤੀ। ਸੰਘਰਸ਼ ਕਮੇਟੀ ਨੇ ਇਲਾਕੇ ਦੀ ਪਲੀਤ ਹੋ ਰਹੀ ਆਬੋ ਹਵਾ ਅਤੇ ਚੌਗਿਰਦੇ ਨੂੰ ਬਚਾਉਣ ਲਈ ਆਪਣੀ ਵਚਨਬਧਤਾ ਦੁਹਰਾਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਪੰਚਾਇਤ ਯੂਨੀਅਨ ਤਲਵਾੜਾ ਦੇ ਪ੍ਰਧਾਨ ਨਵਲ ਕਿਸ਼ੋਰ ਮਹਿਤਾ, ਸਮਾਜਿਕ ਕਾਰਕੁੰਨ ਬੋਧਰਾਜ, ਗਿਰਧਾਰੀ ਲਾਲ ਹਲੇੜ੍ਹ, ਸਾਬਕਾ ਸਰਪੰਚ ਜੀਤ ਰਾਮ, ਜਸਵਿੰਦਰ ਸਿੰਘ ਜੋਸ਼ੀ, ਗੁਰਦਿਆਲ ਸਿੰਘ, ਸ਼ਿਵ ਕੁਮਾਰ ਜਲੇਰੀਆ, ਕੁਮਾਰੀ ਆਦਿ ਹਾਜ਼ਰ ਸਨ।

## ਕੋਈ ਵਿਅਕਤੀ ਜਨਤਕ ਥਾਵਾਂ 'ਤੇ ਨਹੀਂ ਛੱਡੇਗਾ ਪਸ਼ੂ

**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਵਧੀਕ ਜ਼ਿਲ੍ਹਾ ਮੈਜਿਸਟਰੇਟ ਮੇਜਰ ਡਾ.ਅਮਿਤ ਮਹਾਜਨ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਆਦੇਸ਼ ਜਾਰੀ ਕੀਤੇ ਗਏ ਹਨ ਕਿ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਪੈਂਦੇ ਹਲਕੇ ਵਿੱਚ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਦੇ 'ਤੇ ਅਤੇ ਜਨਤਕ ਥਾਵਾਂ 'ਤੇ ਨਹੀਂ ਛੱਡੇਗਾ।

ਇਹ ਹੁਕਮ ਹੁਕਮ 10-09-2024 ਤੱਕ ਲਾਗੂ ਰਹੇਗਾ।

## ਰਿਆਤ ਬਾਹਰਾ 'ਵਰਸਿਟੀ ਵਿਖੇ ਦੋ-ਰੋਜ਼ਾ ਰਾਸ਼ਟਰੀ ਕਾਨਫਰੰਸ

**ਕੁਰਾਲੀ (ਮੋਹਨ ਅਗਰਵਾਲ )**-ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ ਫਾਰਮਾਸਿਊਟੀਕਲ ਸਾਇੰਸਿਜ਼ ਵੱਲੋਂ 'ਪੌਦਿਆਂ ਦੀ ਦਵਾਈ ਤੋਂ ਬਾਇਓਐਕਟਿਵ ਮੋਲੀਕਿਊਲ ਨੂੰ ਕਿਵੇਂ ਅਲੱਗ ਕਰਨਾ ਹੈ' ਵਿਸ਼ੇ 'ਤੇ ਸਪਾਰ ਦੁਆਰਾ ਸਪਾਂਸਰ ਕੀਤੀ ਗਈ ਦੋ-ਰੋਜ਼ਾ ਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ।ਇਸ ਕਾਨਫਰੰਸ ਨੇ ਪੌਦੇ ਦੀਆਂ ਦਵਾਈਆਂ ਤੋਂ ਬਾਇਓਐਕਟਿਵ ਅਣੂਆਂ ਦੇ ਅਲੱਗ-ਥਲੱਗ 'ਤੇ ਚਰਚਾ ਕਰਨ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲਈ ਖੇਤਰ ਦੇ ਪ੍ਰਮੁੱਖ ਮਾਹਿਰਾਂ, ਖੋਜਕਰਤਾਵਾਂ ਅਤੇ ਪੇਸ਼ੇਵਰਾਂ ਨੂੰ ਇਕੱਠਾ ਕੀਤਾ। ਇਸ ਵਰਕਸ਼ਾਪ ਦਾ ਉਦੇਸ਼ ਚਿਕਿਤਸਕ ਪੌਦਿਆਂ ਤੋਂ ਬਾਇਓਐਕਟਿਵ ਮਿਸ਼ਰਣਾਂ ਨੂੰ ਅਲੱਗ ਕਰਨ ਦੀ ਪ੍ਰਕਿਰਿਆ 'ਤੇ ਕੀਮਤੀ ਸਮਝ ਅਤੇ ਵਿਹਾਰਕ ਗਿਆਨ ਪ੍ਰਦਾਨ ਕਰਨਾ ਸੀ।ਇਸ ਮੌਕੇ ਵਿਭਾਗ ਦੀ ਡੀਨ ਡਾ: ਅੰਜੂ ਗੋਇਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਮੁੱਖ ਮਹਿਮਾਨ ਡਾ: ਏ.ਐਨ ਕਾਲੀਆ, ਡਾ: ਸੁਰੇਸ਼ ਕੁਮਾਰ, ਐਸੋਸੀਏਟਿਡ ਪ੍ਰੋਫੈਸਰ ਅਤੇ ਡਾ: ਉਪੇਂਦਰ ਨਗਾਇਚ, ਸੰਸਥਾਪਕ ਅਤੇ ਸੀ.ਈ.ਓ. ਐਸਪੀਈਆਰ ਮਾਰਕੀਟ ਰਿਸਰਚ ਪ੍ਰਾਈਵੇਟ ਲਿਮਿਟਿਡ ਦੀ ਮੌਜੂਦਗੀ ਵਿੱਚ ਸ਼ਮਾ ਰੋਸ਼ਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ।ਡਾ: ਉਪੇਂਦਰ ਨਾਗਾਇਚ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਚੁਣੌਤੀਆਂ 'ਤੇ ਕਾਬੂ ਪਾ ਕੇ ਜੀਵਨ ਵਿੱਚ ਸਫ਼ਲਤਾ ਦਾ ਮੰਤਰ ਸਾਂਝਾ ਕੀਤਾ।ਇਸ ਦੌਰਾਨ ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਜ਼ ਅਤੇ ਐਸਪੀਈਆਰ ਨੇ ਫਾਰਮਾਸਿਊਟੀਕਲ ਅਤੇ ਖੋਜ ਦੇ ਖੇਤਰ ਵਿੱਚ ਦਿਲਚਸਪੀ ਰੱਖਣ ਵਾਲੇ ਭਾਗੀਦਾਰਾਂ ਨੂੰ ਇੱਕ ਭਰਪੂਰ ਅਨੁਭਵ ਪ੍ਰਦਾਨ ਕਰਨ ਲਈ ਇੱਕ ਐਮਓਯੂ 'ਤੇ ਹਸਤਾਖਰ ਕੀਤੇ।ਵਿਭਾਗ ਦੀ ਡੀਨ ਡਾ. ਅੰਜੂ ਗੋਇਲ ਨੇ ਕਿਹਾ ਕਿ ਇਸ ਵਰਕਸ਼ਾਪ ਵਿੱਚ ਮਾਹਿਰ ਬੁਲਾਰਿਆਂ, ਹੱਥਾਂ ਨਾਲ ਪ੍ਰਦਰਸ਼ਨ ਕਰਨ ਅਤੇ ਪੌਦਿਆਂ ਦੇ ਸਰੋਤਾਂ ਤੋਂ ਬਾਇਓਐਕਟਿਵ ਅਣੂਆਂ ਨੂੰ ਕੱਢਣ ਵਿੱਚ ਸ਼ਾਮਲ ਤਕਨੀਕਾਂ ਅਤੇ ਵਿਧੀਆਂ 'ਤੇ ਕੇਂਦਰਿਤ ਇੰਟਰਐਕਟਿਵ ਸੈਸ਼ਨ ਸ਼ਾਮਲ ਕੀਤੇ ਗਏ ਸਨ।ਪ੍ਰੋਗਰਾਮ ਦੇ ਅੰਤ ਵਿੱਚ ਡਾ: ਰਜਨੀ ਬਾਲਾ ਪ੍ਰੋਫੈਸਰ ਯੂ.ਐੱਸ.ਪੀ.ਐੱਸ ਅਤੇ ਨੈਸ਼ਨਲ ਵਰਕਸ਼ਾਪ ਦੇ ਕੋ-ਕਨਵੀਨਰ ਨੇ ਆਏ ਮਹਿਮਾਨਾਂ ਅਤੇ ਮਾਹਿਰਾਂ ਦਾ ਧੰਨਵਾਦ ਕੀਤਾ।

## ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਬਰਸੀ ਨੂੰ ਸੰਬੋਧਨ ਕਰਨਗੇ ਕਾਮਰੇਡ ਮੁਹੰਮਦ ਸਲੀਮੋਂ



**ਨੰਗਲ (ਸੁਰਜੀਤ ਸਿੰਘ)**— ਇੱਥੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕਾਮਰੇਡ ਗੀਤਾ ਰਾਮ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸਕੱਤਰੇਤ ਮੈਂਬਰ ਗੁਰਨੇਕ ਸਿੰਘ ਭੱਜਲ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਦੇਸ਼ ਦੇ ਅੰਦਰ ਮੋਦੀ ਸਰਕਾਰ ਨੂੰ ਸੱਤਾ ਤੋਂ ਦੂਰ ਕਰਨ ਲਈ ਇੰਡੀਆ ਗਠਜੋੜ ਨੇ ਬਹੁਤ ਵੱਡੀ ਭੂਮਿਕਾ ਅਦਾ ਕੀਤੀ।400 ਸੀਟਾਂ ਦਾ ਸੁਪਨਾ ਦੇਖਣ ਵਾਲੀ ਸਰਕਾਰ ਨੂੰ 240 ਸੀਟਾਂ 'ਤੇ ਹੀ ਸਬਰ ਕਰਨਾ ਪਿਆ। ਲੋਕ ਸਭਾ ਵਿੱਚ ਮੋਦੀ ਦੀ ਘਟੀ ਗਿਣਤੀ ਕਾਰਨ ਦੇਸ਼ ਬਚ ਜਾਵੇਗਾ। ਪਰ ਦੇਸ਼ ਦੇ ਲੋਕਾਂ ਨੂੰ ਸੰਘਰਸ਼ਾਂ ਲਈ ਮਜਬੂਰ ਹੋਣਾ ਪਵੇਗਾ।ਉਹਨਾਂ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੇ ਮੋਦੀ ਦੀ ਜਿੱਤ ਯਕੀਨੀ ਬਣਾਉਣ ਲਈ ਅਰਬਾਂ ਖਰਬਾਂ ਦਾ ਚੋਣਾਂ 'ਤੇ ਖਰਚਾ ਕੀਤਾ। ਪਰ ਦੇਸ਼ ਅੰਦਰ ਚੱਲੇ ਕਿਸਾਨ ਅੰਦੋਲਨ, ਮਜ਼ਦੂਰ ਅੰਦੋਲਨਾਂ ਦੇ ਕਾਰਨ ਮੋਦੀ ਸਰਕਾਰ ਨੂੰ ਵੱਡੇ ਪੱਧਰ ਤੇ ਨੁਕਸਾਨ ਉਠਾਉਣਾ ਪਿਆ।ਉਹਨਾਂ ਨੇ ਕਿਹਾ ਕਿ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 16ਵੀਂ ਬਰਸੀ ਪਹਿਲੀ ਅਗਸਤ ਨੂੰ ਭਕਨਾ ਭਵਨ ਚੰਡੀਗੜ੍ਹ ਵਿਖੇ ਮਨਾਈ ਜਾ ਰਹੀ ਹੈ। ਜਿਸ ਨੂੰ ਸੰਬੋਧਨ ਕਰਨ ਲਈ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਮੁਹੰਮਦ ਸਲੀਮ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਹਨਾਂ ਨੇ ਦੱਸਿਆ ਕਿ ਪਾਰਟੀ ਦੀ 24ਵੀਂ ਸੂਬਾ ਕਾਨਫਰੰਸ 14-15 ਦਸੰਬਰ ਨੂੰ ਜਲੰਧਰ ਵਿਖੇ ਕੀਤੀ ਜਾ ਰਹੀ ਹੈ। ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਦੱਸਿਆ ਕਿ ਜਥੇਬੰਦਕ ਕਾਨਫਰੰਸਾਂ ਦੀ ਤਿਆਰੀ ਲਈ ਛੇਤੀ ਹੀ ਤਹਿਸੀਲ ਕਮੇਟੀਆਂ ਦੀਆਂ ਮੀਟਿੰਗਾਂ ਸੱਦ ਕੇ ਤਿਆਰੀ ਆਰੰਭ ਕੀਤੀ ਜਾਵੇਗੀ। ਉਹਨਾਂ ਨੇ ਕਿਹਾ ਕਿ ਜ਼ਿਲ੍ਹਾ ਕਮੇਟੀ ਵਿੱਚ ਫੈਸਲਾ ਕੀਤਾ ਗਿਆ ਕਿ ਜ਼ਿਲ੍ਹੇ ਦੀ ਕਾਨਫਰੰਸ 13 ਅਕਤੂਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਜਾਵੇਗੀ। ਇਸ ਤੋਂ ਇਲਾਵਾ ਨੰਗਲ ਤਹਿਸੀਲ ਦੀ ਕਾਨਫਰੰਸ ਦੋ ਅਕਤੂਬਰ ਨੂੰ ਪਿੰਡ ਸੰਗਤਪੁਰ, ਅਨੰਦਪੁਰ ਸਾਹਿਬ ਦੀ ਕਾਨਫਰੰਸ 29 ਸਤੰਬਰ ਨੂੰ ਪਿੰਡ ਢੇਰ ਵਿਖੇ ਕਾਮਰੇਡ ਗੁਰਦਿਆਲ ਸਿੰਘ ਢੇਰ ਦੀ ਬਰਸੀ ਨੂੰ ਸਮਰਪਿਤ ਹੋਵੇਗੀ। ਇਸੇ ਤਰ੍ਹਾਂ ਰੋਪੜ ਦੀ ਕਾਨਫਰੰਸ 6 ਅਕਤੂਬਰ ਨੂੰ ਕੀਤੀ ਜਾਵੇਗੀ। ਉਹਨਾਂ ਨੇ ਦੱਸਿਆ ਕਿ ਇੱਕ ਸਤੰਬਰ ਤੋਂ 25 ਸਤੰਬਰ ਤੱਕ ਸਾਰੀਆਂ ਬਰਾਂਚਾਂ ਦੀਆਂ ਕਾਨਫਰੰਸਾਂ ਕੀਤੀਆਂ ਜਾਣਗੀਆਂ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ ਬਾਗੀ, ਬਜਿੰਦਰ ਪੰਡਤ,ਜਸਵਿੰਦਰ ਸਿੰਘ ਭੰਗਲ ,ਰਾਮਕਿਸ਼ਨ ਦਖਕੇਹੜਾ, ਪ੍ਰੇਮ ਚੰਦ ਜੱਟਪੁਰ, ਮਹਿੰਦਰ ਸਿੰਘ ਸੰਗਤਪੁਰ,ਸਤਨਾਮ ਸਿੰਘ ਵੀ ਹਾਜ਼ਰ ਸਨ।

## ਨਗਰ ਨਿਗਮ 'ਚ ਨਵ ਨਿਯੁਕਤ ਡਰਾਈਵਰਾਂ ਨੇ ਬਣਾਈ ਯੂਨੀਅਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਨਗਰ ਨਿਗਮ ਵਿੱਚ ਨਵ-ਨਿਯੁਕਤ ਹੋਏ ਡਰਾਈਵਰਾਂ ਵਲੋਂ ਨੌਕਰੀ ਮਿਲਣ ਤੇ ਮੇਅਰ ਸਾਹਿਬ ਦਾ ਧੰਨਵਾਦ ਕਰਨ ਤੋਂ ਬਾਅਦ ਸਫਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕਰਨਜੋਤ ਆਦੀਆ ਤੇ ਸਮੂਹ ਯੂਨੀਅਨ ਮੈਂਬਰਾ ਦਾ ਵੀ ਧੰਨਵਾਦ ਕੀਤਾ ਗਿਆ ਅਤੇ ਇਨ੍ਹਾਂ ਡਰਾਈਵਰਾਂ ਵਲੋਂ ਆਪਣੇ ਸੰਗਠਨ ਦੀ ਵੀ ਚੋਣ ਕੀਤੀ ਗਈ ਅਤੇ ਸਰਬਸੰਮਤੀ ਨਾਲ ਪ੍ਰਧਾਨ ਲੇਖਰਾਜ ਮੱਟੂ ਨੂੰ ਚੁਣਿਆ ਗਿਆ। ਇਸ ਸਮੇਂ ਨਵ-ਨਿਯੁਕਤ ਪ੍ਰਧਾਨ ਲੇਖਰਾਜ ਮੱਟੂ ਵਲੋਂ ਆਪਣੇ ਸੰਗਠਨ ਦੇ ਅਹੁਦੇਦਾਰ ਦੀ ਚੋਣ ਕੀਤੀ ਗਈ ਜਿਸ ਵਿੱਚ ਵਾਈਸ ਪ੍ਰਧਾਨ ਅਰੁਣ ਕੁਮਾਰ, ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਕੁਮਾਰ, ਵਾਈਸ ਚੇਅਰਮੈਨ ਪ੍ਰਦੀਪ, ਜਨਰਲ ਸਕੱਤਰ ਵਿੱਕੀ, ਚੇਅਰਮੈਨ ਰਵੀ ਕੁਮਾਰ, ਮੀਡੀਆ ਪ੍ਰਭਾਰੀ ਪਵਨ ਕੁਮਾਰ, ਕੈਸ਼ੀਅਰ ਮਨਦੀਪ ਕੁਮਾਰ, ਪ੍ਰੋਪੇਗੰਡਾ ਪ੍ਰਿੰਸ, ਮੁੱਖ ਸਲਾਹਕਾਰ ਸਨੀ, ਸੀਨੀਅਰ ਮੈਂਬਰ ਵਿਕਰਾਂਤ, ਮੈਂਬਰ ਰਾਹੁਲ, ਹਰਪ੍ਰੀਤ, ਰਜਿੰਦਰ ਸਿੰਘ, ਪਵਨ ਕੁਮਾਰ, ਸੁਨੀਲ ਕੁਮਾਰ ਸ਼ਾਮਲ ਹੋਏ ਅਤੇ ਨਵ-ਨਿਯੁਕਤ ਪ੍ਰਧਾਨ ਮੱਟੂ ਨੇ ਸਮੂਹ ਸਾਥੀਆਂ ਨਾਲ ਸਫਾਈ ਕਰਮਚਾਰੀ ਯੂਨੀਅਨ ਨੂੰ ਸਮਰਥਨ ਕੀਤਾ ਅਤੇ ਕਿਹਾ ਕਿ ਮੈਂ ਸਫਾਈ ਕਰਮਚਾਰੀ ਯੂਨੀਅਨ ਨਾਲ ਪੂਰੀ ਇਮਾਨਦਾਰੀ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲੂੰਗਾ, ਆਪਣੇ ਡਰਾਈਵਰਾਂ ਦੇ ਹੱਕ-ਹਕੂਕ ਦੀ ਲੜਾਈ ਅਤੇ ਉਨ੍ਹਾਂ ਦੇ ਕੰਮ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਪਹਿਲ ਦੇ ਤੌਰ 'ਤੇ ਹੱਲ ਕਰਵਾਊਂਗਾ। ਇਸ ਮੌਕੇ ਤੇ ਸਮੂਹ ਸਫਾਈ ਕਰਮਚਾਰੀ ਯੂਨੀਅਨ ਦੇ ਮੈਂਬਰ ਸਨ।

## ਅਣਪਛਾਤੇ ਵਾਹਨ ਦੀ ਫੇਟ ਵੱਜਣ ਕਾਰਨ ਨੌਜੁਆਨ ਦੀ ਮੌਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੀਤੀ ਰਾਤ ਕਾਲਾ ਸੰਘਿਆਂ, ਲੋਹੀਆਂ ਖਾਸ ਰੋਡ 'ਤੇ ਪਿੰਡ ਸੰਧੂ ਚੱਠਾ ਮੋੜ 'ਤੇ ਕਿਸੇ ਅਣਪਛਾਤੇ ਵਾਹਨ ਦੀ ਫੇਟ ਵੱਜਣ ਕਾਰਨ ਇੱਕ ਨੌਜੁਆਨ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਪ੍ਰੈਸ ਨੂੰ ਇਹ ਜਾਣਕਾਰੀ ਪੁਲਸ ਚੌਕੀ ਇੰਚਾਰਜ ਸਬ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਕਿਸੇ ਅਣਪਛਾਤੇ ਵਾਹਨ ਦੀ ਟੱਕਰ ਵੱਜਣ ਕਾਰਨ ਇੱਕ ਨੌਜੁਆਨ ਦੀ ਮੌਕੇ 'ਤੇ ਮੌਤ ਹੋ ਗਈ ਜਿਸ ਦੀ ਪਛਾਣ ਨਹੀਂ ਹੋ ਸਕੀ। ਮ੍ਰਿਤਕ ਨੌਜਵਾਨ ਦੀ ਉਮਰ ਕਰੀਬ 25,30 ਕੱਦ 5 ਫੁੱਟ 6 ਇੰਚ, ਸਰੀਰ ਪਤਲਾ, ਜਿਸ ਨੇ ਨੀਲੀ ਜੀਨ, ਸੰਤਰੀ ਟੀ ਸ਼ਰਟ ਪਹਿਨੀ ਹੋਈ ਹੈ। ਪੁਲਸ ਨੇ ਅਣਪਛਾਤੇ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ 72 ਘੰਟਿਆਂ ਲਈ ਸ਼ਨਾਖਤ ਲਈ ਮੋਰਚਰੀ ਵਿੱਚ ਰੱਖਿਆ ਗਿਆ ਹੈ।



## ਵਿਜੈ ਇੰਦਰ ਸਿੰਗਲਾ ਨੇ ਵੋਟਰਾਂ ਦਾ ਕੀਤਾ ਧੰਨਵਾਦ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਲੋਕ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਦੇ ਸ੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਅਤੇ ਕੁੱਲ ਹਿੰਦ ਕਾਂਗਰਸ ਪਾਰਟੀ ਦੇ ਖਜ਼ਾਨਚੀ ਵਿਜੈ ਇੰਦਰ ਸਿੰਗਲਾ ਵੱਲੋਂ ਚੋਣਾਂ ਦੌਰਾਨ ਹਲਕੇ ਦੇ ਵੋਟਰਾਂ ਵੱਲੋਂ ਮਿਲੇ ਪਿਆਰ ਲਈ ਉਨ੍ਹਾਂ ਦਾ ਧੰਨਵਾਦ ਕਰਨ ਲਈ ਅੱਜ ਕੁੱਲ ਹਿੰਦ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਅਤੇ ਹਲਕਾ ਇੰਚਾਰਜ ਅਮਰਪ੍ਰੀਤ ਸਿੰਘ ਲਾਲੀ ਦੀ ਅਗਵਾਈ 'ਚ ਸਥਾਨਕ ਪੈਲਸ ਵਿੱਚ ਰੱਖੇ ਗਏ ਪ੍ਰੋਗਰਾਮ ਦੌਰਾਨ ਸ਼ਿਰਕਤ ਕੀਤੀ।ਜਿਸ ਵਿਚ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਹਿੱਸਾ ਲਿਆ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਦੀਆਂ ਉਪਲੱਬਧੀਆਂ ਨੂੰ ਲੈ ਕੇ ਅਪਣੇ ਵਿਚਾਰ ਪੇਸ਼ ਕੀਤੇ।



ਇਸ ਮੌਕੇ ਵਿਜੈ ਇੰਦਰ ਸਿੰਗਲਾ ਨੇ ਲੋਕ ਸਭਾ ਚੋਣਾਂ ਦੌਰਾਨ ਹਲਕੇ ਦੇ ਵੋਟਰਾਂ ਅਤੇ ਸਹਿਯੋਗੀਆਂ ਦਾ ਉਨ੍ਹਾਂ ਨੂੰ ਦਿੱਤੇ ਅਥਾਹ ਪਿਆਰ ਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਸਾਰੀਆਂ ਨੂੰ ਭਰੋਸਾ ਦਿੱਤਾ ਕਿ ਉਹ ਹਲਕੇ ਦੇ ਲੋਕਾਂ ਨਾਲ ਹਰੇਕ ਦੁੱਖ-ਸੁੱਖ ਵਿਚ ਹਮੇਸ਼ਾ ਨਾਲ ਖੜ੍ਹੇ ਹਨ। ਇਸ ਮੌਕੇ ਪਾਰਟੀ ਵਰਕਰਾਂ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਆਗੂ ਬਲਦੇਵ ਰਾਜ ਖੇਪੜ, ਮੈਡਮ ਸਾਰਿਤਾ ਸ਼ਰਮਾ,ਕੁਲਵਿੰਦਰ ਬਿੱਟੂ, ਹਰਵੇਲ ਸਿੰਘ ਸੈਣੀ,ਕਮਲ ਕਟਾਰੀਆ ,ਹਰਦੀਪ ਸੰਘਾ,ਕ੍ਰਿਸ਼ਨ ਸਹੋਤਾ, ਵੱਖ ਵੱਖ ਪਿੰਡਾਂ ਤੋਂ ਸਰਪੰਚ,ਪੰਚ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ।

## ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਅਤੇ ਧਾਰਮਿਕ ਅਧਿਆਪਕ ਬੀਬੀ ਰਾਜਵਿੰਦਰ ਕੌਰ ਅਤੇ ਡਾ. ਗੁਰਇਕਬਾਲ ਸਿੰਘ (ਸੰਗੀਤ ਵਿਭਾਗ) ਦੀ ਦੇਖ-ਰੇਖ ਹੇਠ ਸੰਗਰਾਂਦ ਅਤੇ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਬਾਰਾਮਾਹ,ਚੌਪਈ ਸਾਹਿਬ ਅਤੇ ਆਨੰਦ ਸਾਹਿਬ ਦੇ ਪਾਠ ਕੀਤੇ ਗਏ ਅਤੇ ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਮੌਕੇ ਧਾਰਮਿਕ ਅਧਿਆਪਕ ਬੀਬੀ ਰਾਜਵਿੰਦਰ ਕੌਰ ਨੇ ਗੁਰਮਤਿ ਵਿਚਾਰਧਾਰਾ ਵਿੱਚ ਸਾਉਣ ਮਹੀਨੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ,ਇਸ ਦੇ ਨਾਲ ਹੀ ਉਹਨਾਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦੇ ਇਤਿਹਾਸ ਬਾਰੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਕਿ ਕਿਵੇਂ ਉਹਨਾਂ ਨੇ ਆਪਣੇ ਧਰਮ ਦੀ ਰਾਖੀ ਲਈ ਸਿੱਖੀ ਸਿਦਕ ਨਹੀਂ ਹਾਰਿਆ ਅਤੇ ਸ਼ਹੀਦੀ ਪ੍ਰਾਪਤ ਕੀਤੀ। ਉਹਨਾਂ ਨੇ ਵਿਦਿਆਰਥੀਆਂ ਨੂੰ ਸਿੱਖੀ ਵਿਚਾਰਧਾਰਾ ਨੂੰ ਆਪਣੀ ਜੀਵਨ ਜਾਂਚ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ।

## ਸਮਾਜ ਸੇਵਕ ਰਾਜੂ ਭੰਡਾਲ ਨੂੰ ਪੁੱਤਰ ਦੀ ਦਾਤ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**—ਸਮਾਜ ਸੇਵਕ ਅਤੇ ਸ਼ਹੀਦੇ -ਏ - ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਐਂਡ ਵੈਲਫੇਅਰ ਸੋਸਾਇਟੀ ( ਰਜਿ) ਨਕੋਦਰ ਦੇ ਬਲਾਕ ਪ੍ਰਧਾਨ (ਨੂਰਮਹਿਲ) ਪਿੰਡ ਸੰਘੇ ਜਗੀਰ ਦੇ ਜੰਮਪਲ ਰਾਜੂ ਭੰਡਾਲ (ਅਮਰੀਕਾ) ਪਿਤਾ ਗੁਰਮੇਲ ਸਿੰਘ,ਮਾਤਾ ਹਰਜਿੰਦਰ ਕੌਰ ਪਤਨੀ ਸੁਖਜੀਤ ਕੌਰ ਦੇ ਘਰ ਦੋ ਧੀਆਂ ਤੋਂ ਬਾਅਦ ਵਾਹਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੈ।ਇਹ ਖੁਸ਼ਖ਼ਬਰੀ ਸੁਣਦਿਆਂ ਪ੍ਰਧਾਨ ਰਾਜੂ ਭੰਡਾਲ ਦੇ ਚਾਹੁਣ ਵਾਲਿਆਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਰਾਜੂ ਭੰਡਾਲ ਨੂੰ ਦੋਸਤਾਂ ਅਤੇ ਸਾਕ ਸਬੰਧੀਆਂ ਤੋਂ ਇਲਾਵਾ ਸਮਾਜ ਸੇਵੀ ਸੰਸਥਾ, ਪੱਤਰਕਾਰ ਭਾਈਚਾਰੇ ਅਵਤਾਰ ਚੰਦ, ਬਾਲਕ੍ਰਿਸ਼ਨ ਬਾਲੀ , ਨਰਿੰਦਰ ਭੰਡਾਲ, ਪਾਰਸ ਨਈਅਰ, ਤੀਰਥ ਚੀਮਾਂ, ਜਸਵੀਰ ਸਿੰਘ, ਸੋਨੂੰ ਬਹਾਦਰ ਪੁਰੀ, ਸੈਲੀ ਸਟੂਡੀਓ, ਐਡਵੋਕੇਟ ਗੌਰਵ ਨਾਗਰਾਜ ਸਮੂਹ ਸੇਵਾਦਾਰਾਂ ਅਤੇ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਵਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ਪੀਰ ਬਾਬਾ ਫਾਰੂਕ ਅਲੀ ਕਾਦਰੀ ਦੀ ਯਾਦ 'ਚ ਸਾਲਾਨਾ ਮੇਲਾ ਕਰਵਾਇਆ





**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਬੰਗਾ ਰੋਡ ਨਵਾਂਸ਼ਹਿਰ ਵਿਖੇ ਹਜਰਤ ਪੰਜ ਪੀਰ ਦਰਬਾਰ ਵਿਖੇ ਪੀਰ ਬਾਬਾ ਫਾਰੂਕ ਅਲੀ ਕਾਦਰੀ ਦੀ ਯਾਦ 'ਚ 17ਵਾਂ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ।ਸਾਰੀਆਂ ਰਸਮਾਂ ਪੂਰੀਆਂ ਕਰਨ ਉਪਰੰਤ ਨਗਰ ਦੀ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਫਰਿਆਦ ਕੀਤੀ ਗਈ।ਗੱਦੀਨਸ਼ੀਨ ਬਾਬਾ ਮਹਿਤਾਬ ਅਹਿਮਦ ਕਾਦਰੀ ਨੇ ਦਸਿਆ ਕਿ ਦਰਬਾਰ ਵਿੱਚ ਮਹਿੰਦੀ ਦੀ ਰਸਮ ਅਦਾ ਕੀਤੀ ਗਈ। ਸ਼ਾਮ ਨੂੰ ਚਿਰਾਗ ਰੋਸ਼ਨ ਕੀਤੇ ਅਤੇ ਚਾਦਰ ਦੀ ਰਸਮ ਅਦਾ ਕੀਤੀ ਗਈ। ਉਸ ਉਪਰੰਤ ਹੀ ਕਵਾਲ ਪਾਰਟੀ ਵਲੋਂ ਕਵਾਲੀਆਂ ਪੇਸ਼ ਕੀਤੀਆਂ ਗਈਆਂ। ਰਾਤ ਨੂੰ ਧਰਮਵੀਰ ਪ੍ਰਦੇਸੀ ਵਲੋਂ ਧਾਰਮਿਕ ਡਰਾਮਾ ਨਾਟਕ ਖੇਡਿਆ ਗਿਆ। ਬਾਬਾ ਮਹਿਤਾਬ ਅਹਿਮਦ ਕਾਦਰੀ ਨੇ ਕਿਹਾ ਕਿ ਸਾਨੂੰ ਦੁਨੀਆਦਾਰੀ ਦੇ ਚੱਕਰ ਨੂੰ ਛੱਡ ਕੇ ਉਸ ਖੁਦਾ ਦੀ ਬੰਦਗੀ ਕਰਨੀ ਚਾਹੀਦੀ ਹੈ।ਕਿਉਂਕਿ ਬੰਦਗੀ ਤੋਂ ਬਗੈਰ ਬੰਦਾ ਮਿੱਟੀ ਦੇ ਸਮਾਨ ਹੈ।

ਉਨ੍ਹਾਂ ਕਿਹਾ ਸਾਨੂੰ ਗੁਰੂਆਂ ਅਤੇ ਪੀਰਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਲੰਗਰ ਅਤੁੱਟ ਵਰਤਾਇਆ ਗਿਆ ।ਦਰਬਾਰ ਮਵਾਲੀ ਸ਼ਰੀਫ ਤੋਂ ਸਾਂਈ ਉਮਰੇ ਸ਼ਾਹ , ਬੰਮਦੇਵ ਉਰਫ ਪ੍ਰੀਤੀ ਮਹੰਤ, ਕੁੱਕੂ ਭਗਤ, ਵੂਰਣ ਸੋਭਤੀ, ਬਾਬਾ ਪਿਆਰਾ, ਬਾਬਾ ਪੰਮੇ ਸ਼ਾਹ, ਬਾਬਾ ਕਾਲੇ ਸ਼ਾਹ, ਬਾਬਾ ਕੁਲਰਾਜ ਮੁਹੰਮਦ ਰਾਜੀ,ਬੀਬੀ ਬਲਜੀਤ ਕੌਰ ਕਾਦਰੀ ਤੋਂ ਇਲਾਵਾ ਨਰਿਦਰ ਰਾਠੋਰ, ਜਸਵਿੰਦਰ ਕੁਮਾਰ, ਜਸਵਿੰਦਰ ਸਿਆਣ ਆਦਿ ਸ਼ਾਮਲ ਰਹੇ।

## ਬਿਲਗਾ ਥਾਣੇ ਮੂਹਰੇ ਪ੍ਰਦਰਸ਼ਨ ਤੇ ਧਰਨਾ ਅੱਜ



**ਨੂਰਮਹਿਲ ( ਬਾਲੀ )**—ਪੇਂਡੂ ਮਜਦੂਰ ਯੂਨੀਅਨ ਦੇ ਆਗੂ ਸਾਥੀ ਹੰਸ ਰਾਜ ਪੱਬਵਾ ਨੇ ਕਿਹਾ ਕਿ 13 ਜੁਲਾਈ ਦੀ ਰਾਤ ਕਰੀਬ 8 ਵਜੇ ਸੈਮੂਅਲ ਉਰਫ ਗੋਰੀ ਪਿੰਡ ਉਮਰਪੁਰ ਕਲਾ ਦਾ ਮਜਦੂਰ ਬੀ ਬੀ ਐਨ ਐਲ ਕੰਪਨੀ ਵਿੱਚ ਮਜਦੂਰੀ ਕਰਦੇ ਸਮੇਂ ਡੂੰਘੇ ਖੱਡੇ ਵਿੱਚ ਮਿੱਟੀ ਦੀ ਢਿੱਗ ਵਿੱਚ ਦੱਬ ਹੋਣ ਨਾਲ ਦਮ ਤੋੜ ਗਿਆ। ਪਰਵਾਰ ਦੀ ਰੋਟੀ ਰੋਜੀ ਇਹ ਨੌਜਵਾਨ ਹੀ ਚਲਾਉਂਦਾ ਸੀ।ਸਿਤਮ ਦੀ ਗੱਲ ਇਹ ਹੈ ਕਿ ਕੰਪਨੀ ਵਾਲਿਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਸ ਗਰੀਬ ਨੌਜਵਾਨ ਦੀ ਮੌਤ ਨੂੰ ਕੀੜੇ ਮਕੌੜ ਵਾਂਗ ਹੀ ਸਮਝਿਆ। ਪਰਵਾਰ ਦੀ ਕਿਸੇ ਨੇ ਕੋਈ ਸਾਰ ਨਹੀਂ ਲਈ। ਬਿਲਗਾ ਥਾਣੇ ਵਿੱਚ ਜਨਤਕ ਜਥੇਬੰਦੀਆਂ, ਪਿੰਡ ਉਮਰਪੁਰ ਕਲਾ ਦੇ ਲੋਕ ਇਕੱਠੇ ਹੋਏ ਅਤੇ ਐਲਾਨ ਕੀਤਾ ਕਿ 17 ਜਲਾਈ ਨੂੰ ਬਿਲਗਾ ਥਾਣੇ ਮੂਹਰੇ ਜੋਰਦਾਰ ਪ੍ਰਦਰਸ਼ਨ ਅਤੇ ਧਰਨਾ ਲਗਾਇਆ ਜਾਵੇਗਾ।

## 'ਵਿਕਸਿਤ ਭਾਰਤ ਦੀ ਨਵੀਂ ਪਛਾਣ, ਪਰਵਾਰ ਨਿਯੋਜਨ ਹਰੇਕ ਦੰਪਤੀ ਦੀ ਸ਼ਾਨ'



**ਫਗਵਾੜਾ ( ਡਾ. ਰਮਨ )** ਸਿਵਲ ਸਰਜਨ ਕਪੂਰਥਲਾ ਡਾ: ਸੁਰਿੰਦਰ ਪਾਲ ਕੌਰ ਦੇ ਹੁਕਮਾਂ ਅਤੇ ਡਾ: ਅਸ਼ੋਕ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਪੀ ਐਚ ਸੀ ਪਾਂਛਟ ਡਾ: ਰੁਪਿੰਦਰ ਕੌਰ ਦੀ ਅਗਵਾਈ ਹੇਠ ਵਿਸ਼ਵ ਅਬਾਦੀ ਦਿਵਸ ਦੇ ਮੌਕੇ ਪੀ ਐਚ ਸੀ ( ਮੁੱਹਲਾ ਕਲਿਨਿਕ) ਪਿੰਡ ਅਠੋਲੀ ਵਿਖੇ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ ਜਿਸ ਨੂੰ ਸਬੋਧਨ ਕਰਦਿਆਂ ਮੈਡੀਕਲ ਅਫ਼ਸਰ ਡਾ ਹਰੀਸ਼ ਕਾਜਲ ਨੇ ਦੱਸਿਆ ਕਿ ਦੇਸ਼ ਦੀ ਅਬਾਦੀ ਦਿਨੋਂ- ਦਿਨ ਵਧਦੀ ਜਾ ਰਹੀ ਹੈ,ਜੋ ਕਿ ਚਿੰਤਾ ਦਾ ਵਿਸ਼ਾ ਹੈ ਸਿਹਤ ਵਿਭਾਗ ਵੱਲੋਂ 11 ਜੁਲਾਈ ਤੋਂ 24 ਜੁਲਾਈ ਤੱਕ ਅਬਾਦੀ ਸਥਿਰਤਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਵਾਰ ਇਹ ਪੰਦਰਵਾੜਾ 'ਪਰਵਾਰ ਨਿਯੋਜਨ ਅਪਨਾਓ ਉਪਾਏ, ਤਰੱਕੀ ਦਾ ਲਿਖੋ ਨਵਾਂ ਅਧਿਆਇ' ਥੀਮ ਅਧੀਨ ਮਨਾਇਆ ਜਾ ਰਿਹਾ ਹੈ ਕਿਉਂਕਿ ਵੱਧਦੀ ਆਬਾਦੀ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਮਾਜਿਕ ਕੁਰੀਤੀਆਂ ਆਦਿ ਦਾ ਕਾਰਨ ਬਣਦੀ ਹੈ ਉਨ੍ਹਾਂ ਕਿਹਾ ਕਿ ਛੋਟਾ ਪਰਵਾਰ ਹੀ ਸੁਖੀ ਪਰਵਾਰ ਹੁੰਦਾ ਹੈਡਾ ਦੀਪਾਲੀ ਖੋਸਲਾ ( ਆਯੁਰਵੈਦਿਕ ਮੈਡੀਕਲ ਅਫ਼ਸਰ ) ਨੇ ਕਿਹਾ ਕਿ ਯੋਗ ਜੋੜਿਆਂ ਨੂੰ ਪਰਵਾਰ ਨਿਯੋਜਨ ਦੇ ਪੱਕੇ ਸਾਧਨਾਂ ਜਿਵੇਂ ਕਿ ਨਲਬੰਦੀ, ਨਸਬੰਦੀ ਅਤੇ ਕੱਚੇ ਸਾਧਨ ਜਿਵੇਂ ਕਿ ਗਰਭ ਰੋਧਕ, ਅੰਤਰਾ ਟੀਕਾ, ਛਾਇਆ ਗੋਲੀ, ਕਾਪਰਟੀ, ਆਈਯੂਸੀਡੀ, ਓਰਲ ਪਿਲਸ ਅਤੇ ਕੰਡੋਮ ਆਦਿ ਲਈ ਨੇੜੇ ਦੇ ਸਿਹਤ ਕੇਂਦਰਾਂ ਨਾਲ ਸੰਪਰਕ ਕਰਨ ਲਈ ਮੋਟੀਵੇਟ ਕੀਤਾ ਤਾਂ ਜੋ ਲੋਕ ਇਨ੍ਹਾਂ ਪਰਿਵਾਰ ਨਿਯੋਜਨ ਦੇ ਸਾਧਨਾਂ ਦਾ ਲਾਭ ਉਠਾ ਸਕਣ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਛੋਟੇ ਪਰਿਵਾਰ ਹੋਣ ਦੇ ਫਾਇਦਿਆਂ ਬਾਰੇ ਦੱਸਿਆਂ ਤੇ ਜਿਨ੍ਹਾਂ ਦਾ ਪਰਵਾਰ ਕੰਪਲੀਟ ਹੋ ਗਿਆ ਹੈ, ਉਨ੍ਹਾਂ ਨੂੰ ਸਥਾਈ ਪਰਵਾਰ ਨਿਯੋਜਨ ਦੇ ਸਾਧਨ ਅਪਣਾਉਣ ਲਈ ਮੋਟੀਵੇਟ ਕੀਤਾ ਉਨ੍ਹਾਂ ਸਟਾਫ ਮੈਂਬਰਾਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਪਿੰਡ-ਪਿੰਡ ਜਾ ਇਸ ਸਾਲ ਦੀ ਥੀਮ ਦਾ ਸੰਦੇਸ਼ ਦੇਣ 'ਵਿਕਸਿਤ ਭਾਰਤ ਦੀ ਨਵੀਂ ਪਛਾਣ ਪਰਿਵਾਰ ਨਿਯੋਜਨ ਹਰੇਕ ਦੰਪਤੀ ਦੀ ਸ਼ਾਨ' ਤਾਂ ਜੋ ਲੋਕ ਵੱਧ ਰਹੀ ਜਨਸੰਖਿਆ 'ਤੇ ਕਾਬੂ ਪਾਉਣ ਵਿੱਚ ਆਪਣਾ ਯੋਗਦਾਨ ਦੇਣ।

## ਹਰਿਆਣਾ ਦੇ ਮੁੱਖ ਮੰਤਰੀ ਨਾਲ ਤ੍ਰਿਨਿਦਾਦ ਐਂਡ ਟੋਬੈਗੋ ਦੇ ਮੰਤਰੀ ਨੇ ਕੀਤੀ ਮੁਲਾਕਾਤ

**ਚੰਡੀਗੜ੍ਹ, -(ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨਾਲ ਅੱਜ ਉਨ੍ਹਾਂ ਦੇ ਆਵਾਸ ਸੰਤ ਕਬੀਰ ਕੁਟੀਰ 'ਤੇ ਤ੍ਰਿਨਿਦਾਦ ਐਂਡ ਟੋਬੈਗੋ ਗਣਰਾਜ ਦੀ ਅਟਾਰਨੀ ਜਨਰਲ ਅਤੇ ਵਿਧਿਕ ਮਾਮਲਿਆਂ ਦੀ ਮੰਤਰੀ ਸੁਸ੍ਰੀ ਰੇਣੁਕਾ ਸਗਰਾਮ ਸਿੰਘ ਸੂਕਲਾਲ ਨੇ ਮੁਲਾਕਾਤ ਕੀਤੀ। ਇਸ ਦੌਰਾਨ ਹਰਿਆਣਾ ਨਾਲ ਦੋ-ਪੱਖੀ ਸਮਝੌਤਿਆਂ 'ਤੇ ਵੀ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਦੋਵਾਂ ਹਿਤਧਾਰਕ ਆਪਸੀ ਸਹਿਯੋਗ ਨਾਲ ਕੰਮ ਕਰਨ, ਜਿਸ ਨਾਲ ਹਰਿਆਣਾ ਅਤੇ ਤ੍ਰਿਨਿਦਾਦ ਐਂਡ ਟੋਬੈਗੋ ਵਿਚਕਾਰ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤੀ ਮਿਲ ਸਕੇ। ਉਨ੍ਹਾਂ ਨੇ ਹੈਫੇਡ ਦੇ ਚੇਅਰਮੈਨ ਨੂੰ ਸਲਾਹ ਦਿੰਦੇ ਹੋਏ ਕਿਹਾ ਕਿ ਹੈਫੇਡ ਰਾਜ ਦਾ ਇਕ ਸਿਖਰ ਸਹਿਕਾਰੀ ਸੰਘ ਹੈ, ਇਸ ਲਈ ਹੈਫੇਡ ਅਜਿਹੇ ਮੌਕਿਆਂ ਦੀ ਤਲਾਸ਼ ਕਰੇ, ਜਿੱਥੇ ਸੂਬੇ ਦੇ ਕਿਸਾਨਾਂ ਨੂੰ ਹੈਫੇਡ ਰਾਹੀਂ ਵੱਖ-ਵੱਖ ਦੇਸ਼ਾਂ ਵਿਚ ਆਪਣੀ ਉਪਜ ਵੇਚ ਕੇ ਲਾਭ ਮਿਲ ਸਕੇ।

ਜੂਨ, 2024 ਦੇ ਆਖੀਰੀ ਹਫਤੇ ਵਿਚ ਹੈਫੇਡ ਚੇਅਰਮੈਨ ਕੈਲਾਸ਼ ਭਗਤ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਵੱਲੋਂ ਇਕ ਵਫਤ ਤ੍ਰਿਨਿਦਾਦ ਐਂਡ ਟੋਬੈਗੋ ਦੇ ਦੌਰੇ 'ਤੇ ਗਿਆ ਸੀ, ਜਿਸ ਦਾ ਉਦੇਸ਼ ਤ੍ਰਿਨਿਦਾਦ ਐਂਡ ਟੋਬੈਗੋ ਅਤੇ ਹੋਰ ਕੈਰੇਬਿਆਈ ਦੇਸ਼ਾਂ ਵਿਚ ਵਪਾਰ ਦੇ ਮੌਕਿਆਂ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣਾ ਹੈ।ਇਹ ਮੁਲਾਕਾਤ ਉਸੀ ਲੜੀ ਦਾ ਇਕ ਹਿੱਸਾ ਹੈ।ਗੌਰਤਲਬ ਹੈ ਕਿ ਤ੍ਰਿਨਿਦਾਦ ਐਂਡ ਟੋਬੈਗੋ ਵਿਚ ਵੱਡੀ ਗਿਣਤੀ ਵਿਚ ਭਾਰਤੀ ਪ੍ਰਵਾਸੀ ਰਹਿੰਦੇ ਹਨ। ਹਰਿਆਣਾ ਸਰਕਾਰ ਵਿਸ਼ਵ ਪੱਧਰ 'ਤੇ ਆਪਣੀ ਸੰਸਥਾਵਾਂ ਲਈ ਵਪਾਰ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਉਤਸੁਕ ਹੈ। ਮੀਟਿੰਗ ਦੌਰਾਨ ਹੈਫੇਡ ਦੇ ਚੇਅਰਮੈਨ ਕੈਲਾਸ਼ ਭਗਤ, ਓਮਾਨ ਦੇ ਉਦਯੋਗਪਤੀ ਮੋਨੀਸ਼ ਬਹਿਲ ਅਤੇ ਹੈਫੇਡ ਦੇ ਜੀ ਐਮ ਡਾ. ਅਰੁਣ ਕੁਮਾਰ ਆਹੂਜਾ ਮੌਜੂਦ ਸਨ।

## ਪੰਚਾਇਤ ਨੇ ਸਿਵਲ ਪਸ਼ੂ ਹਸਪਤਾਲ ਦੀ ਇਮਾਰਤ ਵਿਭਾਗ ਨੂੰ ਸੌਂਪੀ



**ਅੱਪਰਾ (ਨਿਰਮਲ ਗੁੜਾ)**- ਪੰਜਾਬ ਦੇ ਵਿਕਾਸ ਵਿੱਚ ਸਰਕਾਰਾਂ ਨਾਲੋਂ ਐਨ ਆਰ ਆਈ ਸੱਜਣਾਂ ਦਾ ਸਹਿਯੋਗ ਜ਼ਿਆਦਾ ਦਿਖਾਈ ਦੇ ਰਿਹਾ ਹੈ। ਇਸ ਦੀ ਮਿਸਾਲ ਬਣੀ ਹੈ ਹਲਕਾ ਫਿਲੌਰ ਦੇ ਪਿੰਡ ਦੁਸਾਂਝ ਕਲਾਂ ਵਿਖੇ, ਜਿਥੇ ਪਿੰਡ ਦੇ ਵਿਕਾਸ ਲਈ ਐਨ ਆਰ ਆਈ ਅਤੇ ਦਾਨੀ ਸੱਜਣਾਂ ਵਲੋਂ ਪੰਜ ਸਾਲ ਵਿੱਚ ਇਕ ਕਰੋੜ ਰੁਪਏ ਤੋਂ ਜ਼ਿਆਦਾ ਪਿੰਡ ਨੂੰ ਸਹਿਯੋਗ ਕੀਤਾ ਗਿਆ, ਜੋ ਸਰਪੰਚ ਮੱਖਣ ਸਿੰਘ ਦੁਸਾਂਝ ਦੀ ਅਗਵਾਈ ਵਿੱਚ ਵੱਖ ਵੱਖ ਪ੍ਰੋਜੈਕਟਾਂ 'ਤੇ ਖਰਚਿਆ ਗਿਆ।ਇਸੇ ਕੜੀ ਤਹਿਤ ਕਰੀਬ ਸਾਢੇ ਸੱਤ ਲੱਖ ਦੀ ਲਾਗਤ ਨਾਲ ਤਿਆਰ ਕਰਕੇ ਸਿਵਲ ਪਸ਼ੂ ਹਸਪਤਾਲ ਦੀ ਇਮਾਰਤ ਦਾ ਉਦਘਾਟਨ ਕੀਤਾ ਗਿਆ। ਸਰਪੰਚ ਮੱਖਣ ਸਿੰਘ ਦੁਸਾਂਝ ਅਤੇ ਦੁਸਾਂਝ ਕਲਾਂ ਸਿਵਲ ਪਸ਼ੂ ਹਸਪਤਾਲ ਦੇ ਇੰਚਾਰਜ ਡਾ. ਜਸਵੀਰ ਸਿੰਘ ਦੀ ਅਗਵਾਈ ਵਿੱਚ ਕੀਤੇ ਸਮਾਗਮ ਦੌਰਾਨ ਡਿਪਟੀ ਡਾਇਰੈਕਟਰ ਜਲੰਧਰ ਡਾ. ਅਨਿਲ ਕਪੂਰ, ਸੀਨੀਅਰ ਵੈਟਨਰੀ ਅਫਸਰ ਫ਼ਿਲੌਰ ਡਾ. ਕੁਲਵਿੰਦਰ ਸਿੰਘ, ਵੈਟਨਰੀ ਅਫਸਰ ਡਾ. ਬਲਬੀਰ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਰੀਬਨ ਕੱਟ ਕੇ ਹਸਪਤਾਲ ਦਾ ਉਦਘਾਟਨ ਕੀਤਾ। ਵਾਹਿਗੁਰੂ ਅੱਗੇ ਅਰਦਾਸ ਕਰਕੇ ਪੰਚਾਇਤ ਵਲੋਂ ਮਹਿਕਮੇ ਨੂੰ ਹਸਪਤਾਲ ਦੀਆਂ ਚਾਬੀਆਂ ਸੌਂਪਣ ਉਪਰੰਤ ਡਾ. ਜਸਵੀਰ ਸਿੰਘ ਦਾ ਮੂੰਹ ਮਿੱਠਾ ਕਰਾ ਕੇ ਦਫਤਰ ਦਾ ਕੰਮ ਸ਼ੁਰੂ ਕਰਵਾਇਆ ਗਿਆ।

ਇਸ ਮੌਕੇ ਡਾ. ਅਨਿਲ ਕਪੂਰ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਨੂੰ ਇਸ ਤਰ੍ਹਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਪੰਚ ਸਤਪਾਲ, ਪੰਚ ਸੁਰਜੀਤ ਸਿੰਘ, ਪੰਚ ਨਿਰਮਲ ਕੁਮਾਰ, ਪੰਚ ਰਾਮ ਨਾਥ, ਪੰਚ ਮਨੀ ਰਾਮ, ਲੇਖ ਰਾਜ, ਦੁਸਾਂਝ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਰਿੰਦਰ ਕੁਮਾਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰ ਰਹੇ ਕਿਸਾਨਾਂ ਵੱਲੋਂ ਬੀ ਐੱਸ ਐੱਫ ਦੇ ਗੇਟ ਨੂੰ ਰੋਜ਼ਾਨਾ ਖੋਲ੍ਹਣ ਦੀ ਮੰਗ

**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਸਰਹੱਦੀ ਪਿੰਡ ਤੇਜਾ ਰੁਹੇਲਾ ਦੇ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰ ਰਹੇ ਕਿਸਾਨਾਂ ਨੇ ਖੇਤੀ ਵਾਸਤੇ ਉਨ੍ਹਾਂ ਦੇ ਆਉਣ-ਜਾਣ ਲਈ ਬੀ.ਐੱਸ.ਐੱਫ. ਦਾ ਗੇਟ ਰੋਜ਼ਾਨਾ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਝੋਨੇ ਦੀ ਲਵਾਈ ਦਾ ਸੀਜ਼ਨ ਚੱਲ ਰਿਹਾ ਹੈ, ਪਰ ਉਨ੍ਹਾਂ ਨੂੰ ਕੰਡਿਆਲੀ ਤਾਰ ਤੋਂ ਪਾਰ ਖੇਤੀ ਲਈ ਆਉਣ-ਜਾਣ ਵਾਲਾ ਗੇਟ ਹਫ਼ਤੇ ਵਿੱਚ ਸਿਰਫ਼ ਦੋ ਦਿਨ ਹੀ ਖੋਲ੍ਹਿਆ ਜਾ ਰਿਹਾ ਹੈ ਅਤੇ ਦੂਜਾ ਗੇਟ ਉਨ੍ਹਾਂ ਤੋਂ ਕਾਫੀ ਦੂਰੀ 'ਤੇ ਹੈ, ਜਿਸ ਕਾਰਨ ਉਨ੍ਹਾਂ ਨੂੰ ਫਸਲ ਦੀ ਸਾਂਭ ਸੰਭਾਲ 'ਚ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਨੇ ਇਹ ਗੇਟ ਰੋਜ਼ਾਨਾ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਮਰੇਡ ਸ਼ੀਤਾ ਸਿੰਘ ਤੇਜਾ ਰੁਹੇਲਾ ਬਲਾਕ ਸਕੱਤਰ ਸਰਵ ਭਾਰਤ ਨੌਜਵਾਨ ਸਭਾ ਫਾਜ਼ਿਲਕਾ, ਮੰਗਲ ਸਿੰਘ, ਮਾਂਘ ਸਿੰਘ, ਕੁਲਵਿੰਦਰ ਸਿੰਘ, ਛਣਕਾ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਬੀ ਐੱਸ ਐੱਫ ਵੱਲੋਂ ਪਿੰਡ ਤੇਜਾ ਰੁਹੇਲਾ ਦਾ ਗੇਟ ਨੰਬਰ 247 ਹਫ਼ਤੇ ਵਿੱਚ ਦੋ ਦਿਨ ਖੋਲ੍ਹਿਆ ਜਾ ਰਿਹਾ ਹੈ। ਇਸ ਸਬੰਧੀ ਬੀ ਐੱਸ ਐੱਫ ਦੇ ਸਬੰਧਤ ਅਧਿਕਾਰੀਆਂ ਨਾਲ ਪਿਛਲੇ ਸਾਲ



ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਵਾਢੀ ਤੇ ਬਿਜਾਈ ਦੇ ਸੀਜ਼ਨ ਦੌਰਾਨ ਇਸ ਗੇਟ ਨੂੰ ਲਗਾਤਾਰ ਖੋਲ੍ਹਣ ਦੀ ਗੱਲ ਕਹੀ ਗਈ ਸੀ।ਇਨ੍ਹੀਂ ਦਿਨੀਂ ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ, ਪਰ ਬੀ ਐੱਸ ਐੱਫ ਦੇ ਸਬੰਧਤ ਅਧਿਕਾਰੀਆਂ ਨਾਲ ਲਗਾਤਾਰ ਤਾਲਮੇਲ ਦੇ ਬਾਵਜੂਦ ਇਹ ਗੇਟ ਹਫ਼ਤੇ ਵਿੱਚ ਸਿਰਫ਼ ਦੋ ਦਿਨ ਸੋਮਵਾਰ ਤੇ ਵੀਰਵਾਰ ਨੂੰ ਹੀ ਖੋਲ੍ਹਿਆ ਜਾ ਰਿਹਾ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੰਡਿਆਲੀ ਤਾਰ ਤੋਂ ਪਾਰ ਜਾਣ ਲਈ ਇਹ ਮੁੱਖ ਗੇਟ ਲੱਗਦਾ ਹੈ ਅਤੇ ਬਾਕੀ ਗੇਟ ਕਾਫੀ ਦੂਰੀ 'ਤੇ ਹਨ।

ਕਾਮਰੇਡ ਸੀਤਾ ਸਿੰਘ ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ ਜਦੋਂ ਉਹ ਇੱਕ ਵਾਰ ਫਿਰ ਜੀਜੀ-3 ਦੇ ਪੋਸਟ ਕਮਾਂਡਰ ਨੂੰ ਮਿਲਣ ਗਏ ਤਾਂ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਗਿਆ ਤੇ ਕੈਂਪ 'ਚੋਂ ਬਾਹਰ ਚਲੇ ਜਾਣ ਲਈ ਕਿਹਾ ਗਿਆ।ਉਸ ਦਾ ਕਹਿਣਾ ਹੈ ਕਿ ਇਸ ਸਬੰਧੀ ਬੀ ਐੱਸ ਐੱਫ ਦੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਨ ਦੇ ਬਾਵਜੂਦ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

ਇਸ ਮੌਕੇ ਜਸਵੰਤ ਸਿੰਘ, ਬਲਵੰਤ ਸਿੰਘ, ਸੁਰਜੀਤ ਸਿੰਘ, ਪੱਪੂ ਸਿੰਘ, ਗੁਰਨਾਮ ਸਿੰਘ, ਮਹਿੰਦਰ ਸਿੰਘ, ਸੋਮਾ ਬਾਈ, ਬਲਵੀਰੋ ਬਾਈ, ਜੀਤੋ ਬਾਈ ਤੇ ਹੋਰ ਹਾਜ਼ਰ ਸਨ।ਜਦੋਂ ਇਸ ਸਬੰਧੀ ਬੀ ਐੱਸ ਐੱਫ ਦੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ।

## ਸਿਹਤ ਵਿਭਾਗ ਦੀ ਟੀਮ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਦਾ ਦੌਰਾ ਸਿਰਫ ਖਾਨਾਪੂਰਤੀ : ਆਗੂ

**ਬਰੇਟਾ (ਰੀਤਵਾਲ)**-ਇਲਾਕੇ ਦੀਆਂ ਜਨਤਕ ਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸਿਹਤ ਸਹੂਲਤਾਂ ਦਾ ਮੁਲਾਂਕਣ ਕਰਨ ਲਈ ਰਾਜ ਪੱਧਰੀ ਟੀਮ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਬਰੇਟਾ ਦਾ ਦੌਰਾ ਕੀਤਾ ਗਿਆ।ਇਸ ਦੌਰੇ ਨੂੰ ਸਿਹਤ ਵਿਭਾਗ ਦੀ ਖਾਨਾਪੂਰਤੀ ਦੱਸਿਆ ਗਿਆ।ਇਹ ਵਿਚਾਰ ਪ੍ਰਗਟ ਕਰਦਿਆਂ ਦਸੌਂਧਾ ਸਿੰਘ ਬਹਾਦਰਪੁਰ, ਪ੍ਰਗਟ ਸਿੰਘ ਬਹਾਦਰਪੁਰ, ਚਰਨਜੀਤ ਸਿੰਘ ਖਾਲਸਾ ਬਹਾਦਰਪੁਰ, ਕਰਨ ਸਿੰਘ ਬਹਾਦਰਪੁਰ, ਸੰਜੀਵ ਗੋਇਲ ਬਰੇਟਾ, ਗੁਰਤੇਜ ਸਿੰਘ ਸੇਖੂਪੁਰ ਖੁਡਾਲ ਨੇ ਦੱਸਿਆ ਕਿ ਇਸ ਹਸਪਤਾਲ ਵਿੱਚ ਘਾਟਾਂ ਦਾ ਇਲਾਕੇ ਦੇ ਲੋਕਾਂ ਤੋਂ ਪਤਾ ਲੱਗਦਾ ਹੈ ਨਾ ਕਿ ਹਸਪਤਾਲ ਦੇ ਸਟਾਫ ਤੋਂ।ਨਾ ਹੀ ਪੰਜਾਬ ਪੱਧਰੀ ਟੀਮ ਵੱਲੋਂ ਇਲਾਕੇ ਦੀਆਂ ਜਨਤਕ ਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਸੂਚਨਾ ਦਿੱਤੀ ਗਈ।ਹਸਪਤਾਲ ਦੀਆਂ ਮੁਸ਼ਕਲਾਂ ਸੰਬੰਧੀ ਪਹਿਲਾਂ ਹੀ ਪੰਜਾਬ ਦੇ ਮੁੱਖ ਮੰਤਰੀ ਤੇ ਸਿਹਤ ਮੰਤਰੀ ਦੇ ਮੰਗ ਪੱਤਰ ਭੇਜੇ ਜਾ ਚੁੱਕੇ ਹਨ।

ਟੀਮ ਵੱਲੋਂ ਲੇਬਰ ਰੂਮ, ਓ. ਪੀ. ਡੀ., ਜੱਚਾ-ਬੱਚਾ, ਮੈਡੀਸ਼ਨ ਓ.ਪੀ.ਡੀ. ਮਾਈਕਰੋਬਾਇਲੋਜੀ ਲੈਬ, ਮਲੇਰੀਆ ਲੈਬ, ਦਵਾਈਆਂ ਦੀ ਫਾਰਮੇਸੀ, ਟੀਕਾਕਰਨ ਕੇਂਦਰ, ਰਜਿਸਟਰੇਸ਼ਨ ਕਾਊਂਟਰ ਵਿਖੇ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ ਗਿਆ।ਟੀਮ ਨੇ ਇਨ੍ਹਾਂ ਵਿੱਚ ਰਹੀਆਂ ਘਾਟਾਂ ਦਾ ਪ੍ਰੈੱਸ ਵਿੱਚ ਜ਼ਿਕਰ ਨਹੀਂ ਕੀਤਾ ਨਾ ਹੀ ਟੀਮ ਨੇ ਹਸਪਤਾਲ ਵਿੱਚ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਮਨਜ਼ੂਰਸ਼ੁਦਾ ਆਸਾਮੀਆਂ ਦਾ ਜ਼ਿਕਰ ਕੀਤਾ ਕਿ ਇਨ੍ਹਾਂ ਵਿੱਚੋਂ ਕਿੰਨੀਆਂ ਆਸਾਮੀਆਂ ਖਾਲੀ ਹਨ।ਉਪਰੋਕਤ ਆਗੂਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕਰਦਿਆਂ ਕਿਹਾ ਕਿ ਜੇਕਰ ਹਸਪਤਾਲ ਦੀਆਂ ਘਾਟਾਂ ਨੂੰ ਦੂਰ ਨਾ ਕੀਤਾ ਗਿਆ ਤਾਂ ਝੋਨੇ ਦੀ ਲਵਾਈ ਤੋਂ ਬਾਅਦ ਇਲਾਕੇ ਦਾ ਜਨਤਕ ਸੰਘਰਸ਼ ਕੀਤਾ ਜਾਵੇ।

# ਕੈਬਨਿਟ ਮੰਤਰੀ ਨੇ 13 ਸ਼ਹੀਦ ਕਿਸਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਦਿੱਤੇ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ

**ਸੰਗਰੂਰ (ਪ੍ਰਵੀਨ ਸਿੰਘ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤੇ ਹਲਕਾ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਵੱਲੋਂ ਸਥਾਨਕ ਪੀ.ਡਬਲਿਯੂ.ਡੀ. ਰੈਸਟ ਹਾਊਸ ਵਿਖੇ ਆਪਣੇ ਹਲਕੇ ਨਾਲ ਸਬੰਧਤ 13 ਸ਼ਹੀਦ ਕਿਸਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਦਿੱਤੇ।ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਤੇ ਖੇਤੀਬਾੜੀ ਇਸ ਦਾ ਧੁਰਾ ਹੈ ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕਿਸਾਨੀ ਲਈ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਕਿਸਾਨਾਂ ਵੱਲੋਂ ਸ਼ਾਂਤਮਈ ਅੰਦੋਲਨ ਜ਼ਰੀਏ ਡੱਟ ਕੇ ਜ਼ਬਰ ਦਾ ਮੁਕਾਬਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਲੰਬੇ ਅੰਦੋਲਨ ਵਿੱਚ ਕਈ ਕਿਸਾਨਾਂ ਨੂੰ ਆਪਣੀਆਂ ਜਾਨਾਂ ਵੀ ਗਵਾਉਣੀਆਂ ਪਈਆਂ ਤੇ ਆਪਣੇ ਵਾਅਦੇ ਮੁਤਾਬਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਨ੍ਹਾਂ ਪੀੜਤ ਪਰਵਾਰਾਂ ਦੀ ਬਾਂਹ ਫੜ ਰਹੀ ਹੈ।ਕੈਬਨਿਟ



ਮੰਤਰੀ ਨੇ ਕਿਹਾ ਕਿ ਸਮੁੱਚੇ ਪੰਜਾਬ ਵਿੱਚ ਸੈਂਕੜੇ ਸ਼ਹੀਦ ਪਰਵਾਰਾਂ ਨੂੰ ਮਾਨ ਸਰਕਾਰ ਵੱਲੋਂ ਨੌਕਰੀ ਦਿੱਤੀ ਜਾ ਚੁੱਕੀ ਹੈ ਤੇ ਬਕਾਇਆ ਰਹਿੰਦੇ ਪਰਵਾਰਾਂ ਨੂੰ ਵੀ ਜਲਦ ਲੋੜੀਂਦੀ ਪੜਤਾਲ ਪੂਰੀ ਕਰਵਾ ਕੇ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਰ ਕਿਸਾਨ ਤੇ ਹਰ ਮਜ਼ਦੂਰ ਦੀ ਆਪਣੀ ਸਰਕਾਰ ਹੈ ਅਤੇ ਉਨ੍ਹਾਂ ਵੱਲੋਂ ਸੂਬੇ ਦੇ ਲੋੜਵੰਦਾਂ ਦੀ ਹਰ ਸੰਭਵ ਮਦਦ ਯਕੀਨੀ ਬਣਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਹੀ ਸੂਬੇ ਵਿੱਚ ਪਹਿਲੀ ਵਾਰ ਭਲਾਈ ਸਕੀਮਾਂ ਦਾ ਲਾਭ ਅਸਲ ਲੋੜਵੰਦਾਂ ਤੱਕ ਪਹੁੰਚਾਉਣ ਦਾ ਬੀੜਾ ਚੁੱਕਿਆ ਗਿਆ ਹੈ ਤੇ ਰਿਸ਼ਵਤਖੋਰੀ ਨੂੰ ਪੂਰੀ ਸਖਤੀ ਨਾਲ ਨੱਥ ਪਾਈ ਗਈ ਹੈ।ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਹਲਕੇ ਦੀ ਤਰੱਕੀ ਲਈ ਲਗਾਤਾਰ ਲੋੜੀਂਦੇ ਫ਼ੰਡ ਜਾਰੀ ਕੀਤੇ ਜਾ ਰਹੇ ਹਨ ਤੇ ਸਰਕਾਰ ਦੇ ਇੱਕ-ਇੱਕ ਪੈਸੇ ਨਾਲ ਚਿਰਸਥਾਈ ਵਿਕਾਸ ਪ੍ਰੋਜੈਕਟ ਤਿਆਰ ਕਰਵਾਉਣੇ ਯਕੀਨੀ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਉਹ ਸੁਨਾਮ ਹਲਕੇ ਦੇ ਲੋਕਾਂ ਨਾਲ ਕੀਤੇ ਹਰ ਇੱਕ ਵਾਅਦੇ ਨੂੰ ਪੂਰਾ ਕਰਨਾ ਯਕੀਨੀ ਬਣਾਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸ.ਡੀ.ਐੱਮ. ਸੰਗਰੂਰ ਚਰਨਜੋਤ ਸਿੰਘ ਵਾਲੀਆ, ਐੱਸ.ਡੀ.ਐੱਮ. ਸੁਨਾਮ ਉਧਮ ਸਿੰਘ ਵਾਲਾ ਪ੍ਰਮੋਦ ਸਿੰਗਲਾ ਤੇ ਤਹਿਸੀਲਦਾਰ ਸੁਰਿੰਦਰਪਾਲ ਸਿੰਘ ਪੰਨੂੰ ਵੀ ਹਾਜ਼ਰ ਸਨ।

## ਕਾਤਰਾਂ

### ਧਰਤੀ ਹੇਠਲਾ ਪਾਣੀ ਬਚਾਉਣ ਲਈ ਵਿਚਾਰਾਂ ਹੋਈਆਂ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਬਲਾਕ ਬੋਹਾ ਦੀ ਮੀਟਿੰਗ ਨਵਾਂ ਗੁਰਦਵਾਰਾ ਸਾਹਿਬ ਬੋਹਾ ਵਿਖੇ ਬਲਾਕ ਦੇ ਮੀਤ ਪ੍ਰਧਾਨ ਬਾਦਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਪਰਸੋਤਮ ਸਿੰਘ ਗਿੱਲ ਬਾਬਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਧਰਤੀ ਹੇਠਲਾ ਪਾਣੀ ਬਚਾਉਣ ਲਈ ਇਹ ਯਕੀਨੀ ਬਣਾਵੇ ਕਿ ਨਹਿਰੀ ਪਾਣੀ ਟੇਲ 'ਤੇ ਪੈਂਦੇ ਪਿੰਡਾ ਤੱਕ ਵੀ ਲਾਜ਼ਮੀ ਤੌਰ 'ਤੇ ਪੁੱਜੇ।ਉਨ੍ਹਾਂ ਕਿਸਾਨੀ ਕਰਜ਼ੇ ਮੁਆਫ਼ ਕਰਨ ਤੇ ਸਾਰੀਆਂ ਫ਼ਸਲਾਂ ਤੇ ਐਮਐਸਪੀ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਰਾਜ ਤੇ ਕੇਂਦਰ ਸਰਕਾਰ ਕਿਸਾਨਾਂ ਦੀਆਂ ਵੋਟਾਂ ਲੈਣ ਲਈ ਤਾਂ ਉਨ੍ਹਾਂ ਦੇ ਸਾਰੀਆਂ ਮੰਗਾਂ ਪੂਰੀਆਂ ਕਰਨ ਸਬੰਧੀ ਵੱਡੇ-ਵੱਡੇ ਵਾਅਦੇ ਕਰਦੀ ਹੈ, ਪਰ ਰਾਜ ਸੱਤਾ ਹਾਸਲ ਕਰਨ ਤੋਂ ਬਾਅਦ ਉਸ ਨੂੰ ਇਕ ਵੀ ਵਾਅਦਾ ਯਾਦ ਨਹੀਂ ਰਹਿੰਦਾ।

### ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਨੇ ਲਵਾਇਆ ਕੈਨੇਡਾ ਦਾ ਵੀਜ਼ਾ



**ਬਾਘਾਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ 'ਚ ਸਥਿਤ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਆਈਲਟਸ ਤੇ ਇਮੀਗ੍ਰੇਸ਼ਨ ਦੇ ਖੇਤਰ ਵਿੱਚ ਸੇਵਾਵਾਂ ਨਿਭਾ ਰਹੀ ਹੈ।ਸੰਸਥਾ ਦੇ ਹੈੱਡ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਆਪਣੀ ਲੜੀ ਨੂੰ ਜਾਰੀ ਰੱਖਦਿਆਂ ਇਸ ਵਾਰ ਗੁਰਬਾਨੀ ਜੈਦਕਾ ਵਾਸੀ ਬਾਘਾ ਪੁਰਾਣਾ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਲਗਵਾ ਕੇ ਦਿੱਤਾ ਹੈ।ਇਸ ਖੁਸ਼ੀ ਦੇ ਮੌਕੇ 'ਤੇ ਗੁਰਬਾਨੀ ਜੈਦਕਾ ਨੂੰ ਸੰਸਥਾ ਦੇ ਹੈੱਡ ਦੇਵਾਂਸ਼ ਗੋਇਲ ਨੇ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ।

### ਬਾਗਬਾਨੀ ਸਿਖਲਾਈ ਕੈਂਪ ਅੱਜ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਕਾਰਜਕਾਰੀ ਅਫਸਰ ਸਿਟਰਸ ਅਸਟੇਟ ਟਾਹਲੀਵਾਲਾ ਜੱਟਾਂ ਡਾ. ਜਤਿੰਦਰ ਸਿੰਘ ਸੰਧੂ ਨੇ ਦੱਸਿਆ ਕਿ 17 ਜੁਲਾਈ ਨੂੰ ਸਿਟਰਸ ਅਸਟੇਟ ਟਾਹਲੀਵਾਲਾ ਜੱਟਾਂ ਵਿਖੇ ਇੱਕ ਬਾਗਬਾਨੀ ਸਿਖਲਾਈ ਕੈਂਪ ਲਾਇਆ ਜਾ ਰਿਹਾ ਹੈ।ਡਾ. ਸੰਧੂ ਨੇ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਲਾਕੇ ਵਿੱਚ ਬਾਗਬਾਨਾਂ ਨੂੰ ਬਹੁਤ ਸਮੱਸਿਆਵਾਂ ਪੇਸ਼ ਆ ਰਹੀਆਂ ਹਨ।ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਇਸ ਕੈਂਪ ਵਿੱਚ ਵੱਖ-ਵੱਖ ਵਿਸ਼ਿਆਂ ਦੇ ਮਾਹਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ।ਉਨ੍ਹਾਂ ਇਲਾਕੇ ਦੇ ਸਮੂਹ ਬਾਗਬਾਨਾਂ ਨੂੰ ਇਸ ਕੈਂਪ ਵਿੱਚ ਪਹੁੰਚਣ ਦੀ ਅਪੀਲ ਕੀਤੀ।

### ਸਿਹਤ ਵਿਭਾਗ ਵੱਲੋਂ ਡੇਂਗੂ ਦੇ ਲੱਛਣਾਂ ਤੇ ਬਚਾਅ ਸਬੰਧੀ ਕੈਂਪ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਲ ਸਰਜਨ ਫਾਜ਼ਿਲਕਾ ਡਾਕਟਰ ਚੰਦਰ ਸ਼ੇਖਰ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਸੁਨੀਤਾ ਕੰਬੋਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀ.ਐੱਚ.ਸੀ. ਡਬਵਾਲਾ ਕਲਾਂ ਦੇ ਕਾਰਜਕਾਰੀ ਐੱਸ ਐੱਮ ਓ ਡਾਕਟਰ ਪੰਕਜ ਚੌਹਾਨ ਦੀ ਯੋਗ ਅਗਵਾਈ ਹੇਠ ਸਬ ਸੈਂਟਰ ਕਰਨੀ ਖੇੜਾ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਮੌਕੇ ਸਿਹਤ ਕਰਮਚਾਰੀ ਸਤਵਿੰਦਰ ਸਿੰਘ ਮ.ਪ.ਹ.ਵ. (ਮੇਲ) ਨੇ ਇਕੱਠ ਨੂੰ ਡੇਂਗੂ ਬੁਖਾਰ ਦੇ ਲੱਛਣਾਂ ਤੇ ਬਚਾਅ ਬਾਰੇ ਜਾਣਕਾਰੀ ਦਿੱਤੀ।ਉਨ੍ਹਾ ਦੱਸਿਆ ਕਿ ਇਹ ਬੁਖਾਰ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ।ਇਸ ਮੌਕੇ ਲੋਕਾਂ ਨੂੰ ਘਰਾਂ ਅੰਦਰ ਸਾਫ ਪਾਣੀ ਨਾ ਖੜਾ ਹੋਣ ਦੇਣ ਬਾਰੇ ਜਾਗਰੂਕ ਕੀਤਾ ਗਿਆ।ਇਹ ਮੱਛਰ ਖੜੇ ਸਾਫ ਪਾਣੀ ਵਿੱਚ, ਫਰਿੱਜ ਦੀ ਟਰੇਅ, ਕੂਲਰ, ਪਾਣੀ ਦੀ ਟੈਂਕੀਆ, ਗਮਲਿਆਂ ਵਿੱਚ ਤੇ ਪੰਛੀਆਂ ਦੇ ਪੋਟ ਵਿੱਚ ਪੈਦਾ ਹੁੰਦਾ ਹੈ।ਡੇਂਗੂ ਬੁਖਾਰ ਦੇ ਲੱਛਣ ਜਿਵੇਂ ਤੇਜ਼ ਬੁਖਾਰ, ਸਿਰ ਦਰਦ, ਘਬਰਾਹਟ, ਉਲਟੀਆਂ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਪਲੇਟਲੈੱਟ ਸੈੱਲ ਘੱਟ ਜਾਣਾ, ਕਮਜ਼ੋਰੀ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਉਪਰ ਲਾਲ ਰੰਗ ਦੇ ਦਾਣੇ, ਹਾਲਤ ਖ਼ਰਾਬ ਹੋਣ ਦੀ ਸੂਰਤ ਵਿੱਚ ਨੱਕ ਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਆਦਿ ਹਨ। ਬੁਖਾਰ ਹੋਣ ਦੀ ਸੂਰਤ ਵਿੱਚ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ।ਮਰੀਜ਼ ਨੂੰ ਮੱਛਰ ਜਾਲੀ ਵਿੱਚ ਰਹਿਣਾ ਚਾਹੀਦਾ ਹੈ।ਡੇਂਗੂ ਬੁਖਾਰ ਦਾ ਟੈਸਟ ਤੇ ਇਲਾਜ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਦਰਦ ਰੋਕਣ ਲਈ ਬਰੂਫੇਨ, ਡਿਸਪ੍ਰੀਨ ਤੇ ਐਸਪਰਿਨ ਦੀ ਗੋਲੀ ਨਹੀਂ ਲੈਣੀ ਚਾਹੀਦੀ।ਇਸ ਮੌਕੇ ਡਾ. ਸੁਰਭੀ ਗਰਗ, ਫਾਰਮਾਸਿਸਟ ਪਵਨ ਕੁਮਾਰ, ਸਹਾਇਕ ਏਕਤਾ ਰਾਣੀ, ਸਿਮਰਨਜੀਤ ਕੌਰ ਏਐੱਨਐੱਮ ਤੇ ਪਿੰਡ ਵਾਸੀ ਹਾਜ਼ਰ ਸਨ।

# ਸੜਕ 'ਤੇ ਖੜੇ ਸੀਵਰੇਜ ਦੇ ਪਾਣੀ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ



**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ ਦੇ ਵਾਰਡ ਨੰਬਰ 9 ਮੁਹੱਲਾ ਧਰਮਪੁਰਾ ਰੋਡ 'ਤੇ ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਦੇ ਗੰਦੇ ਪਾਣੀ ਨੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ।ਝੀਲ ਦਾ ਰੂਪ ਧਾਰਨ ਕਰ ਚੁੱਕੀ ਸੜਕ ਤੋਂ ਪ੍ਰੇਸ਼ਾਨ ਲੋਕਾਂ 'ਚ ਸਰਕਾਰ ਤੇ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਮੁਹੱਲਾ ਵਾਸੀ ਲਾਲੀ ਸਿੰਘ ਤੇ ਜੱਗੀ ਸਿੰਘ ਨੇ ਦੱਸਿਆ ਕਿ ਸੀਵਰੇਜ ਦਾ ਇਹ ਗੰਦਾ ਪਾਣੀ ਝੀਲ ਦਾ ਰੂਪ ਧਾਰਨ ਕਰਕੇ ਖੜ੍ਹਾ ਹੋਣ ਕਾਰਨ ਜਿੱਥੇ ਲੋਕਾਂ ਨੂੰ ਇੱਥੋਂ ਲੰਘਣ 'ਚ ਮੁਸ਼ਕਲਾਂ ਦਾ ਸਹਾਮਣਾ ਕਰਨਾ ਪੈਂਦਾ ਹੈ, ਉਥੇ ਨਾਲ ਹੀ ਇਥੇ ਗੰਦੀ ਬਦਬੂ ਤੇ ਇਸ ਗੰਦੇ ਪਾਣੀ 'ਚ ਪੈਦਾ ਹੋਣ ਵਾਲੇ ਮੱਖੀਆਂ ਮੱਛਰ ਕਾਰਨ ਇਥੇ ਮਲੇਰੀਆ, ਡਾਇਰੀਆ, ਡੇਂਗੂ ਤੇ ਹੋਰ ਭਿਆਨਕ ਬੀਮਾਰੀਆਂ ਫੈਲਣ ਦਾ ਵੀ ਪੂਰਾ ਖਦਸ਼ਾ ਬਣਿਆ ਹੋਇਆ ਹੈ ਅਤੇ ਜੇਕਰ ਤੇਜ਼ ਬਾਰਸ਼ ਹੁੰਦੀ ਹੈ ਤਾਂ ਇਹ ਗੰਦਾ ਪਾਣੀ ਲੋਕਾਂ ਦੇ ਘਰਾਂ 'ਚ ਵੜਨ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਕਰੇਗਾ।ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ ਕਰੀਬ 5 ਮਹੀਨੇ ਤੋਂ ਮੁਹੱਲਾ ਵਾਸੀ ਤੇ ਰਾਹਗੀਰ ਇਸ ਸਮੱਸਿਆ ਨਾਲ ਜੂਝ ਰਹੇ ਹਨ, ਪਰ ਨਗਰ ਕੌਂਸਲ ਤੇ ਸੀਵਰੇਜ ਬੋਰਡ ਵੱਲੋਂ ਇਸ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਅਸੀਂ ਕਈ ਵਾਰ ਸੰਘਰਸ਼ ਕਰਨ ਦੇ ਨਾਲ ਨਾਲ ਨਗਰ ਕੌਂਸਲ ਨੂੰ ਲਿਖ਼ਤੀ ਰੂਪ 'ਚ ਪੱਤਰਾਂ ਰਾਹੀਂ ਇਸ ਦੇ ਹੱਲ ਲਈ ਮੰਗ ਕਰ ਚੁੱਕੇ ਹਾਂ, ਪਰ ਕਹਿਣਾ ਮੋੜਨਾ ਨ੍ਹੀਂ ਤੇ ਡੱਕਾ ਤੋੜਨਾ ਨ੍ਹੀਂ ਦੀ ਕਹਾਵਤ ਵਾਂਗ ਇਥੇ ਸਥਿਤੀ ਜਿਓਂ ਦੀ ਤਿਓਂ ਬਣੀ ਹੋਈ ਹੈ ਅਤੇ ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਜਦ ਇਸ ਸਬੰਧੀ ਸੀਵਰੇਜ ਵਿਭਾਗ ਦੇ ਜੇ ਈ ਰਮਨੀਕ ਗਰਗ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਜਲਦ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾ ਰਿਹਾ ਹੈ।

# 41 ਕੁਇੰਟਲ ਭੁੱਕੀ ਨਾਲ ਲੱਦੇ ਟਰੱਕ ਸਮੇਤ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ੍ਰੀ ਦੀਪਕ ਪਾਰੀਕ ਐੱਸ.ਐੱਸ.ਪੀ. ਬਠਿੰਡਾ ਦੀ ਰਹਿਨੁਮਾਈ ਹੇਠ ਤੇ ਸ੍ਰੀ ਅਜੈ ਗਾਂਧੀ ਐੱਸ.ਪੀ. ਡਿਟੈਕਟਿਵ ਬਠਿੰਡਾ, ਸ੍ਰੀ ਕੁਲਦੀਪ ਸਿੰਘ ਡੀ.ਐੱਸ.ਪੀ. ਸਿਟੀ-1 ਦੀ ਅਗਵਾਈ ਵਿੱਚ ਥਾਣਾ ਕੈਨਾਲ ਕਲੋਨੀ ਬਠਿੰਡਾ ਤੇ ਕਾਊਂਟਰ ਇੰਟੈਲੀਜੈਂਸ ਬਠਿੰਡਾ ਦੇ ਸਾਂਝੇ ਉਪਰੇਸ਼ਨ ਨੂੰ ਉਸ ਸਮੇਂ ਸਫਲਤਾ ਮਿਲੀ, ਜਦੋਂ ਮੁੱਖਬਰੀ ਦੇ ਅਧਾਰ 'ਤੇ ਰਿੰਗ ਰੋਡ ਬਠਿੰਡਾ 'ਤੇ ਇੱਕ ਟਰੱਕ ਦੀ ਸ਼ੱਕ ਦੀ ਬਿਨਾਹ 'ਤੇ ਚੈਕਿੰਗ ਕਰਨ ਉਪਰੰਤ 1 ਵਿਅਕਤੀ ਨੂੰ ਕਾਬੂ ਕਰਕੇ ਟਰੱਕ ਵਿੱਚੋਂ 210 ਗੱਟੇ ਭੁੱਕੀ (ਚੂਰਾ ਪੋਸਤ ਕੁੱਲ 41 ਕੁਇੰਟਲ) ਬਰਾਮਦ ਕਰਕੇ ਇੱਕ ਵੱਡੀ ਕਾਮਯਾਬੀ ਹਾਸਲ ਹੋਈ।ਸ੍ਰੀ ਦੀਪਕ ਪਾਰੀਕ ਐੱਸ.ਐੱਸ.ਪੀ. ਬਠਿੰਡਾ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਬਠਿੰਡਾ ਪੁਲਸ ਤੇ ਕਾਊਂਟਰ ਇੰਟੈਲੀਜੈਂਸ ਬਠਿੰਡਾ ਦੇ ਸਾਂਝੇ ਓਪਰੇਸ਼ਨ ਦੌਰਾਨ ਮੁਖਬਰੀ ਦੇ ਅਧਾਰ



'ਤੇ ਇੱਕ ਟਰੱਕ ਨੰਬਰੀ ਐੱਲ ਐੱਲ 01-ਏ.ਬੀ-0377 ਦੀ ਰਿੰਗ ਰੋਡ ਬਠਿੰਡਾ 'ਤੇ ਮੌਜੂਦ ਪੁਲਸ ਪਾਰਟੀ ਵੱਲੋਂ ਚੈਕਿੰਗ ਦੌਰਾਨ 210 ਗੱਟੇ ਭੁੱਕੀ, ਜਿਸ ਦੀ ਕੁੱਲ ਮਾਤਰਾ 41 ਕੁਇੰਟਲ ਸੀ, ਬਰਾਮਦ ਕਰਕੇ ਇੱਕ ਮੁਲਜ਼ਮ, ਜਿਸ ਦੀ ਪਛਾਣ ਸੰਦੀਪ ਸਿੰਘ ਉਰਫ ਕਾਕਾ ਪੁੱਤਰ ਨਰਿੰਦਰ ਸਿੰਘ ਵਾਸੀ ਰਾਏਪੁਰ ਰਾਈਆਂ ਜ਼ਿਲ੍ਹਾ ਜਲੰਧਰ ਵਜੋਂ ਹੋਈ ਹੈ, ਜਿਸ ਖਿਲਾਫ ਮੁਕੱਦਮਾ ਨੰਬਰ 118 ਮਿਤੀ 15.07.2024 ਅ/ਧ 15ਸੀ/61/85 ਐੱਨ.ਡੀ.ਪੀ.ਐੱਸ. ਐਕਟ ਥਾਣਾ ਕੈਨਾਲ ਕਾਲੋਨੀ ਬਠਿੰਡਾ ਦਰਜ ਕੀਤਾ ਗਿਆ।ਉਕਤ ਮੁਲਜ਼ਮ ਪ੍ਰਤਾਪਗੜ੍ਹ (ਮੱਧ ਪ੍ਰਦੇਸ਼) ਤੋਂ ਇਹ ਭੁੱਕੀ ਲੈ ਕੇ ਆਇਆ ਸੀ ਤੇ ਜ਼ਿਲ੍ਹਾ ਮੋਗਾ, ਜਲੰਧਰ, ਕਪੂਰਥਲਾ ਅੱਗੇ ਸਪਲਾਈ ਕਰਨਾ ਸੀ।ਉਕਤ ਮੁਲਜ਼ਮ ਦੇ ਬੈਕਵਰਡ ਤੇ ਫਾਰਵਰਡ ਲਿੰਕਾਂ ਬਾਰੇ ਪੜਤਾਲ ਚੱਲ ਰਹੀ ਹੈ।ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਪੁੱਛਗਿੱਛ ਦੌਰਾਨ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਕੁੰਡਲ 'ਚ ਕੈਂਪ ਭਲਕੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਦੀਆਂ ਸੱਮਸਿਆਵਾਂ ਨੂੰ ਬਿਨਾਂ ਕਿਸੇ ਖਜਲ-ਖੁਆਰੀ ਦੇ ਹੱਲ ਕਰਨ ਲਈ ਲੜੀਵਾਰ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ 18 ਜੁਲਾਈ ਨੂੰ ਪਿੰਡ ਕੁੰਡਲ ਦੇ ਸ੍ਰੀ ਗੁਰਦੁਆਰਾ ਸਾਹਿਬ ਵਿਖੇ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਕੈਂਪ ਲਗਾਇਆ ਜਾ ਰਿਹਾ ਹੈ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦਿੱਤੀ।ਉਨ੍ਹਾ ਦੱਸਿਆ ਕਿ ਕੈਂਪ ਵਿਖੇ ਪਿੰਡ ਕੁੰਡਲ ਤੇ ਗੋਬਿੰਦਗੜ੍ਹ ਦੇ ਵਸਨੀਕ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਪਹੁੰਚ ਕਰ ਸਕਦੇ ਹਨ।ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗੇਗਾ।ਕੈਂਪ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਇੰਤਕਾਲ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਸਿਹਤ ਵਿਭਾਗ ਨਾਲ ਸਬੰਧਤ ਕੰਮ ਦੀਆਂ ਸੁਵਿਧਾਵਾਂ ਦਿੱਤੀਆਂ ਜਾਣਗੀਆਂ।ਇਸ ਤੋਂ ਇਲਾਵਾ ਸੇਵਾ ਕੇਂਦਰ ਨਾਲ ਸੰਬਧਤ ਰੈਜ਼ੀਡੈਂਸ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਬੁਢਾਪਾ ਪੈਨਸ਼ਨ, ਜਨਮ ਸਰਟੀਫਿਕੇਟ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

# ਤਰੱਕੀਆਂ ਦੇ ਨਾਂਅ 'ਤੇ ਮਾਸਟਰ ਕਾਡਰ ਨਾਲ ਕੋਝਾ ਮਜ਼ਾਕ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**-ਹਾਲ ਹੀ ਵਿੱਚ ਲੋਕ ਸਭਾ ਚੋਣਾਂ ਵਿੱਚ ਆਪਣੀ ਹਾਰ ਤੋਂ ਬੁਖਲਾਈ ਪੰਜਾਬ ਦੀ ਮੌਜੂਦਾ ਆਪ ਸਰਕਾਰ ਵੱਲੋਂ ਕਾਹਲੀ ਵਿੱਚ ਕੀਤੀਆਂ ਗਈਆਂ ਤਰੱਕੀਆਂ ਮਾਸਟਰ ਕਾਡਰ ਲਈ ਕੋਝਾ ਮਜ਼ਾਕ ਸਾਬਿਤ ਹੋ ਗਈ ਹੈ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਲੰਬੇ ਅਰਸੇ ਤੋਂ ਸਿੱਖਿਆ ਵਿਭਾਗ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਦੀਆਂ ਖਾਮੀਆਂ ਨੂੰ ਦੂਰ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ।ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਵੱਲੋਂ ਇਸ ਸੰਜੀਦਾ ਮੁੱਦੇ 'ਤੇ ਗੈਰ-ਸੰਜੀਦਗੀ ਦਿਖਾਈ ਜਾ ਰਹੀ ਹੈ, ਜਿਸ ਦਾ ਨਤੀਜਾ ਸਮੁੱਚੇ ਅਧਿਆਪਕ ਵਰਗ ਨੂੰ ਭੁਗਤਣਾ ਪੈ ਰਿਹਾ ਹੈ, ਜਿਸ ਦੀ ਮਿਸਾਲ ਹਾਲ ਹੀ ਵਿੱਚ ਜਾਰੀ ਕੀਤੀ ਗਈ ਪਦ-ਉੱਨਤੀਆਂ ਦੀ ਸੂਚੀ ਤੋਂ ਸਹਿਜੇ ਹੀ ਦੇਖੀ ਜਾ ਸਕਦੀ ਹੈ।ਆਗੂਆਂ ਨੇ ਕਿਹਾ ਸੀਨੀਆਰਤਾ ਸੂਚੀ ਵਿਚਲੀਆਂ ਖਾਮੀਆਂ ਕਾਰਨ ਕਾਹਲੀ ਵਿੱਚ ਜਾਰੀ ਕੀਤੀ ਗਈ ਪਦ-ਉੱਨਤੀਆਂ ਦੀ ਸੂਚੀ ਵਿੱਚ ਅਨੇਕਾਂ ਯੋਗ ਅਧਿਆਪਕ ਤਰੱਕੀਆਂ ਤੋਂ ਵਾਂਝੇ ਰਹਿ

**■ ਸੀਨੀਆਰਤਾ ਸੂਚੀ ਦੀ ਸੁਧਾਈ ਕਰਨ 'ਚ ਸਰਕਾਰ ਫੇਲ੍ਹ**

ਗਏ ਹਨ।ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ 29 ਮਈ ਨੂੰ ਤਿੰਨ ਭਾਗਾਂ ਤੇ 13 ਉਪਭਾਗਾਂ ਵਿੱਚ ਜਾਰੀ ਕੀਤੀ ਗਈ ਸੀਨੀਆਰਤਾ ਸੂਚੀ ਵਿੱਚੋਂ ਆਪਣਾ ਨਾਂ ਲੱਭਣਾ ਹੀ ਅਧਿਆਪਕਾਂ ਲਈ ਸਿਰ ਦਰਦੀ ਦਾ ਕਾਰਨ ਬਣਿਆ ਰਿਹਾ।ਫਿਰ ਇਸੇ ਅਧੂਰੀ ਸੂਚੀ ਦੇ ਅਧਾਰ 'ਤੇ ਜਿੰਨੀ ਕਾਹਲੀ ਵਿੱਚ ਲੈਫਟ ਆਊਟ ਕੇਸਾਂ ਦੀ ਮੰਗ ਕੀਤੀ ਗਈ, ਉਨੀ ਹੀ ਕਾਹਲੀ ਵਿੱਚ ਪਦ-ਉੱਨਤੀਆਂ ਦੀ ਸੂਚੀ ਜਾਰੀ ਕਰ ਦਿੱਤੀ ਗਈ। ਜਦੋਂ ਤਰੱਕੀਆਂ ਤੋਂ ਵਾਂਝੇ ਰਹਿ ਗਏ ਯੋਗ ਅਧਿਆਪਕਾਂ ਵੱਲੋਂ ਇਸ ਸੂਚੀ 'ਤੇ ਇਤਰਾਜ਼ ਪ੍ਰਗਟਾਏ ਗਏ ਤਾਂ ਸਿੱਖਿਆ ਮੰਤਰੀ ਵੱਲੋਂ ਪਹਿਲਾਂ ਤਾਂ ਬੀਤੇ ਦਿਨ ਸਟੇਸ਼ਨ ਚੋਣ ਨੂੰ ਮੁਲਤਵੀ ਕਰ ਦਿੱਤਾ ਗਿਆ, ਫਿਰ ਅੱਜ ਇਸ ਸੂਚੀ ਨੂੰ ਹੀ ਰੱਦ ਕਰ ਦਿੱਤਾ ਗਿਆ।ਸਰਕਾਰ ਦੀ ਇਸ ਕਾਰਵਾਈ ਕਾਰਣ ਅਧਿਆਪਕ ਵਰਗ ਵਿੱਚ ਨਮੋਸ਼ੀ ਤੇ ਨਿਰਾਸ਼ਤਾ ਪਾਈ ਜਾ ਰਹੀ ਹੈ।ਇਸ ਸਬੰਧੀ ਜਥੇਬੰਦਕ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬਿਨਾਂ ਛਾਣ-ਬੀਣ ਦੇ ਬਿਨਾਂ ਸਿਰ-ਪੈਰ ਤਰੱਕੀਆਂ ਕਰਨ ਵਾਲੇ ਮਹਿਕਮੇ ਦੇ ਉੱਚ ਅਧਿਕਾਰੀਆਂ ਖ਼ਿਲਾਫ਼ ਤੁਰੰਤ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਮੰਗ ਕੀਤੀ ਕਿ ਹਰ ਕਾਡਰ ਵਿੱਚ ਹਰ ਸਾਲ ਤਰੱਕੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਹਰ ਅਧਿਆਪਕ ਨੂੰ ਸਮੇਂ ਸਿਰ ਮੌਕੇ ਉਪਲਬਧ ਹੋ ਸਕਣ। ਉਨ੍ਹਾਂ ਸਖ਼ਤ ਇਤਰਾਜ਼ ਕਰਦਿਆਂ ਕਿਹਾ ਕਿ ਸਿੱਖਿਆ ਵਿਭਾਗ ਤੇ ਸਰਕਾਰ ਦੀ ਨਾਕਾਮੀ ਕਾਰਨ ਹਰ ਸਾਲ ਅਨੇਕਾਂ ਅਧਿਆਪਕ ਤਰੱਕੀਆਂ ਨੂੰ ਉਡੀਕਦੇ ਸੇਵਾ ਮੁਕਤ ਹੋ ਜਾਂਦੇ ਹਨ।ਇਸ ਮੌਕੇ ਨਵਜੋਸ਼ ਸਪੋਲੀਆ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਸੁਖਵਿੰਦਰ ਗਾਮੀਵਾਲਾ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਇਕਜੁੱਟ ਹੋ ਕੇ ਮਾਰੇ ਜਾਣ ਹੰਭਲੇ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਡਿਪਟੀ ਕਮਿਸ਼ਨਰ ਸ੍ਰ. ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਲਤੀਫ਼ ਅਹਿਮਦ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨਕੋਆਰਡ) ਕਮੇਟੀ ਦੀ ਮੀਟਿੰਗ ਹੋਈ।ਇਸ ਦੌਰਾਨ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਮੁਕੰਮਲ ਖਾਤਮੇ ਦੇ ਮੱਦੇਨਜ਼ਰ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਾਂਝੀਆਂ ਕਮੇਟੀਆਂ ਬਣਾ ਕੇ ਲਗਾਤਾਰ ਹੰਭਲੇ ਮਾਰਨੇ ਜਾਰੀ ਰੱਖੇ ਜਾਣ।ਬੈਠਕ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਜ਼ਿਲ੍ਹੇ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਇਸ ਦੇ ਮਾੜੇ ਦੁਰਪ੍ਰਭਾਵਾਂ ਬਾਰੇ ਜਿੱਥੇ ਅਧਿਕਾਰੀਆਂ ਕੋਲੋਂ ਕੀਤੇ ਜਾ ਰਹੇ ਕਾਰਜਾਂ ਦੀ ਸਮੀਖਿਆ ਕੀਤੀ, ਉੱਥੇ ਹੀ ਉਨ੍ਹਾਂ ਅਧਿਕਾਰੀਆਂ ਕੋਲੋਂ ਨਸ਼ੇ ਦੇ ਖਾਤਮੇ ਲਈ

**■ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਕਰਾਇਆ ਜਾਵੇ ਜਾਣੂ**



ਲੋੜੀਂਦੇ ਸੁਝਾਅ ਵੀ ਲਏ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਕੋਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸਕੂਲਾਂ/ਕਾਲਜਾਂ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰਦਿਆਂ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਸਕੂਲਾਂ/ਕਾਲਜਾਂ 'ਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ।ਉਨ੍ਹਾ ਦੱਸਿਆ ਕਿ ਪੁਲਸ ਵੱਲੋਂ ਟੋਲ ਫ਼ਰੀ/ਵਟਸਐਪ ਨੰਬਰ 91155-02252 ਚਲਾਇਆ ਜਾ ਰਿਹਾ ਹੈ, ਜਿਸ 'ਤੇ ਆਮ ਲੋਕ ਨਸ਼ੇ ਦੇ ਸੌਦਾਗਰ ਦੀ ਸੂਚਨਾ ਦੇਣ ਲਈ ਸੰਪਰਕ ਕਰ ਸਕਦੇ ਹਨ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਨਾਮ ਗੁਪਤ ਰੱਖਿਆ ਜਾਂਦਾ ਹੈ।ਇਸ ਮੌਕੇ ਪੁਲਸ ਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਭੌੜੇ ਸਾਈਫਨ ਦੀ ਸਫਾਈ ਸੰਬੰਧੀ ਮੁੱਖ ਮੰਤਰੀ ਦੇ ਆਦੇਸ਼ਾਂ ਨੂੰ ਟਿੱਚ ਸਮਝ ਰਹੇ ਨੇ ਅਧਿਕਾਰੀ ਤੇ ਠੇਕੇਦਾਰ!

**ਨਾਭਾ (ਵਰਿੰਦਰ ਵਰਮਾ)**

ਨਾਭਾ ਨੇੜਲੇ ਦਰਜਨਾਂ ਪਿੰਡ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਬਰਸਾਤਾਂ ਪੈਣ ਕਾਰਨ ਹੜ੍ਹਾਂ ਦੀ ਮਾਰ ਕਾਰਨ ਸਰਹੰਦ ਚੋਇਆ ਅਤੇ ਭੌੜੇ ਸਾਈਫਨ ਦੀ ਸਹੀ ਢੰਗ ਨਾਲ ਸਫਾਈ ਨਾ ਹੋਣ ਕਾਰਨ ਲੱਖਾਂ ਏਕੜ ਫ਼ਸਲ ਤਬਾਹ ਹੋਣ ਨਾਲ ਵੱਡਾ ਨੁਕਸਾਨ ਝੱਲਦੇ ਆ ਰਹੇ ਹਨ, ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਵੱਲੋਂ ਪਿਛਲੇ ਸਾਲ ਹੋਏ ਹੜ੍ਹਾਂ ਕਾਰਨ ਹੋਏ ਨੁਕਸਾਨ ਨੂੰ ਦੇਖਦੇ ਹੋਏ ਇਸ ਸਾਲ ਹੜ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨ ਲਈ ਸਬੰਧਤ ਵਿਭਾਗਾਂ ਨੂੰ ਬੜੇ ਸਖਤ ਢੰਗ ਨਾਲ ਦਿਸ਼ਾ ਦੇ ਨਿਰਦੇਸ਼ ਦਿੱਤੇ ਗਏ ਹਨ ਕਿ ਬਰਸਾਤੀ ਨਾਲਿਆਂ ਤੇ ਚੋਇਆਂ ਦੀ ਛੇਤੀ ਤੋਂ ਛੇਤੀ ਪੂਰੀ ਤਰ੍ਹਾਂ ਨਾਲ ਸਫਾਈ ਕੀਤੀ ਜਾਵੇ, ਪ੍ਰੰਤੂ ਨਾਭਾ ਨੇੜਲੇ ਸਰਹੰਦ ਚੋਇਆ ਤੇ ਭੌੜੇ ਸਾਈਫ਼ਨ ਦੇ ਨਾਲ ਲੱਗਦੇ ਦਰਜਨਾਂ ਪਿੰਡਾਂ ਦੇ ਲੋਕਾਂ ਵੱਲੋਂ ਬੜੇ ਲੰਬੇ ਸਮੇਂ ਤੋਂ ਸਰਹੰਦ ਚੋਇਆ ਤੇ ਸਾਈਫ਼ਨ ਦੀ ਸਫਾਈ ਨੂੰ ਲੈ ਕੇ ਮੰਗ ਕਰਦੇ ਆ ਰਹੇ ਹਨ, ਪ੍ਰੰਤੂ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਤੇ ਠੇਕੇਦਾਰ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ

**■ ਹੜ੍ਹਾਂ ਦੀ ਮਾਰ ਝੱਲਣ ਵਾਲੇ ਦਰਜਨਾਂ ਪਿੰਡਾਂ ਦੇ ਕਿਸਾਨਾਂ ਵੱਲੋਂ ਵੱਡੇ ਸੰਘਰਸ਼ ਦੀ ਚੇਤਾਵਨੀ**



ਕਰਨ ਦੀ ਬਜਾਏ ਉਨ੍ਹਾਂ ਨੂੰ ਟਿੱਚ ਸਮਝਿਆ ਜਾ ਰਿਹਾ ਹੈ।ਅੱਕੇ ਹੋਏ ਦਰਜਨਾਂ ਪਿੰਡਾਂ ਦੇ ਕਿਸਾਨਾਂ ਵੱਲੋਂ ਇਕੱਠੇ ਹੋ ਸਾਈਫਨ ਤੇ ਚੋਇਆ ਦੀ ਸਫਾਈ ਨੂੰ ਲੈ ਕੇ ਪ੍ਰਸ਼ਾਸਨ ਤੇ ਠੇਕੇਦਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਉਨ੍ਹਾਂ ਕਿਹਾ ਕਿ ਪਿਛਲੇ ਇੱਕ ਮਹੀਨੇ ਤੋਂ ਅਸੀਂ ਸਫਾਈ ਨੂੰ ਲੈ ਕੇ ਪੈਰਵਾਈ ਕਰਦੇ ਆ ਰਹੇ ਹਾਂ, ਪ੍ਰੰਤੂ ਠੇਕੇਦਾਰ ਵੱਲੋਂ ਡਰੇਨ ਤੇ ਮਾਈਨਿੰਗ ਵਿਭਾਗ ਦੇ ਅਫਸਰਾਂ ਦੀ ਮਿਲੀਭੁਗਤ ਨਾਲ ਸਫਾਈ ਕਰਨ ਦੀ ਬਜਾਏ ਸਿਰਫ ਖਾਨਾਪੂਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਸਬੰਧੀ ਮਾਨਯੋਗ ਡੀ ਸੀ ਪਟਿਆਲਾ ਤੇ ਐੱਸ.ਡੀ.ਐੱਮ. ਨਾਭਾ ਨੂੰ ਵੀ ਮਿਲ ਚੁੱਕੇ ਹਾਂ, ਉਨ੍ਹਾਂ ਵੱਲੋਂ ਕਹਿਣ ਦੇ ਬਾਵਜੂਦ ਠੇਕੇਦਾਰ ਵੱਲੋਂ ਸਫਾਈ ਨਾ ਕਰਨ ਲਈ ਕੋਈ ਨਾ ਕੋਈ ਬਹਾਨੇਬਾਜ਼ੀ ਕੀਤੀ ਜਾ ਰਹੀ ਹੈ। ਪਿੰਡਾਂ ਦੇ ਕਿਸਾਨਾਂ ਨੇ ਸਾਂਝੇ ਰੂਪ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸੰਬੰਧਤ ਵਿਭਾਗ ਤੇ ਠੇਕੇਦਾਰ ਵੱਲੋਂ ਸਾਈਫਨ ਦੀ ਸਫਾਈ ਨੂੰ ਲੈ ਕੇ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਪਿੰਡਾਂ ਦੇ ਲੋਕਾਂ ਵੱਲੋਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੂੰ ਨਾਲ ਲੈ ਕੇ ਵੱਡੇ ਤੌਰ 'ਤੇ ਸੰਘਰਸ਼ ਵਿੱਢਿਆ ਜਾਵੇਗਾ, ਸੜਕਾਂ 'ਤੇ ਧਰਨੇ ਲਾ ਕੇ ਚੱਕਾ ਜਾਮ ਕੀਤਾ ਜਾਵੇਗਾ ਤੇ ਅਫਸਰਸ਼ਾਹੀ ਦੇ ਘਰਾਂ ਨੂੰ ਵੀ ਘੇਰਿਆ ਜਾਵੇਗਾ।ਇਸ ਮੌਕੇ ਬਲਦੇਵ ਸਿੰਘ ਕੋਟਲੀ, ਕਮਲਜੀਤ ਸਿੰਘ ਬਿਰੜਵਾਲ, ਬਲਵੀਰ ਸਿੰਘ ਕੋਟਲੀ, ਮਨਜੀਤ ਸਿੰਘ ਖੋਖ, ਬਲਤੇਜ ਸਿੰਘ ਖੋਖ, ਕੁਲਦੀਪ ਸਿੰਘ ਬਿਰੜਵਾਲ, ਧਰਮਿੰਦਰ ਸਿੰਘ ਭੋਜੋ ਮਾਜਰੀ, ਵਿਕਰਮਜੀਤ ਸਿੰਘ ਗੋਬਿੰਦਗੜ੍ਹ ਛੰਨਾ, ਜਗਦੇਵ ਸਿੰਘ ਜੱਗੀ ਕੋਟਲੀ, ਧਰਮ ਸਿੰਘ ਪਹਿਲਵਾਨ ਬਿਰੜਵਾਲ, ਸੁਖਦੇਵ ਸਿੰਘ ਕੋਟਲੀ, ਗੁਰਮੀਤ ਸਿੰਘ ਕੋਟਲੀ, ਨਰਿੰਦਰ ਸਿੰਘ ਨਹਿਲ ਗੋਬਿੰਦਗੜ੍ਹ ਛੰਨਾ, ਅਵਤਾਰ ਸਿੰਘ ਖੋਖ, ਸੁਖਬੀਰ ਸਿੰਘ ਬਿੱਲੂ ਨੰਬਰਦਾਰ ਖੋਖ, ਨਿਰਮਲ ਸਿੰਘ ਕਾਲਾ ਜੈਲਦਾਰ ਖੋਖ, ਰਾਮ ਚਰਨ ਕੋਟਲੀ, ਰਾਮੇਸ਼ ਕੁਮਾਰ ਨੰਬਰਦਾਰ, ਨਵਲ ਕੁਮਾਰ, ਮਾਸਟਰ ਸੁਖਵਿੰਦਰ ਸਿੰਘ ਸੁੱਖੀ ਕੋਟਲੀ, ਹਰਵਿੰਦਰ ਸਿੰਘ ਖੋਖ, ਬਿੰਦਰ ਸਿੰਘ ਖੋਖ, ਗੁਰਮੀਤ ਸਿੰਘ ਲੁਬਾਣਾ, ਮਲਕੀਤ ਸਿੰਘ ਬਿਰੜਵਾਲ ਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਸਪਾਰਕਲਿੰਗ ਕਿਡਜ਼ ਸਕੂਲ ਵੱਲੋਂ ਵਿਦਿਆਰਥੀ ਲੀਡਰ ਚੋਣ ਸਮਾਗਮ




**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਪਾਰਕਲਿੰਗ ਕਿਡਜ਼ ਦਾ ਫਾਊਂਡੇਸ਼ਨ ਸਕੂਲ ਪਾਤੜਾਂ ਦਾ ਅਕਾਦਮਿਕ ਸੈਸ਼ਨ 2024-2025 ਦਾ ਵਿਦਿਆਰਥੀ ਲੀਡਰ ਚੋਣ ਸਮਾਰੋਹ ਸਕੂਲ ਵਿੱਚ ਬਹੁਤ ਹੀ ਧੂਮਧਾਮ ਤੇ ਸ਼ਾਨ ਨਾਲ ਕਰਵਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਸਕੂਲ ਪ੍ਰਿੰਸੀਪਲ ਦੁਆਰਾ ਕੀਤੀ ਗਈ।ਸਮਾਗਮ ਦੀ ਸ਼ੁਰੂਆਤ ਨਵੇਂ ਬਣੇ ਲੀਡਰਾਂ ਨੂੰ ਬੈਚ ਦੇਣ ਤੋਂ ਹੋਈ।ਚੁਣੇ ਗਏ ਆਗੂਆਂ ਨੇ ਸੁੰਹ ਚੁੱਕਦੇ ਹੋਏ ਆਪਣੇ ਅਹੁਦੇ 'ਤੇ ਇਮਾਨਦਾਰੀ ਨਾਲ ਕੰਮ ਕਰਨ ਦਾ ਪ੍ਰਣ ਲਿਆ।ਸਕੂਲ ਦੇ ਪ੍ਰਿੰਸੀਪਲ ਮੈਡਮ ਹਰਮਨਦੀਪ ਕੌਰ ਹਰੀਕਾ ਆਪਣੇ ਭਾਸ਼ਣ ਦੁਆਰਾ ਉਤਸਾਹਨ ਤੇ ਇਮਾਨਦਾਰੀ ਦੀ ਨਸੀਹਤ ਦਿੱਤੀ।ਵਿਦਿਆਰਥੀ ਕੌਂਸਲ ਨੇ ਸਕੂਲ ਦੇ ਮਾਟੋ 'ਰੌਸ਼ਨੀਆਂ ਦਾ ਚਾਨਣ ਫੈਲਾਉਣਾ' ਨੂੰ ਉੱਚੇ ਸਥਾਨ 'ਤੇ ਪਹੁੰਚਾਣ ਦੀ ਸੁੰਹ ਲਈ।ਪ੍ਰਿੰਸੀਪਲ ਹਰੀਕਾ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਆਪਣੇ ਫਰਜ਼ਾਂ ਨੂੰ ਨਿਰਪੱਖ ਤੇ ਇਮਾਨਦਾਰੀ ਨਾਲ ਨਿਭਾਉਣ ਦੀ ਸਲਾਹ ਦਿੱਤੀ।ਸਕੂਲ ਦੇ ਵਾਈਸ ਪ੍ਰਿੰਸੀਪਲ ਨੇ ਨਵ-ਨਿਯੁਕਤ ਸਕੂਲ ਕੌਂਸਲ ਨੂੰ ਕਦਰਾਂ-ਕੀਮਤਾਂ ਤੇ ਗੁਣਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ।ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਗਾਇਨ ਨਾਲ ਹੋਈ।

## ਚੇਅਰਮੈਨ ਸੁਰਿੰਦਰ ਸ਼ਰਮਾ ਨੇ ਸੈਂਕੜੇ ਪੌਦੇ ਲਾ ਕੇ ਮਨਾਇਆ ਜਨਮ ਦਿਨ



**ਨਾਭਾ (ਵਰਿੰਦਰ ਵਰਮਾ)**-ਇੰਪਰੂਵਮੈਂਟ ਟਰੱਸਟ ਨਾਭਾ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਸੈਂਕੜੇ ਪੌਦੇ ਲਗਾ ਕੇ ਆਪਣਾ ਜਨਮ ਦਿਨ ਮਨਾਇਆ।ਇਸ ਮੌਕੇ ਉਨ੍ਹਾਂ ਦੀ ਸਪੁਤਨੀ ਮੈਡਮ ਚੰਦਰ ਕਾਂਤਾ ਸ਼ਰਮਾ ਵੀ ਮੌਜੂਦ ਸਨ। ਇਸ ਮੌਕੇ ਸੁਰਿੰਦਰ ਪਾਲ ਸ਼ਰਮਾ ਨੇ ਆਪਣੇ ਜਨਮ ਦਿਨ ਮੌਕੇ ਤੇ ਵਣ ਮਹਾਂਉਤਸਵ ਮੌਕੇ ਪੰਜਾਬ ਰਾਜ ਬਿਜਲੀ ਬੋਰਡ ਦੇ ਸ਼ਹਿਰੀ ਦਫਤਰ ਵਿਖੇ ਸੈਂਕੜੇ ਹਵਾਦਾਰ ਤੇ ਫ਼ਲਦਾਰ ਪੌਦੇ ਲਗਾਏ ਗਏ।ਦੱਸਣਯੋਗ ਹੈ ਕਿ ਅੱਜ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਆਪਣੇ ਜਨਮ ਦਿਨ ਮੌਕੇ ਵਾਤਾਵਰਨ ਦੀ ਸ਼ੁੱਧਤਾ ਲਈ ਇਹ ਉਪਰਾਲਾ ਕੀਤਾ ਹੈ।ਇਸ ਮੌਕੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਸਲਮ ਏਰੀਏ ਦੇ ਬੱਚਿਆਂ ਨਾਲ ਕੇਕ ਕੱਟ ਕੇ ਤੇ ਬੱਚਿਆਂ ਨੂੰ ਸਟੇਸ਼ਨਰੀ ਵੰਡ ਕੇ ਖ਼ੁਸ਼ੀ ਜ਼ਾਹਰ ਕੀਤੀ ਤੇ ਬੱਚਿਆਂ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਪ੍ਰੇਰਿਤ ਕੀਤਾ ਗਿਆ।ਪੌਦੇ ਲਗਾਉਣ ਉਪਰੰਤ ਸੁਰਿੰਦਰ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਸ਼ਵ ਵਾਤਾਵਰਨ ਦਿਵਸ ਇਸ ਮਕਸਦ ਨਾਲ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ ਜਾ ਸਕੇ ਅਤੇ ਇਸ ਧਰਤੀ ਨੂੰ ਪ੍ਰਦੂਸ਼ਣ ਮੁਕਤ ਰੱਖਿਆ ਜਾ ਸਕੇ।ਇਸ ਮੌਕੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਦੀ ਸੁਪਤਨੀ ਮੈਡਮ ਚੰਦਰ ਕਾਂਤਾ ਸ਼ਰਮਾ ਨੇ ਕਿਹਾ ਕਿ ਇਸ ਸਮੇਂ ਸੰਸਾਰ ਵਿੱਚ ਪੀਣ ਵਾਲੇ ਪਾਣੀ ਦੀ ਆ ਰਹੀ ਕਿੱਲਤ, ਗਲੇਸ਼ੀਅਰਾਂ ਦਾ ਪਿਘਲਣਾ, ਸਮੁੰਦਰਾਂ ਦਾ ਸੁੱਕਣਾ, ਰੁੱਖਾਂ/ਜੰਗਲਾਂ ਦੀ ਕਟਾਈ, ਗਰਮੀ ਦਾ ਵਧਣਾ, ਪ੍ਰਦੂਸ਼ਣ ਦਾ ਵਧਣਾ ਆਦਿ ਸਾਰੇ ਜੀਵ ਜੰਤੂਆਂ ਤੇ ਮਨੁੱਖੀ ਜੀਵਨ ਲਈ ਹਾਨੀਕਾਰਕ ਹਨ।ਇਸ ਮੌਕੇ ਜੇ ਈ ਗੁਰਪ੍ਰੀਤ ਸਿੰਘ ਪੰਧੇਰ, ਜੇ ਈ ਰਾਜਵੀਰ ਸਿੰਘ, ਜੇ ਈ ਸਤਪਾਲ ਸਿੰਘ, ਜੇ ਈ ਨਰਿੰਦਰ ਸਿੰਘ, ਹਰਵੀਰ ਸਿੰਘ ਚੀਂਡਸਾ, ਬਲਾਕ ਅਫਸਰ ਪ੍ਰਦੀਪ ਸ਼ਰਮਾ, ਡਾ. ਧੀਰ ਸਿੰਘ, ਰਣਜੀਤ ਜੱਜ, ਮੋਹਨ ਨਾਭਾ ਆਦਿ ਹਾਜ਼ਰ ਸਨ।

# ਧਰਤੀ ਹੇਠਲਾ ਪਾਣੀ ਬਚਾਉਣ ਲਈ ਸਰਕਾਰ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਏ : ਦੌਲਤਪੁਰਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਮੁੱਖ ਦਫ਼ਤਰ ਪਿੰਡ ਦੁੱਨੇਕੇ ਮੋਗਾ ਵਿੱਖੇ ਹੋਈ, ਜਿਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸਮੂਹ ਸੂਬਾ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਘੱਲ ਕਲਾਂ, ਸੂਰਤ ਸਿੰਘ ਕਾਦਰ ਵਾਲਾ, ਜਰਨੈਲ ਸਿੰਘ ਤਖਾਣ ਵੱਧ, ਪ੍ਰੀਤਮ ਸਿੰਘ ਬਰਾੜ ਬਾਘਾ ਪੁਰਾਣਾ, ਮੁਖਤਿਆਰ ਸਿੰਘ ਦੀਨਾ ਸਾਹਿਬ, ਯੂਨੀਅਨ ਦੇ ਸਮੂਹ ਅਹੁਦੇਦਾਰ ਐਗਜ਼ੈਕਟਿਵ ਮੈਂਬਰ ਤੇ ਸਾਰੇ ਬਲਾਕ ਪ੍ਰਧਾਨ, ਜ਼ਿਲ੍ਹਾ ਮੀਡੀਆ ਇੰਚਾਰਜ ਬੀਕੇਯੂ ਲੱਖੋਵਾਲ ਬਲਕਰਨ ਸਿੰਘ ਢਿੱਲੋਂ ਸ਼ਾਮਲ ਹੋਏ। ਮੀਟਿੰਗ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਘੱਲ ਕਲਾਂ ਤੇ ਜ਼ਿਲ੍ਹਾ ਜਰਨਲ ਸਕੱਤਰ ਰਵਿੰਦਰ ਸਿੰਘ ਭੋਲਾ ਨੇ ਕਿਹਾ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਦਿਨ ਪ੍ਰਤੀ ਦਿਨ ਘੱਟਦਾ ਜਾ ਰਿਹਾ ਹੈ, ਜਿਸ ਰਫ਼ਤਾਰ ਨਾਲ ਪਾਣੀ ਥੱਲੇ ਜਾ ਰਿਹਾ ਹੈ, ਇਹ ਸਾਰੇ ਪੰਜਾਬ ਵਾਸੀਆਂ ਲਈ ਖ਼ਤਰੇ ਵਾਲੀ ਘੰਟੀ ਹੈ। ਧਰਤੀ ਹੇਠਲਾ ਪਾਣੀ ਬਚਾਉਣ ਲਈ ਹੁਣੇ ਤੋਂ ਹੀ ਉਪਰਾਲੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਪੰਜਾਬ ਸਰਕਾਰ ਤੇ ਉਸ ਦਾ ਨਹਿਰੀ



ਵਿਭਾਗ ਜੇਕਰ ਘੱਟ ਰਹੇ ਪਾਣੀ ਪ੍ਰਤੀ ਥੋੜ੍ਹਾ ਜਿਹਾ ਵੀ ਸੁਹਿਰਦ ਹੈ ਤਾਂ ਸਰਕਾਰ ਨੂੰ ਪੂਰੀ ਵਿਉਂਤਬੰਦੀ ਨਾਲ ਨਹਿਰੀ ਪਾਣੀ ਪੰਜਾਬ ਦੇ ਹਰ ਖੇਤ ਤੱਕ ਪਹੁੰਚਾਉਣਾ ਚਾਹੀਦਾ ਹੈ, ਕਿਉਂਕਿ ਸਾਡਾ ਮੋਗਾ ਜ਼ਿਲ੍ਹਾ 20 ਫ਼ੀਸਦੀ ਰਕਬਾ ਨਹਿਰੀ ਪਾਣੀ ਤੇ 80 ਫ਼ੀਸਦੀ ਰਕਬਾ ਟਿਊਬਵੈਲ ਨਾਲ ਸਿੰਜਿਆ ਜਾਂਦਾ ਹੈ, ਇਸ ਲਈ ਜੇਕਰ ਹਰ ਖੇਤ ਤਕ ਨਹਿਰੀ ਪਾਣੀ ਪਹੁੰਚੇਗਾ ਤਾਂ ਕਿਸਾਨ ਅਪਣੇ ਆਪ ਇਹ ਹੀ ਨਿਹਰੀ ਪਾਣੀ ਫਸਲਾਂ ਦੀ ਸਿੰਚਾਈ ਲਈ ਵਰਤੇਗਾ। ਮੋਟਰਾਂ ਰਾਹੀਂ ਧਰਤੀ ਹੇਠਲਾ ਪਾਣੀ ਕੱਢਣ 'ਤੇ ਨਿਰਭਰਤਾ ਘੱਟ ਜਾਵੇਗੀ। ਦੂਸਰਾ ਉਨ੍ਹਾਂ ਕਿਹਾ ਕਿ ਹਰ ਵਾਰ ਕਿਸਾਨਾਂ ਨੂੰ ਹੀ ਧਰਤੀ ਦਾ ਪਾਣੀ ਬਰਬਾਦ ਕਰਨ ਲਈ ਦੋਸ਼ੀ ਦਰਸਾਇਆ ਜਾਂਦਾ ਹੈ, ਜਦਕਿ ਅਸਲੀਅਤ ਵਿੱਚ ਰੰਗਾਈ ਮਿੱਲਾਂ, ਕੋਲਡ ਡਰਿੰਕ, ਲੋਹਾ ਤੇ ਬੀਅਰ ਬਣਾਉਣ ਵਾਲੀਆਂ ਅਨੇਕਾਂ ਫੈਕਟਰੀਆਂ ਦਿਨ-ਰਾਤ ਧਰਤੀ ਹੇਠਲਾ ਪਾਣੀ ਵਰਤ ਰਹੀਆਂ ਹਨ, ਜਦਕਿ ਕਿਸਾਨ ਤਾਂ ਕੁਝ ਕੁ ਮਹੀਨੇ ਹੀ ਪਾਣੀ ਆਪਣੀਆਂ ਫਸਲਾਂ ਨੂੰ ਲਾਉਂਦਾ ਹੈ, ਦੂਸਰਾ ਪ੍ਰਦੂਸ਼ਣ ਕੰਟਰੋਲ ਬੋਰਡ, ਜਿਸ ਨੇ ਪੰਜਾਬ ਦਾ ਹਵਾ ਪਾਣੀ ਬਚਾਉਣਾ ਹੈ, ਪਰ ਉਹ ਫੈਕਟਰੀ ਮਾਲਕਾਂ ਦੀ ਮਿਲੀਭੁਗਤ ਨਾਲ ਬਿਨਾਂ ਸੋਧਿਆ ਪਾਣੀ ਧਰਤੀ ਵਿੱਚ ਸੁੱਟਵਾ ਰਿਹਾ ਹੈ। ਦਿਨ-ਰਾਤ ਇਹ ਕੈਮੀਕਲ ਵਾਲਾ ਪਾਣੀ ਪੰਜਾਬ ਦਾ ਸਾਫ ਪਾਣੀ ਖ਼ਰਾਬ ਕਰ ਰਿਹਾ ਹੈ ਤੇ ਸਰਕਾਰ ਦਾ ਇਹ ਮਹਿਕਮਾ ਨਿਰਾ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਲੱਖਾਂ ਕਿਊਬਿਕ ਪਾਣੀ ਰਾਜਸਥਾਨ ਬਿਨਾਂ ਕੋਈ ਰੋਇਲਟੀ ਦਿੱਤੇ ਵਰਤ ਰਿਹਾ ਹੈ।

ਉਨ੍ਹਾਂ ਕਿਹਾ ਕਿ ਜੋ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਡੀ.ਏ.ਪੀ. ਖਾਦ ਦੇ ਜੋ ਨਮੂਨੇ ਫੇਲ੍ਹ ਹੋਏ ਹਨ, ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਨਮੂਨੇ ਫੇਲ੍ਹ ਹੋਣ ਵਿੱਚ ਜਿਹਾ ਉਨ੍ਹਾਂ ਕਿਹਾ ਕਿ ਜੋ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਡੀ.ਏ.ਪੀ. ਖਾਦ ਦੇ ਜੋ ਨਮੂਨੇ ਫੇਲ੍ਹ ਹੋਏ ਹਨ, ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਨਮੂਨੇ ਫੇਲ੍ਹ ਹੋਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੀ ਬਰਾਬਰ ਦਾ ਭਾਗੀਦਾਰ ਹੈ, ਇਨ੍ਹਾਂ ਲੋਕਾਂ 'ਤੇ ਸਖਤ ਕਾਰਵਾਈ ਕੀਤੀ ਜਾਵੇ।

# ਪ੍ਰੀਗਾਬਾਲਿਨ ਕੈਪਸੂਲ ਤੇ ਗੋਲੀ 'ਤੇ ਮੁਕੰਮਲ ਪਾਬੰਦੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-75 ਐੱਮ.ਜੀ ਤੋਂ ਉਪਰ ਫਾਰਮੂਲੇਸ਼ਨ ਵਾਲੀ ਪ੍ਰੀਗਾਬਾਲਿਨ ਕੈਪਸੂਲ ਅਤੇ ਟੈਬਲੇਟ ਤੇ ਜ਼ਿਲ੍ਹੇ ਵਿੱਚ ਮੁਕੰਮਲ ਤੌਰ 'ਤੇ ਪਾਬੰਦੀ ਲਾਉਂਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਕੁਝ ਮਾੜੇ ਅਨਸਰਾਂ ਵੱਲੋਂ ਇਸ ਦਵਾਈ ਦਾ ਨਸ਼ੇ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ, ਜਿਸ ਕਾਰਨ ਇਸ ਦੀ ਵਿਕਰੀ 'ਤੇ ਪਾਬੰਦੀ ਲਾਈ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨ ਹਿੱਤ ਕੋਡ ਆਫ ਕ੍ਰਿਮੀਨਲ ਪ੍ਰੋਸੀਜਰ 1973 ਦੇ ਸੈਕਸ਼ਨ 144 ਤਹਿਤ ਇਸ ਦਵਾਈ (ਪ੍ਰੀਗਾਬਾਲਿਨ 75 ਐੱਮ.ਜੀ ਤੋਂ ਵੱਧ) ਤੇ ਮੁਕੰਮਲ ਪਾਬੰਦੀ ਲਾਈ ਜਾਂਦੀ ਹੈ।ਇਨ੍ਹਾਂ ਹੁਕਮਾਂ ਅਨੁਸਾਰ ਵਿੱਚ ਹੋਲਸੇਲਰ, ਰਿਟੇਲਰ, ਕੈਮਿਸਟ, ਮੈਡੀਕਲ ਸਟੋਰ ਮਾਲਕ, ਹਸਪਤਾਲ ਵਿੱਚ ਫਾਰਮਸਿਸਟ ਅਤੇ ਹੋਰ ਕੋਈ ਵੀ ਵਿਅਕਤੀ ਪ੍ਰੀਗਾਬਾਲਿਨ 75 ਐੱਮ.ਜੀ ਵੀ ਬਿਨਾਂ ਅਸਲ ਪਰਚੀ ਦੇ ਨਹੀਂ ਵੇਚੇਗਾ।ਇਸ ਤੋਂ ਇਲਾਵਾ ਹੁਕਮਾਂ ਅਨੁਸਾਰ ਵੇਚਣ ਵਾਲੇ ਇਸ ਗੱਲ ਨੂੰ ਵੀ ਯਕੀਨੀ ਬਣਾਉਣਗੇ ਕਿ ਪ੍ਰੀਗਾਬਾਲਿਨ 75 ਐੱਮ.ਜੀ ਤੱਕ ਵੇਚੀ ਗਈ ਗੋਲੀ ਤੇ ਕੈਪਸੂਲ ਦਾ ਰਿਕਾਰਡ ਵੀ ਰੱਖਣਗੇ ਅਤੇ ਖਰੀਦ ਅਤੇ ਵੇਚ ਦਾ ਬਿੱਲ ਰੱਖਣਾ ਯਕੀਨੀ ਬਣਾਉਣਗੇ।ਅਸਲ ਪਰਚੀ ਦੇ ਉਪਰ ਸਟੈਂਪ ਸਮੇਤ ਇਨ੍ਹਾਂ ਚੀਜ਼ਾਂ ਨੂੰ ਵੀ ਯਕੀਨੀ ਬਣਾਉਣਗੇ ਜਿਵੇਂ ਕੈਮਿਸਟ/ਰਿਟੇਲਰ/ਟਰੇਡ ਦਾ ਨਾਂਅ, ਗੋਲੀਆਂ ਖਰੀਦਣ ਦੀ ਮਿਤੀ ਤੇ ਗੋਲੀਆਂ ਦੀ ਗਿਣਤੀ ਆਦਿ।ਇਨ੍ਹਾਂ ਹੁਕਮਾਂ ਮੁਤਾਬਕ ਹਰ ਹੋਲਸੇਲਰ/ਰਿਟੇਲਰ/ਕੈਮਿਸਟ, ਮੈਡੀਕਲ ਸਟੋਰ ਮਾਲਕ ਤੇ ਹਸਪਤਾਲ ਵਿੱਚ ਫਾਰਮਸਿਸਟ ਇਸ ਚੀਜ ਨੂੰ ਵੀ ਯਕੀਨੀ ਬਣਾਉਣਗੇ ਕਿ ਖਰੀਦ ਕਰਨ ਵਾਲੇ ਵੱਲੋਂ ਅਸਲ ਪਰਚੀ ਦੇ ਉਪਰ ਪਹਿਲਾਂ ਹੀ ਕਿਸੇ ਹੋਰ ਦੁਕਾਨ ਤੋਂ ਇਹ ਦਵਾਈ (ਪ੍ਰੀਗਾਬਾਲਿਨ) ਨਾ ਖਰੀਦੀ ਗਈ ਹੋਵੇ।ਵੇਚਣ ਵਾਲੇ ਇਹ ਵੀ ਯਕੀਨੀ ਬਣਾਉਣਗੇ ਕਿ ਪਰਚੀ ਵਿੱਚ ਦਰਜ ਦਿਨਾਂ ਤੋਂ ਵੱਧ ਗਾਹਕ ਨੂੰ ਦਵਾਈ ਨਾ ਮੁਹੱਈਆ ਕਰਵਾਈ ਜਾਵੇ।ਇਹ ਆਰਡਰ 28 ਅਗਸਤ ਤੱਕ ਲਾਗੂ ਰਹਿਣਗੇ।ਐਮਰਜੈਂਸੀ ਹਾਲਾਤ ਵਿੱਚ ਜਿਨ੍ਹਾਂ ਮਰੀਜ਼ਾਂ ਨੂੰ ਅਸਲ ਵਿੱਚ ਇਹ ਦਵਾਈ ਦੀ ਜ਼ਰੂਰਤ ਹੈ, ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਚਲਾਏ ਜਾ ਰਹੇ ਮੈਡੀਕਲ ਸਟੋਰਾਂ ਤੋਂ ਇਹ ਦਵਾਈ ਲੈਣ ਲਈ ਛੋਟ ਦਿੱਤੀ ਜਾਂਦੀ ਹੈ।ਹੁਕਮਾਂ ਵਿੱਚ ਸੈਕਟਰੀ ਰੈਡ ਕਰਾਸ ਨੂੰ ਇਸ ਦਵਾਈ ਦੇ ਵੇਚਣ ਸਬੰਧੀ ਰਿਕਾਰਡ ਨੂੰ ਰਖਵਾਉਣ ਲਈ ਪਾਬੰਦ ਕੀਤਾ ਗਿਆ ਹੈ।

17-JULY-PAGE-11-Majha-24.qxd 7/16/2024 10:52 PM Page 1



# ਸੰਯੁਕਤ ਕਿਸਾਨ ਮੋਰਚੇ ਵੱਲੋਂ ਭਰਵੀਂ ਮੀਟਿੰਗ, ਅਹਿਮ ਪ੍ਰੋਗਰਾਮ ਉਲੀਕੇ

### ਅੱਜ ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ ਨੂੰ ਦਿੱਤਾ ਜਾਵੇਗਾ ਮੰਗ ਪੱਤਰ : ਕੁਹਾੜ




**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਦੀ ਇੱਕ ਭਰਵੀਂ ਮੀਟਿੰਗ ਗੁਰਮੀਤ ਸਿੰਘ ਮਗਰਾਲਾ ਦੀ ਪ੍ਰਧਾਨਗੀ ਹੇਠ ਸ਼ਹੀਦ ਬਲਜੀਤ ਸਿੰਘ ਭਵਨ ਗੁਰਦਾਸਪੁਰ ਵਿਖੇ ਹੋਈ। ਮੀਟਿੰਗ ਵਿੱਚ ਕੁੱਲ ਹਿੰਦ ਐਸਕੇਐੱਮ ਦੇ ਪ੍ਰੋਗਰਾਮ ਲਾਗੂ ਕਰਨ ਹਿੱਤ ਵਿਚਾਰ ਕੀਤਾ ਗਿਆ। ਵਿਚਾਰ ਵਟਾਂਦਰੇ ਵਿੱਚ ਮੱਖਣ ਸਿੰਘ ਕੁਹਾੜ, ਰਾਜ ਗੁਰਵਿੰਦਰ ਸਿੰਘ ਲਾਡੀ, ਸਤਬੀਰ ਸਿੰਘ ਸੁਲਤਾਨੀ, ਸੁਖਦੇਵ ਸਿੰਘ ਭਾਗੋਕਾਵਾਂ, ਗੁਰਵਿੰਦਰ ਸਿੰਘ ਜੀਵਨ ਚੱਕ, ਬਲਬੀਰ ਸਿੰਘ ਕੱਤੋਵਾਲ, ਗੁਰਦੀਪ ਸਿੰਘ ਮੁਸਤਫਾਬਾਦ, ਅਜੀਤ ਸਿੰਘ ਹੁੰਦਲ, ਮੰਗਤ ਸਿੰਘ ਜੀਵਨ ਚੱਕ, ਅਸ਼ਵਨੀ ਕੁਮਾਰ ਲੱਖਣ ਕਲਾਂ, ਬਚਨ ਸਿੰਘ ਭੰਬੋਈ, ਰਘਬੀਰ ਸਿੰਘ ਚਾਹਲ, ਗੁਰਦੀਪ ਸਿੰਘ ਕਲੀਜਪੁਰ, ਬਲਬੀਰ ਸਿੰਘ ਬੈਂਸ, ਹੈੱਡਮਾਸਟਰ ਅਵਿਨਾਸ਼ ਸਿੰਘ, ਕਪੂਰ ਸਿੰਘ ਘੁੰਮਣ ਆਦਿ ਨੇ ਹਿੱਸਾ ਲਿਆ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਮੱਖਣ ਕੁਹਾੜ ਨੇ ਦੱਸਿਆ ਕਿ ਇਸ ਮੌਕੇ ਫੈਸਲਾ ਕੀਤਾ ਗਿਆ ਕਿ ਪਾਰਲੀਮੈਂਟ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਪਾਰਲੀਮੈਂਟ ਵਿੱਚ ਕਿਸਾਨਾਂ, ਮਜ਼ਦੂਰਾਂ ਦੀਆਂ ਮੰਗਾਂ ਬਾਰੇ ਗੱਲ ਕਰਨ ਲਈ 17 ਜੁਲਾਈ ਨੂੰ ਕਿਸਾਨੀ ਮੰਗਾਂ ਬਾਰੇ ਪੱਤਰ ਦਿੱਤਾ ਜਾਵੇਗਾ। ਇਸ ਉਪਰੰਤ 9 ਅਗਸਤ ਨੂੰ ਭਾਰਤ ਛੱਡੋ ਅੰਦੋਲਨ ਦੇ ਦਿਨ 'ਕਾਰਪੋਰੇਟ ਭਾਰਤ ਛੱਡੋ' ਦਿਹਾੜੇ ਤੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ 17 ਅਗਸਤ ਨੂੰ ਪਾਣੀ ਤੇ ਹੋਰ ਮਸਲਿਆਂ ਦੇ ਬਾਰੇ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਘਰ ਅੱਗੇ ਧਰਨਾ ਦਿੱਤਾ ਜਾਵੇਗਾ। ਦੀਨਾ ਨਗਰ ਦਾ ਰੇਲਵੇ ਪੁਲ ਨੂੰ ਚਾਲੂ ਕਰਾਉਣ ਲਈ ਉੱਥੇ ਬਣੀ ਸਥਾਨਕ ਕਮੇਟੀ ਨੂੰ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ ਅਤੇ ਲੋੜ ਪੈਣ 'ਤੇ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇਗਾ। ਬੀਕੇਯੂ ਕ੍ਰਾਂਤੀਕਾਰੀ ਦੇ ਆਗੂ ਰਾਜ ਗੁਰਵਿੰਦਰ ਸਿੰਘ ਲਾਡੀ ਦੇ ਜ਼ਮੀਨ ਦੇ ਮਸਲੇ ਬਾਰੇ ਇੱਕ ਸਬ ਕਮੇਟੀ ਬਣਾਈ ਜੋ 31 ਜੁਲਾਈ ਨੂੰ ਤਫਤੀਸ਼ ਕਰਕੇ ਐੱਸਕੇਐੱਮ ਨੂੰ ਆਪਣੀ ਰਿਪੋਰਟ ਦੇਵੇਗੀ, ਉਪਰੰਤ ਅਗਲੀ ਕਾਰਵਾਈ ਹੋਵੇਗੀ। ਇਸੇ ਤਰ੍ਹਾਂ ਹੋਰ ਕਈ ਮਸਲੇ ਵਿਚਾਰੇ ਗਏ। ਇਸ ਮੌਕੇ ਸਾਗਰ ਸਿੰਘ, ਗੁਰਦੀਪ ਸਿੰਘ ਬਹਿਰਾਮਪੁਰ, ਦਰਬਾਰਾ ਸਿੰਘ ਗਲੇਲੜਾ, ਚਰਨਜੀਤ ਸਿੰਘ ਗਲੇਲੜਾ, ਸਰੂਪ ਸਿੰਘ ਜੋਗੀ ਚੀਮਾ, ਲਖਵਿੰਦਰ ਸਿੰਘ ਪ੍ਰਤਾਪਗੜ੍ਹ, ਬਲਬੀਰ ਸਿੰਘ ਉੱਚਾ ਧਕਾਲਾ ਆਦਿ ਵੀ ਹਾਜ਼ਰ ਸਨ।

# ਪਾਹੜਾ ਨੂੰ ਜਾਂਦੀ ਸੜਕ ਥਾਂ-ਥਾਂ ਤੋਂ ਟੁੱਟੀ ਹੋਣ ਕਰਕੇ ਰਾਹਗੀਰ ਪ੍ਰੇਸ਼ਾਨ



ਗੁਰਦਾਸਪੁਰ (ਜਨਕ ਮਹਾਜਨ)-ਬਲਾਕ ਗੁਰਦਾਸਪੁਰ ਅੰਦਰ ਪੈਂਦੇ ਪਿੰਡ ਪਾਹੜਾ ਦੀ ਅੰਦਰ ਵਾਲੀ ਸੜਕ ਜੋ ਗਾਜ਼ੀਕੋਟ ਸੜਕ ਨੂੰ ਮਿਲਾਉਂਦੀ ਹੈ, ਦੀ ਹਾਲਤ ਕਾਫੀ ਖਿਸਤਾ ਹੋਈ ਪਈ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਜਦੋਂ ਦੀ ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਉਸਾਰੀ ਹੋ ਰਹੀ ਹੈ ਉਦੋਂ ਤੋਂ ਬਹੁਤ ਸਾਰੀ ਟਰੈਫਿਕ ਪਿੰਡ ਪਾਹੜਾ ਵੱਲੋਂ ਹੋ ਕੇ ਗੁਰਦਾਸਪੁਰ ਵੱਲ ਨੂੰ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸੜਕ ਦੇ ਵਿਚਕਾਰ ਟੋਏ ਹੋਣ ਕਰਕੇ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ। ਖਾਸ ਕਰਕੇ ਛੋਟੇ ਵਾਹਨ ਵਾਲੇ ਜਦੋਂ ਤੇਜ਼ ਰਫਤਾਰ ਪਿੰਡ ਵਿੱਚੋਂ ਨਿਕਲਦੇ ਹਨ ਤਾਂ ਹਰ ਵੇਲੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ।

ਉਨ੍ਹਾਂ ਦੱਸਿਆ ਕਿ ਇਹ ਮਾਮਲਾ ਸੰਬੰਧਿਤ ਵਿਭਾਗ ਦੇ ਧਿਆਨ ਹਿੱਤ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਜਲਦ ਹੀ ਸੜਕ ਦੀ ਮੁਰੰਮਤ ਕਰਵਾਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਨੇ ਹਲਕਾ ਵਿਧਾਇਕ ਪਾਸੋਂ ਮੰਗ ਕੀਤੀ ਹੈ ਕਿ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੂੰ ਹਦਾਇਤ ਕਰਕੇ ਸੜਕ ਦਾ ਪੈਚਵਰਕ ਕਰਵਾਇਆ ਜਾਵੇ ਜਿਸ ਨਾਲ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ।

# ਦਿਹਾਤੀ ਮਜ਼ਦੂਰ ਸਭਾ ਨੇ ਵਿਧਾਇਕ ਪੁਰੀ ਨੂੰ ਦਿੱਤਾ ਮੰਗ ਪੱਤਰ



ਪਠਾਨਕੋਟ (ਦਵਿੰਦਰ ਸਿੰਘ)-ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਸੱਦੇ ਉਤੇ ਮਜ਼ਦੂਰਾਂ ਦੀਆਂ ਮੁੱਖ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਨੂੰ ਮੰਤਰੀਆਂ ਅਤੇ ਵਿਧਾਇਕਾਂ ਰਾਹੀਂ ਮੰਗ ਪੱਤਰ ਭੇਜਣ ਦੇ ਉਲੀਕੇ ਪ੍ਰੋਗ੍ਰਾਮ ਤਹਿਤ ਦਿਹਾਤੀ ਮਜ਼ਦੂਰ ਸਭਾ ਜ਼ਿਲ੍ਹਾ ਪਠਾਨਕੋਟ ਦੇ ਕਨਵੀਨਰ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ ਅਤੇ ਪ੍ਰਵੀਨ ਕੁਮਾਰ ਬਮਿਆਲ ਦੀ ਅਗਵਾਈ 'ਚ ਡੈਪੂਟੇਸ਼ਨ ਨੇ ਸੁਜਾਨਪੁਰ ਹਲਕੇ ਦੇ ਵਿਧਾਇਕ ਨਰੇਸ਼ ਕੁਮਾਰ ਪੁਰੀ ਨੂੰ ਸੁਜਾਨਪੁਰ ਵਿਖੇ ਮੰਗ ਪੱਤਰ ਦੇ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਪੇਂਡੂ ਅਤੇ ਸ਼ਹਿਰੀ ਗਰੀਬ ਦਿਹਾੜੀਦਾਰ ਮਜ਼ਦੂਰਾਂ ਦੀਆਂ ਮੰਗਾਂ ਅਤੇ ਪੇਸ਼ ਆ ਰਹੀਆਂ ਮੁਸ਼ਕਲਾਂ ਦੂਰ ਕਰਨ ਲਈ ਪੰਜਾਬ ਅਸੈਂਬਲੀ ਵਿੱਚ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇ। ਜਾਣਕਾਰੀ ਦਿੰਦਿਆਂ ਕਾਮਰੇਡ ਅਜੀਤ ਰਾਮ ਗੰਦਲਾਂ ਲਾਹੜੀ ਅਤੇ ਪ੍ਰਵੀਨ ਕੁਮਾਰ ਬਮਿਆਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਮਜ਼ਦੂਰਾਂ ਨੂੰ ਮਨਰੇਗਾ ਤਹਿਤ ਸਾਰਾ ਸਾਲ ਕੰਮ ਦਿੱਤਾ ਜਾਵੇ ਤੇ ਦਿਹਾੜੀ ਘੱਟੋ-ਘੱਟ 700 ਰੁਪਏ ਨਿਸਚਿਤ ਕੀਤੀ ਜਾਵੇ ਅਤੇ ਸ਼ਹਿਰੀ ਖੇਤਰ ਵਿਚ ਵੀ ਮਨਰੇਗਾ ਸਕੀਮ ਲਾਗੂ ਕਰਕੇ ਸ਼ਹਿਰੀ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ, ਸਰਕਾਰੀ ਸਕੂਲਾਂ ਵਿਚ ਰੈਗੂਲਰ ਅਧਿਆਪਕਾਂ ਦੀ ਭਰਤੀ ਕਰਕੇ ਸਕੂਲਾਂ ਵਿਚ ਸੁਧਾਰ ਕੀਤਾ ਜਾਵੇ, ਲੋੜਵੰਦ ਗਰੀਬ ਲੋਕਾਂ ਦੇ ਨਵੇਂ ਰਾਸ਼ਨ ਕਾਰਡਾਂ ਬਣਾਏ ਜਾਣ ਤੇ ਰਹਿ ਗਏ ਮੈਂਬਰਾਂ ਦੇ ਨਾਮ ਸ਼ਾਮਲ ਕੀਤੇ ਜਾਣ, ਰਸੋਈ ਦੀਆਂ ਜ਼ਰੂਰੀ ਵਸਤਾਂ ਨੂੰ ਅੱਧੀ ਕੀਮਤ 'ਤੇ ਮਿਲਣਾ ਯਕੀਨੀ ਬਣਾਇਆ ਜਾਵੇ,

ਬੁਢਾਪਾ-ਅੰਗਹੀਣ ਤੇ ਵਿਧਵਾ ਪੈਨਸ਼ਨ ਵਾਅਦੇ ਮੁਤਾਬਕ 2500 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ, ਪੈਨਸ਼ਨ ਘੱਟੋ-ਘੱਟ 5000 ਰੁਪਏ ਨਿਸ਼ਚਿਤ ਕੀਤੀ ਜਾਵੇ ਅਤੇ ਉਮਰ ਹੱਦ ਪੁਰਸ਼ਾਂ ਲਈ 60 ਸਾਲ ਅਤੇ ਔਰਤਾਂ ਦੀ 58 ਸਾਲ ਕੀਤੀ ਜਾਵੇ ਆਦਿ ਮੰਗਾਂ ਮੰਗ ਪੱਤਰ ਵਿੱਚ ਸ਼ਾਮਲ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਯਸ਼ਪਾਲ, ਨਰੇਸ਼ ਕੁਮਾਰ, ਬਲਕਾਰ ਚੰਦ ਅਤੇ ਚੈਨ ਸਿੰਘ ਹਾਜ਼ਰ ਸਨ।

# ਸਰਹੱਦ 'ਤੇ ਬਣ ਰਹੇ ਕਮਿਊਨਿਟੀ ਸੈਨੀਟਰੀ ਕੰਪਲੈਕਸ ਦਾ ਡੀ ਸੀ ਨੇ ਲਿਆ ਜਾਇਜ਼ਾ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਭਾਰਤ ਪਾਕਿਸਤਾਨ ਸਰਹੱਦ ਉਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਅਤੇ ਉਥੇ ਦਿਨ-ਰਾਤ ਡਿਊਟੀ ਕਰਦੇ ਬੀਐੱਸਐੱਫ ਜਵਾਨਾਂ ਜਿਨ੍ਹਾਂ ਵਿੱਚ ਮਹਿਲਾ ਜਵਾਨ ਵੀ ਸ਼ਾਮਿਲ ਹਨ, ਦੀ ਸਹੂਲਤ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਕਮਿਊਨਿਟੀ ਸੈਂਟਰੀ ਕੰਪਲੈਕਸ ਤਿਆਰ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਖੁਦ ਮੌਕੇ ਉੱਤੇ ਪੁੱਜੇ। ਉਨ੍ਹਾਂ ਨੇ ਹੁਣ ਤੱਕ ਹੋਏ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਮੌਕੇ ਦੱਸਿਆ ਕਿ ਅਜਨਾਲਾ ਸਰਹੱਦੀ ਪੱਟੀ ਵਿੱਚ ਅਜਿਹੇ 18 ਕਮਿਊਨਿਟੀ ਸੈਨੀਟਰੀ ਕੰਪਲੈਕਸ ਬਣਾਏ ਜਾਣੇ ਹਨ ਜਿਨ੍ਹਾਂ ਵਿੱਚੋਂ 17 ਦਾ ਕੰਮ ਪੂਰਾ ਹੋ ਚੁੱਕਾ ਹੈ। ਉਨ੍ਹਾਂ ਨੇ ਦੱਸਿਆ ਕਿ ਅਕਸਰ ਇਹ ਸ਼ਿਕਾਇਤ ਰਹਿੰਦੀ ਸੀ ਕਿ ਸਰਹੱਦ ਤੋਂ ਪਾਰ ਖੇਤੀ ਕਰਨ ਗਏ ਕਿਸਾਨ ਅਤੇ ਡਿਊਟੀ ਕਰ ਰਹੇ ਜਵਾਨ ਤੇ ਮਹਿਲਾ ਕਰਮੀ ਦੀ ਸਹੂਲਤ ਲਈ ਉਥੇ ਸੈਨੀਟਰੀ ਸਹੂਲਤਾਂ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਇਸ ਮੰਗ ਨੂੰ ਦੇਖਦੇ ਹੋਏ ਬੀਐੱਸਐੱਫ ਅਤੇ ਲੋਕਲ ਪੰਚਾਇਤਾਂ ਨਾਲ ਸਲਾਹ ਕਰਕੇ 18 ਕਮਿਊਨਿਟੀ ਸੈਨੀਟਰੀ ਕੰਪਲੈਕਸ ਉਸਾਰੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਨੇ ਇਨ੍ਹਾਂ ਸਾਰੇ ਕੰਮਾਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਪਿੰਡ ਮੂਸਾ, ਛੰਨਾ, ਧਰਮ ਪ੍ਰਕਾਸ਼, ਪੰਜ ਗਰਾਈਂ, ਸਿੰਘੋ ਕੇ ਆਦਿ ਪਿੰਡਾਂ ਵਿੱਚ ਬਣੀਆਂ ਸਰਹੱਦੀ ਚੌਂਕੀਆਂ ਅਤੇ ਉਨ੍ਹਾਂ ਨੂੰ ਜਾਂਦੇ ਰਸਤਿਆਂ ਦਾ ਵੀ ਦੌਰਾ ਕੀਤਾ। ਉਨ੍ਹਾਂ ਨਾਲ ਇਸ ਮੌਕੇ ਐੱਸਡੀਐੱਮ ਰਵਿੰਦਰ ਪਾਲ ਸਿੰਘ, ਡੀਡੀਪੀਓ ਸੰਦੀਪ ਮਲਹੋਤਰਾ, ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ ਸੁਖਜੀਤ ਸਿੰਘ ਬਾਜਵਾ, ਬੀਐੱਸਐੱਫ ਅਧਿਕਾਰੀ ਪੀਕੇ ਦਿਵੇਦੀ, ਨੀਰਜ ਕੁਮਾਰ, ਡੀਐੱਸਪੀ ਰਾਜ ਕੁਮਾਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਡਾਕਟਰ ਦੀ ਦੁਕਾਨ 'ਚੋਂ ਚੋਰ ਬੈਟਰਾ ਤੇ 12000 ਰੁਪਏ ਨਕਦੀ ਲੈ ਕੇ ਫਰਾਰ



**ਗੁਰਦਾਸਪੁਰ, (ਜਨਕ ਮਹਾਜਨ)**-ਬੀਤੀ ਰਾਤ ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਚਾਵਾ ਵਿਖੇ ਚੋਰ ਹਰਸ਼ ਕਲੀਨਿਕ ਦੇ ਸ਼ਟਰ ਦੇ ਤਾਲੇ ਤੋੜ ਕੇ ਇੱਕ ਬੈਟਰਾ ਅਤੇ ਕਮੇਟੀਆਂ ਦੇ ਅੰਦਰ ਪਏ 12000 ਲੈ ਕੇ ਫਰਾਰ ਹੋ ਗਏ। ਡਾ. ਸੰਜੀਵ ਕੁਮਾਰ ਪੁੱਤਰ ਤਰਲੋਕ ਚੰਦ ਵਾਸੀ ਚਾਵਾ ਨੇ ਦੱਸਿਆ ਕਿ ਉਹ ਰਾਤ 8 ਵਜੇ ਦੇ ਕਰੀਬ ਦੁਕਾਨ ਬੰਦ ਕਰਕੇ ਘਰ ਨੂੰ ਚਲਾ ਗਿਆ।

ਜਦੋਂ ਸਵੇਰੇ ਦੁਕਾਨ ਤੇ ਆਇਆ ਤਾਂ ਸ਼ਟਰ ਦੇ ਤਾਲੇ ਟੁੱਟੇ ਪਏ ਸਨ ਅਤੇ ਅੰਦਰ ਕਾਫੀ ਸਾਮਾਨ ਖਿਲਰਿਆ ਪਿਆ ਸੀ। ਜਦ ਵੇਖਿਆ ਤਾਂ ਇਨਵਰਟਰ ਦਾ ਬੈਟਰਾ ਅਤੇ ਅੰਦਰ ਪਏ ਲਗਭਗ 12000 ਰੁਪਏ ਗਾਇਬ ਸਨ। 30 ਹਜ਼ਾਰ ਦੇ ਕਰੀਬ ਨੁਕਸਾਨ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਚੋਰੀ ਦੀ ਇਹ ਵਾਰਦਾਤ ਸਬੰਧੀ ਸ਼ਿਕਾਇਤ ਥਾਣਾ ਪੁਰਾਣਾ ਸ਼ਾਲਾ ਵਿਖੇ ਦਰਜ ਕਰਵਾ ਦਿੱਤੀ ਹੈ। ਮੌਕੇ 'ਤੇ ਪੁੱਜੇ ਸ਼ਾਲਾ ਪੁਲਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਨੇੜੇ-ਤੇੜੇ ਦੇ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਅਤੇ ਚੋਰਾਂ ਨੂੰ ਜਲਦ ਫੜ ਕੇ ਪੀੜਤ ਡਾਕਟਰ ਨੂੰ ਇਨਸਾਫ ਦਿਵਾਇਆ ਜਾਵੇਗਾ।

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਦੋ ਹਫਤਿਆਂ ਅੰਦਰ ਇਹੋ ਜਿਹੀਆਂ ਚੋਰੀਆਂ ਨਿੱਤ ਵਾਪਰਨ ਕਾਰਨ ਇਲਾਕੇ ਅੰਦਰ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਲੋਕ ਘਬਰਾਏ ਹੋਏ ਹਨ। ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਥਾਣਾ ਪੁਰਾਣਾ ਸ਼ਾਲਾ ਮੁਖੀ ਨੂੰ ਹਦਾਇਤਾਂ ਕਰਕੇ ਇਲਾਕੇ ਅੰਦਰ ਪੁਲਸ ਦੀ ਗਸ਼ਤ ਵਧਾਈ ਜਾਵੇ ਤਾਂ ਕਿ ਚੋਰੀਆਂ ਹੋਣ ਤੋਂ ਬਚਾਅ ਹੋ ਸਕੇ।

# '101 ਸੈਕਰਡ ਸਿੱਖ ਸ਼ਰਾਈਨਜ਼' ਅਤੇ 'ਸਚਿਆਰ ਸਿੱਖ ਸ਼ਖ਼ਸੀਅਤਾਂ' ਪੁਸਤਕਾਂ ਲੋਕ-ਅਰਪਣ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਪ੍ਰਕਾਸ਼ਤ ਪੁਸਤਕ ਸੋ ਥਾਨੁ ਸੁਹਾਵਾ ਦਾ ਅੰਗਰੇਜ਼ੀ ਅਨੁਵਾਦ ਕਰਵਾ ਕੇ '101 ਸੈਕਰਡ ਸਿੱਖ ਸ਼ਰਾਈਨਜ ਅਤੇ 'ਸਚਿਆਰ ਸਿੱਖ ਸ਼ਖ਼ਸੀਅਤਾਂ' ਦੋ ਪੁਸਤਕਾਂ ਸਿੰਘ ਬ੍ਰਦਰਜ਼ ਪਬਲੀਕੇਸ਼ਨ ਹਾਊਸ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਪਾਠਕ ਜਗਤ ਨੂੰ ਭੇਟ ਕੀਤੀਆਂ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੁਸਤਕਾਂ ਰਿਲੀਜ਼ ਕਰਨ ਸਮੇਂ ਪੁਸਤਕ ਦੇ ਮੂਲ ਲੇਖਕ ਡਾ. ਰੂਪ ਸਿੰਘ, ਅੰਗਰੇਜ਼ੀ ਅਨੁਵਾਦਕ ਸ. ਜੋਗਿੰਦਰ ਸਿੰਘ ਅਦਲੀਵਾਲ, ਪਬਲਿਸ਼ਰ ਗੁਰਸਾਗਰ ਸਿੰਘ, ਦਿਲਜੀਤ ਸਿੰਘ ਬੇਦੀ ਸਾਬਕਾ ਸਕੱਤਰ ਸ਼੍ਰੋ: ਗੁ: ਪ੍ਰ. ਕਮੇਟੀ, ਕੁਲਜੀਤ ਸਿੰਘ ਆਫ ਸਿੰਘ ਬ੍ਰਦਰਜ਼, ਗੁਰਿੰਦਰ ਸਿੰਘ, ਰਵਿੰਦਰ ਸਿੰਘ (ਰਵੀ) ਪ੍ਰਿੰਟਵੈੱਲ ਵਾਲੇ, ਬਲਵਿੰਦਰ ਸਿੰਘ ਜੌੜਾ ਸਿੰਘਾ, ਸਾਬਕਾ ਸਕੱਤਰ ਅਤੇ ਸ਼੍ਰੋ: ਗੁ: ਪ੍ਰ. ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਤੋਂ ਇਲਾਵਾ ਹੋਰ ਕਈ ਸ਼ਖ਼ਸੀਅਤਾਂ ਹਾਜ਼ਰ ਸਨ।

ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਡਾ. ਰੂਪ ਸਿੰਘ ਦੁਆਰਾ ਰਚਿਤ ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਸਿੱਖ ਗੁਰਧਾਮਾਂ ਪ੍ਰਤੀ ਸ਼ਰਧਾਵਾਨ ਅਤੇ ਜਗਿਆਸੂ ਪਾਠਕਾਂ ਦੀ ਰੀਝ ਪੂਰੀ ਕਰਨ ਵਿੱਚ ਸਹਾਈ ਸਿੱਧ ਹੋਵੇਗਾ।

ਇਸ ਸਮੇਂ ਸਿੰਘ ਸਾਹਿਬ ਗਿ. ਹਰਪ੍ਰੀਤ ਸਿੰਘ ਵੱਲੋਂ ਪੁਸਤਕ ਦੇ ਮੂਲ ਲੇਖਕ ਡਾ. ਰੂਪ ਸਿੰਘ ਤੇ ਅੰਗਰੇਜ਼ੀ ਅਨੁਵਾਦਕ ਸ. ਜੋਗਿੰਦਰ ਸਿੰਘ ਅਦਲੀਵਾਲ ਨੂੰ ਸਿਰੋਪਾਓ ਬਖਸ਼ਿਸ਼ ਕੀਤਾ ਗਿਆ।

# ਸ੍ਰੀ ਗੁਰੂ ਅਮਰਦਾਸ ਸੇਵਾ ਸੁਸਾਇਟੀ ਨੇ ਬੂਟੇ ਲਗਾਏ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਸ੍ਰੀ ਗੁਰੂ ਅਮਰਦਾਸ ਸੇਵਾ ਸੋਸਾਇਟੀ ਸ੍ਰੀ ਗੋਇੰਦਵਲ ਸਾਹਿਬ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਫ਼ਲਦਾਰ ਅਤੇ ਫੁੱਲਦਾਰ ਬੂਟੇ ਲਾਏ ਗਏ ਜਿਵੇਂ ਤੂਤ, ਟਾਹਲੀਆਂ, ਜਾਮਣ, ਅਮਰੂਦ, ਅੰਬ ਆਦਿ। ਦਰੱਖਤਾਂ ਦਾ ਸਾਡੇ ਜੀਵਨ 'ਚ ਬਹੁਤ ਮਹੱਤਵ ਹੈ। ਦਰੱਖਤਾਂ ਦੀ ਹੋਂਦ ਹੀ ਸਾਡੇ ਸਾਹਾਂ ਦੀ ਡੋਰ ਨੂੰ ਪੱਕਿਆਂ ਕਰਦੀ ਹੈ ਕਿਉਂਕਿ ਆਕਸੀਜਨ ਨਾ ਹੋਵੇ ਤਾਂ ਅਸੀਂ ਨਿਰਜਿੰਦ ਹੋ ਜਾਂਦੇ ਹਾਂ। ਸਾਡੇ ਆਖਰੀ ਸਾਹਾਂ ਤੱਕ ਦਰੱਖਤ ਸਾਡਾ ਸਾਥ ਨਿਭਾਉਂਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸੁਸਾਇਟੀ ਦੇ ਮੈਂਬਰ ਅਤੇ ਪ੍ਰਧਾਨ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਆਪਣੇ ਸਮਾਜ ਅਤੇ ਧਰਤੀ ਮਾਤਾ ਦੀ ਸੇਵਾ ਕਮਾਉਣ। ਉਨ੍ਹਾਂ ਨੇ ਕਿਹਾ ਕਿ ਜਿਸ ਨੂੰ ਬੂਟਿਆਂ ਦੀ ਲੋੜ ਹੈ ਉਹ ਗੁਰੂ ਅਮਰਦਾਸ ਸੇਵਾ ਸੁਸਾਇਟੀ ਗੋਇੰਦਵਾਲ ਸਾਹਿਬ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਹਰਦਿਆਲ ਸਿੰਘ ਕੰਗ, ਬੱਬੂ ਪਹਿਲਵਾਨ, ਰਣਜੀਤ ਸਿੰਘ ਖਾਲਸਾ, ਗੁਰਵਿੰਦਰ ਸਿੰਘ, ਵਿਕਰਮਜੀਤ ਸਿੰਘ ਵਿੱਕੀ, ਅਮਨਦੀਪ ਸਿੰਘ, ਨਿਰਮਲ ਸਿੰਘ, ਅਮਰੀਕ ਸਿੰਘ ਢੋਟੀ, ਮੰਗਾ ਸਿੰਘ ਪਿੱਦੀ ਵਾਲਾ, ਦੇਵੀਦਾਸ, ਰਾਜਨਦੀਪ ਸਿੰਘ, ਡਾ. ਜਗਦੀਸ਼ ਸਿੰਘ, ਰਾਜਵਿੰਦਰ ਸਿੰਘ ਰਾਜੂ, ਰਾਜੂ ਮਲਮੋਰੀ ਅਤੇ ਗੁਰਦਿਆਲ ਸਿੰਘ ਆਦਿ ਹਾਜ਼ਰ ਸਨ।

# ਲੋਕ ਸਮੱਸਿਆਵਾਂ ਸੁਣਨ ਲਈ ਅੱਜ ਪਿੰਡ ਪੰਨਵਾਂ ਵਿਖੇ ਲੱਗੇਗਾ ਵਿਸ਼ੇਸ਼ ਕੈਂਪ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਕਰਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਦੀ ਅਗਵਾਈ ਹੇਠ ਅੱਜ 17 ਜੁਲਾਈ ਨੂੰ ਦੁਪਹਿਰ 12 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਤਹਿਸੀਲ ਡੇਰਾ ਬਾਬਾ ਨਾਨਕ ਦੇ ਪਿੰਡ ਪੰਨਵਾਂ ਵਿਖੇ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਦੱਸਿਆ ਕਿ ਪਿੰਡ ਪੰਨਵਾਂ ਵਿਖੇ ਲੱਗਣ ਵਾਲੇ ਇਸ ਕੈਂਪ ਵਿੱਚ ਪਿੰਡ ਪੰਨਵਾਂ ਤੋਂ ਇਲਾਵਾ ਪਿੰਡ ਮਨਸੂਰ ਕਲਾਂ, ਮਨਸੂਰ ਆਬਾਦੀ, ਗੁਰਚੱਕ ਅਤੇ ਡਾਲਾ ਦੇ ਵਸਨੀਕ ਵੀ ਭਾਗ ਲੈਣਗੇ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨਗੇ।

ਏਡੀਸੀ ਸੁਭਾਸ਼ ਚੰਦਰ ਨੇ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਇਸਦੇ ਨਾਲ ਹੀ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਅਤੇ ਬਾਰਡਰ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਿਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਿਤ ਸੁਵਿਧਾਵਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਿਤ ਕੰਮ, ਮਨਰੇਗਾ ਨਾਲ ਸਬੰਧਿਤ ਕੰਮ, ਵਾਟਰ ਸਪਲਾਈ ਅਤੇ ਜਲ ਸਪਲਾਈ ਵਿਭਾਗ ਨਾਲ ਸਬੰਧਿਤ ਕੰਮ, ਅਧਾਰ ਕਾਰਡ ਸੁਵਿਧਾ ਦਾ ਮੌਕੇ 'ਤੇ ਲਾਭ ਦਿੱਤਾ ਜਾਵੇਗਾ। ਉਨ੍ਹਾਂ ਪਿੰਡ ਪੰਨਵਾਂ, ਮਨਸੂਰ ਕਲਾਂ, ਮਨਸੂਰ ਆਬਾਦੀ, ਗੁਰਚੱਕ ਅਤੇ ਡਾਲਾ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ।

## ਸੋਨੀ ਇੰਡੀਆ ਵੱਲੋਂ ਨਵੇਂ ਬ੍ਰਾਵੀਆ ਥੀਏਟਰ ਬਾਰ ਲਾਂਚ ਕਰਨ ਦਾ ਐਲਾਨ

ਲੁਧਿਆਣਾ ਸੋਨੀ ਇੰਡੀਆ ਨੇ ਆਪਣੇ ਨਵੀਨਤਮ ਬ੍ਰਾਵੀਆ ਥੀਏਟਰ ਬਾਰ 8 ਅਤੇ ਬ੍ਰਾਵੀਆ ਥੀਏਟਰ ਬਾਰ 9 ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਹ ਅਤਿ-ਆਧੁਨਿਕ ਸਾਊਂਡਬਾਰ ਘਰ ਵਿੱਚ ਇੱਕ ਬੇਮਿਸਾਲ ਸਿਨੇਮਾਈ ਅਨੁਭਵ ਪ੍ਰਦਾਨ ਕਰਨ ਲਈ ਡਿਜ਼ਾਈਨ ਕੀਤੇ ਗਏ ਹਨ, ਸਰਬੋਤਮ ਇਨ-ਹੋਮ ਮਨੋਰੰਜਨ ਪ੍ਰਦਾਨ ਕਰਨ ਲਈ ਇਨ੍ਹਾਂ ਵਿਚ ਆਡੀਓ ਅਤੇ ਵਿਜ਼ੂਅਲ ਟੈਕਨੋਲੋਜੀਆਂ ਵਿੱਚ ਸੋਨੀ ਦੀ ਮੁਹਾਰਤ ਦੇ ਨਾਲ ਐਡਵਾਂਸ ਵਿਸ਼ੇਸ਼ਤਾਵਾਂ ਨੂੰ ਜੋੜਿਆ ਗਿਆ ਹੈ। ਸੋਨੀ ਦੇ ਨਵੇਂ ਬ੍ਰਾਵੀਆ ਥੀਏਟਰ ਬਾਰ ਤੁਹਾਡੇ ਵਿਊਇੰਗ ਦੇ ਤਜਰਬੇ ਨੂੰ ਬਿਹਤਰ ਅਤੇ ਸ਼ਾਨਦਾਰ ਬਣਾਉਣ ਲਈ ਤਿਆਰ ਕੀਤੇ ਗਏ ਹਨ। ਸੋਨੀ ਦੇ ਨਵੇਂ ਉਤਪਾਦ 11 ਸਪੀਕਰ ਯੂਨਿਟਾਂ ਦੇ ਨਾਲ ਬ੍ਰਾਵੀਆ ਥੀਏਟਰ ਬਾਰ 8, ਅਤੇ 13 ਸਪੀਕਰ ਯੂਨਿਟਾਂ ਦੇ ਨਾਲ ਬਾਰ 9, ਬੇਮਿਸਾਲ ਸਾਊਂਡ ਕੁਆਲਟੀ ਅਤੇ ਅਤਿ-ਆਧੁਨਿਕ ਤਕਨਾਲੋਜੀ ਨਾਲ ਤੁਹਾਡੀਆਂ ਮੂਵੀ ਨਾਈਟਸ ਨੂੰ ਸ਼ਾਨਦਾਰ ਬਣਾਉਣ ਲਈ ਤਿਆਰ ਹਨ।

## ਪੁਲਸ ਵੱਲੋਂ 8610 ਐੱਮ. ਐੱਲ. ਨਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਕਲਾਨੌਰ ਪੁਲਸ ਨੇ ਨਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਏ. ਐੱਸ. ਆਈ. ਮਨਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਮੁੱਖਬਰ ਦੀ ਇਤਲਾਹ 'ਤੇ ਔਰਤ ਵਾਸੀ ਮੁਹੱਲਾ ਜ਼ੈਲਦਾਰਾਂ ਕਲਾਨੌਰ ਦੇ ਘਰ ਰੇਡ ਕਰਕੇ ਉਕਤ ਔਰਤ ਨੂੰ ਘਰ ਦੇ ਸਾਹਮਣੇ ਤੋਂ ਕਾਬੂ ਕੀਤਾ ਅਤੇ ਮੌਕੇ ਤੋਂ 8610 ਐੱਮ. ਐੱਲ. ਨਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਪੁਲਸ ਨੇ ਦੋਸ਼ਣ ਔਰਤ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਕਿਸਾਨਾਂ ਦੀ ਜਾਣਕਾਰੀ 'ਚ ਵਾਧੇ ਲਈ ਪਿੰਡ ਸ਼ਹੀਦ ਵਿਖੇ ਲੱਗਾ ਕਿਸਾਨ ਸਿਖਲਾਈ ਕੈਂਪ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਮੁੱਖ ਖੇਤੀਬਾੜੀ ਅਫਸਰ ਡਾ ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਡਾ. ਮਨਮੋਹਨ ਸਿੰਘ ਏਈਓ ਅਤੇ ਡਾ. ਹਰਮਨਦੀਪ ਕੌਰ ਏਡੀਓ ਨੇ ਪਿੰਡ ਸ਼ਹੀਦ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ। ਇਸ ਮੌਕੇ ਡਾ. ਹਰਮਨਦੀਪ ਕੌਰ ਏਡੀਓ ਨੇ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਕਿ ਮਿੱਟੀ ਪਰਖ ਅਨੁਸਾਰ ਹੀ ਖਾਦਾਂ ਦੀ ਵਰਤੋਂ ਕੀਤੀ ਜਾਵੇ ਕਿਉਂਕਿ ਵੱਧ ਖਾਦਾਂ ਪਾਉਣ ਨਾਲ ਜਿੱਥੇ ਖੇਤੀ ਖਰਚੇ ਵੱਧਦੇ ਹਨ ਉਥੇ ਨਾਲ ਦੀ ਨਾਲ ਫਸਲ ਤੇ ਕੀੜੇ ਮਕੌੜੇ ਅਤੇ ਬਿਮਾਰੀਆਂ ਦੇ ਹਮਲੇ ਦਾ ਖਦਸ਼ਾ ਵੀ ਵੱਧ ਜਾਂਦਾ ਹੈ।

ਉਨ੍ਹਾਂ ਬਾਸਮਤੀ ਦੀ ਫਸਲ ਤੋਂ ਚੰਗਾ ਮੁਨਾਫਾ ਲੈਣ ਲਈ ਗੈਰ-ਸਿਫਾਰਸ਼ੀ ਦਵਾਈਆਂ ਦੀ ਸਪਰੇ ਨਾ ਕਰਨ 'ਤੇ ਜ਼ੋਰ ਦਿੱਤਾ। ਇਸ ਦੌਰਾਨ ਮਨਮੋਹਨ ਸਿੰਘ ਏਈਓ ਨੇ ਕਿਸਾਨ ਸਨਮਾਨ ਨਿਧੀ ਯੋਜਨਾ ਅਤੇ ਮਹਿਕਮੇ ਦੁਆਰਾ ਸਾਉਣੀ ਦੀ ਮੱਕੀ, ਜਿਪਸਮ ਤੇ ਦਿੱਤੀ ਜਾ ਰਹੀ ਸਬਸਿਡੀ ਅਤੇ ਝੋਨੇ ਦੀ ਸਿੱਧੀ ਬਿਜਾਈ 'ਤੇ ਦਿੱਤੀ ਜਾ ਰਹੀ ਪ੍ਰੋਤਸਾਹਨ ਰਾਸ਼ੀ ਦੀ ਵੈਰੀਫਿਕੇਸ਼ਨ ਸਬੰਧੀ ਜਾਣਕਾਰੀ ਦਿੱਤੀ।

ਇਸ ਮੌਕੇ ਸਰਬਰਿੰਦਰ ਸਿੰਘ ਫੌਜੀ, ਹਰਜਿੰਦਰ ਸਿੰਘ ਮੱਲੀ, ਦਵਿੰਦਰ ਸਿੰਘ, ਗੁਰਲਾਲ ਸਿੰਘ, ਬਲਰਾਜ ਸਿੰਘ, ਹਰਪ੍ਰੀਤ ਸਿੰਘ ਜੱਜ, ਜਗਬੀਰ ਸਿੰਘ ਸਰਪੰਚ, ਲਖਵਿੰਦਰ ਸਿੰਘ, ਜਸਪਾਲ ਸਿੰਘ, ਦਿਲਬਾਗ ਸਿੰਘ ਮੱਲੀ, ਹਰਭਜਨ ਸਿੰਘ ਸੈਕਟਰੀ, ਰਜਿੰਦਰ ਸਿੰਘ, ਜਸਬੀਰ ਸਿੰਘ ਕਾਕੂ, ਬਲਜੀਤ ਸਿੰਘ, ਮਨਦੀਪ ਸਿੰਘ, ਫੀਲਡ ਵਰਕਰ ਦਿਲਬਾਗ ਸਿੰਘ, ਖੇਤੀ ਸਹਾਇਕ ਪ੍ਰਬੰਧਕ ਗੁਰਦੇਵ ਸਿੰਘ ਮਾਨਕਪੁਰਾ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਜ਼ੋਨ ਟਾਂਡਾ ਦੇ ਆਗੂਆਂ ਵੱਲੋਂ ਸ਼ੰਭੂ ਬਾਰਡਰ ਜਾਣ ਦੀਆਂ ਤਿਆਰੀਆਂ ਲਈ ਮੀਟਿੰਗਾਂ ਜਾਰੀ



ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਟਾਂਡਾ ਦੇ ਪ੍ਰਧਾਨ ਕੁਲਵੰਤ ਸਿੰਘ ਭੇਲ ਅਤੇ ਪ੍ਰੈੱਸ ਸਕੱਤਰ ਜੋਗਿੰਦਰ ਸਿੰਘ ਧੂੰਦਾ ਵੱਲੋਂ 20 ਜੁਲਾਈ ਨੂੰ ਸ਼ੰਭੂ ਮੋਰਚੇ ਵਿਚ ਜਾਣ ਲਈ ਇਕਾਈ ਭੋਜੋਵਾਲੀ ਅਤੇ ਇਕਾਈ ਖੇਲਾ ਵਿੱਚ ਕ੍ਰਮਵਾਰ ਇਕਾਈ ਪ੍ਰਧਾਨ ਮੁਖਤਾਰ ਸਿੰਘ ਅਤੇ ਤਰਸੇਮ ਸਿੰਘ ਦੀ ਅਗਵਾਈ ਵਿੱਚ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਜਿਸ ਵਿੱਚ ਕਿਸਾਨ ਆਗੂਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ੋਨ ਪ੍ਰਧਾਨ ਕੁਲਵੰਤ ਸਿੰਘ ਨੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ ਉਪਰ ਮੋਰਚਾ ਹਮੇਸ਼ਾ ਚੜ੍ਹਦੀ ਕਲਾ ਵਿਚ ਚੱਲ ਰਿਹਾ ਹੈ। ਭਾਜਪਾ ਸਰਕਾਰ ਸ਼ੁਰੂ ਤੋਂ ਹੀ ਪੰਜਾਬ ਨਾਲ਼ ਧੱਕਾ ਕਰਦੀ ਆਈ ਹੈ। ਸ਼ਾਂਤਮਈ ਕਿਸਾਨਾਂ ਉਪਰ ਗੋਲੀਆਂ ਚਲਾਈਆਂ ਗਈਆਂ, ਅੱਥਰੂ ਗੈਸ ਦੇ ਗੋਲੇ ਸੁੱਟੇ ਗਏ, ਸਾਡੇ ਨੌਜੁਆਨ ਕਿਸਾਨ ਸ਼ੁੱਭਕਰਨ ਨੂੰ ਖਨੌਰੀ ਬਾਰਡਰ ਉਤੇ ਭਾਜਪਾ ਸਰਕਾਰ ਦੇ ਗੁੰਡਿਆਂ ਵੱਲੋਂ ਸ਼ਾਂਤਮਈ ਤਰੀਕੇ ਨਾਲ ਹੱਕੀ ਮੰਗਾਂ ਦੇ ਦੌਰਾਨ ਗੋਲੀਆਂ ਮਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਸੈਂਟਰ ਸਰਕਾਰ ਹਮੇਸ਼ਾ ਹੀ ਪੰਜਾਬ ਦੇ ਨੌਜੁਆਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਆਈ ਹੈ। ਸੈਂਟਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਿਨ ਬ ਦਿਨ ਪੰਜਾਬ ਦੇ ਲੋਕਾਂ ਉਪਰ ਹਾਵੀ ਹੋ ਰਹੀਆਂ ਹਨ। ਉਨ੍ਹਾਂ ਕੋਲੋਂ ਖੇਤੀਯੋਗ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾਂ ਰਹੀ ਹੈ ਜੋ ਕਿ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਲਈ 20 ਜੁਲਾਈ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ੰਭੂ ਬਾਰਡਰ ਵਿਖੇ ਹਾਜ਼ਰੀ ਭਰ ਕੇ ਸਰਕਾਰ ਤੋਂ ਆਪਣੀਆਂ ਹੱਕੀ ਮੰਗਾਂ ਮਨਵਾ ਕੇ ਇਹ ਮੋਰਚਾ ਜਿੱਤੀਏ।

ਮੀਟਿੰਗ ਵਿੱਚ ਹਰਜੀਤ ਸਿੰਘ, ਜਗਰੂਪ ਸਿੰਘ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਰਾਜਵੰਤ ਕੌਰ, ਸੰਦੀਪ ਕੌਰ, ਮਨਪ੍ਰੀਤ ਕੌਰ, ਰਣਜੀਤ ਕੌਰ, ਦਲਜੀਤ ਕੌਰ ਅਤੇ ਹੋਰ ਬਹੁਤ ਵੱਡੀ ਗਿਣਤੀ ਵਿਚ ਕਿਸਾਨ ਮਜ਼ਦੂਰ ਆਗੂ ਹਾਜ਼ਰ ਹੋਏ।

# ਬਲੈਰੋ ਦਾ ਟਾਇਰ ਫਟਣ ਨਾਲ ਤਿੰਨ ਦਰਜਨ ਮਜ਼ਦੂਰ ਗੰਭੀਰ ਜ਼ਖਮੀ

### * ਜ਼ਖਮੀਆਂ ਨੂੰ ਬਾਬਾ ਬੁੱਢਾ ਸਾਹਿਬ ਚੈਰੀਟੇਬਲ ਹਸਪਤਾਲ ਵਿਖੇ ਕਰਵਾਇਆ ਦਾਖਲ



ਸਰਾਏ ਅਮਾਨਤ ਖਾਂ, (ਮੱਖਣ ਮਨੋਜ)-ਝਬਾਲ ਤੋਂ ਥੋੜ੍ਹੀ ਦੂਰ ਅੰਮ੍ਰਿਤਸਰ ਰੋਡ 'ਤੇ ਮੰਨਣ ਨੇੜੇ ਇਕ ਬਲੈਰੋ ਗੱਡੀ ਜੋ ਪੰਜਵੜ ਵਿਖੇ ਬਾਗ਼ ਵਿੱਚੋਂ ਨਾਖਾਂ ਤੋੜਨ ਲਈ ਨਜ਼ਦੀਕੀ ਪਿੰਡਾਂ ਤੋਂ ਲੇਬਰ ਲੈ ਕੇ ਆ ਰਹੀ ਸੀ, ਦਾ ਅਚਾਨਕ ਟਾਇਰ ਫਟ ਗਿਆ ਅਤੇ ਗੱਡੀ ਸੜਕ ਕਿਨਾਰੇ ਰੁੱਖ ਵਿੱਚ ਵੱਜੀ। ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਪ੍ਰੰਤੂ ਤਿੰਨ ਦਰਜਨ ਦੇ ਕਰੀਬ ਮਜ਼ਦੂਰ ਔਰਤਾਂ ਤੇ ਮਰਦ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਇਲਾਜ ਲਈ ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਜ਼ਖ਼ਮੀ ਹੋਈ ਬੀਬੀ ਸਰਬਜੀਤ ਕੌਰ ਨੇ ਦੱਸਿਆ ਕਿ ਪਿੰਡ ਖੈਰਦੀ, ਮੰਡਿਆਲਾ ਅਤੇ ਚੱਬਾ ਤੋਂ ਵੱਡੀ ਗਿਣਤੀ ਵਿੱਚ ਔਰਤਾਂ ਤੇ ਆਦਮੀ ਪਿੰਡ ਪੰਜਵੜ ਵਿਖੇ ਬਾਗ਼ ਵਿੱਚੋਂ ਨਾਖਾਂ ਤੋੜਨ ਲਈ ਰੋਜ਼ਾਨਾ ਆਉਂਦੇ ਹਨ। ਅੱਜ ਵੀ ਜਦੋਂ ਬਲੈਰੋ ਗੱਡੀ ਜਿਸ ਨੂੰ ਮਲਕੀਅਤ ਸਿੰਘ ਚਲਾ ਰਿਹਾ ਸੀ ਤਾਂ ਪਿੰਡ ਮੰਨਣ ਨੇੜੇ ਗੱਡੀ ਦਾ ਪਿਛਲਾ ਟਾਇਰ ਫਟ ਗਿਆ। ਗੱਡੀ ਤੇਜ਼ੀ ਨਾਲ ਸੜਕ ਕਿਨਾਰੇ ਰੁੱਖ ਨਾਲ ਟਕਰਾ ਗਈ।

ਗੱਡੀ 'ਚ ਸਵਾਰ ਨੇਹਾ ਪੁੱਤਰੀ ਬਲਵਿੰਦਰ ਸਿੰਘ ਮੰਡਿਆਲਾ, ਰਾਣੀ ਮੰਡਿਆਲਾ, ਰਾਜ ਕੌਰ ਮੰਡਿਆਲਾ, ਦਵਿੰਦਰ ਕੌਰ ਮੰਡਿਆਲਾ, ਰਣਜੀਤ ਕੌਰ ਮੰਡਿਆਲਾ, ਗੁਰਵਿੰਦਰ ਕੌਰ ਮੰਡਿਆਲਾ, ਸਰਬਜੀਤ ਕੌਰ ਮੰਡਿਆਲਾ, ਹਰਮਨਦੀਪ ਕੌਰ ਮੰਡਿਆਲਾ, ਜਸਵਿੰਦਰ ਕੌਰ ਮੰਡਿਆਲਾ, ਸਰਬਜੀਤ ਕੌਰ ਮੰਡਿਆਲਾ, ਪਰਮਜੀਤ ਕੌਰ ਮੰਡਿਆਲਾ, ਬਲਜਿੰਦਰ ਕੌਰ ਚੱਬਾ, ਜੋਤੀ ਚੱਬਾ, ਕਿਰਨਦੀਪ ਕੌਰ ਚੱਬਾ, ਸਰਬਜੀਤ ਕੌਰ ਚੱਬਾ, ਸ਼ਰਨਜੀਤ ਕੌਰ ਚੱਬਾ, ਜਸਬੀਰ ਕੌਰ ਚੱਬਾ, ਮਮਤਾ ਚੱਬਾ, ਡਰਾਈਵਰ ਮਲਕੀਤ ਸਿੰਘ ਪੁੱਤਰ ਬਗੀਚਾ ਸਿੰਘ ਖੈਰਦੀ ਆਦਿ ਮਜ਼ਦੂਰ ਗੰਭੀਰ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਤੁਰੰਤ ਬਾਬਾ ਬੁੱਢਾ ਸਾਹਿਬ ਚੈਰੀਟੇਬਲ ਹਸਪਤਾਲ ਵਿਖੇ ਦਾਖਲ ਕਰਵਾਇਆ ਜਿਥੇ ਡਾ. ਗੁਰਲਾਲ ਸਿੰਘ ਡਾਇਰੈਕਟਰ ਦੀ ਅਗਵਾਈ ਵਿੱਚ ਡਾ. ਗੁਰਪ੍ਰੀਤ ਸਿੰਘ, ਡਾ. ਚੰਦਰ ਸ਼ੇਖਰ, ਡਾ. ਸੰਦੀਪ ਰਾਣਾ, ਡਾ. ਹਰਸਿਮਰਨ ਕੌਰ, ਮਨਜਿੰਦਰ ਸਿੰਘ, ਸੁਰਿੰਦਰ ਸਿੰਘ ਚੂਸਲੇਵੜ ਆਦਿ ਨੇ ਸਖ਼ਤ ਮਿਹਨਤ ਕਰਕੇ ਇਲਾਜ ਕੀਤਾ।


**ਸਨਮੁੱਖ ਸਾਲਸੀ ਟ੍ਰਿਬਿਊਨਲ ਸੁਖਜੀਤ ਸਿੰਘ ਜੌਲੀ/ਇਕਮਾਤਰ ਸਾਲਸੀ ਜਲੰਧਰ**

**ਕੈਪੀਟਲ ਸਮਾਲ ਫਾਇਨਾਂਸ ਬੈਂਕ, ਕੰਪਨੀਜ਼ ਐਕਟ, 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ** ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ ਤੀਜੀ ਮੰਜ਼ਲ, 37, ਜੀ ਟੀ ਰੋਡ, ਜਲੰਧਰ ਅਤੇ ਇਸ ਦੀਆਂ ਹੋਰ ਸ਼ਖਾਵਾਂ 'ਚ ਇੱਕ ਸ਼ਾਖਾ ਦਫਤਰ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ ਬਿਨੈਕਾਰ.....

ਬਨਾਮ

1. ਰਣਜੀਤ ਸਿੰਘ ਪੁੱਤਰ ਸ੍ਰੀ ਮੇਵਾ ਸਿੰਘ
2. ਹਰਪ੍ਰੀਤ ਕੌਰ ਪਤਨੀ ਸ੍ਰੀ ਰਣਜੀਤ ਸਿੰਘ
3. ਸੰਤੋਖ ਸਿੰਘ ਪੁੱਤਰ ਸ੍ਰੀ ਨਰੈਣ ਸਿੰਘ ਸਾਰੇ ਵਾਸੀ ਪਿੰਡ ਭੇਦਵਾਲ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ-140402

ਜਵਾਬਦੇਹ.....

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਜਵਾਬਦੇਹਾਂ ਨੂੰ ਦੂਜੀ ਵਾਰ ਭੇਜੇ ਗਏ ਨੋਟਿਸ ਜੋ ਕਿ ਲਿਫਾਏ ਅਤੇ ਪ੍ਰਾਪਤੀ ਰਸੀਦਾਂ ਸਨ, ਵੀ ਵਾਪਸ ਪ੍ਰਾਪਤ ਨਹੀਂ ਹੋਏ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕੀਤੇ ਹਨ ਅਤੇ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਟਾਲਾ ਵੱਟ ਰਹੇ ਹਨ। ਬੇਸ਼ੱਕ ਉਕਤ ਜਵਾਬਦੇਹਾਂ ਨੂੰ ਇੱਕ ਹੋਰ ਮੌਕਾ ਦਿੰਦਿਆਂ ਹੁਕਮ ਦਿੱਤਾ ਜਾਂਦਾ ਹੈ ਕਿ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਉਨ੍ਹਾਂ ਦੀ ਤਾਮੀਲ ਕਰਵਾਈ ਜਾਵੇ ਤਾਂ ਜੋ ਉਹ ਵਿਵਾਦਤ ਮਾਮਲੇ 'ਚ ਆਪਣੇ ਵਿਰੋਧੀ ਦਾਅਵੇ ਅਤੇ ਇਤਰਾਜ਼ ਪੇਸ਼ ਕਰ ਸਕਣ ਅਤੇ ਤੁਹਾਨੂੰ ਜਵਾਬਦੇਹਾਂ ਨੂੰ ਖੁਦ ਜਾਂ ਤੁਹਾਡੇ ਏਜੰਟ ਜਾਂ ਅਟਾਰਨੀ ਰਾਹੀਂ ਸਾਲਸੀ ਸਾਹਮਣੇ 30.08.2024 ਨੂੰ ਦੁਪਹਿਰ 1.00 ਵਜੇ, ਚੈਂਬਰ ਨੰ. 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਇਤਰਾਜ਼ ਅਤੇ ਦਾਅਵੇ ਦਾਖਲ ਕਰਨ ਲਈ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 16.07.2024 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ



**Capital Small Finance Bank Ltd.**

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 23.08.2024 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀਮਤੀ ਪਲਵਿੰਦਰ ਕੌਰ ਪਤਨੀ ਜਗਜੀਤ ਕੁਮਾਰ ਵਾਸੀ ਪਿੰਡ ਸਵਾਲ, ਸਰਾਏ ਜੱਟਾਂ, ਜ਼ਿਲ੍ਹਾ ਕਪੂਰਥਲਾ-144626<br>ਜਗਜੀਤ ਕੁਮਾਰ ਪੁੱਤਰ ਜਸਵੰਤ ਰਾਏ ਵਾਸੀ ਪਿੰਡ ਸਵਾਲ, ਸਰਾਏ ਜੱਟਾਂ, ਜ਼ਿਲ੍ਹਾ ਕਪੂਰਥਲਾ-144626 (ਕਰਜ਼ਦਾਰ)<br>ਸ੍ਰੀ ਬਲਵੀਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਉੱਚਾ ਬੋਹੜਵਾਲਾ, ਸਰਾਏ ਜੱਟਾਂ, ਜ਼ਿਲ੍ਹਾ ਕਪੂਰਥਲਾ-144626 (ਗਰਾਂਟਰ) |
| ਬਕਾਇਆ ਰਕਮ ਐੱਚ ਐੱਲ/015611000037 | (1) 21,43,993.74 (ਅਤੇ 1.07.2024) ਤੋਂ ਭਵਿੱਖੀ ਵਿਆਜ |
| ਜਾਇਦਾਦ ਦਾ ਵੇਰਵਾ | ਬੈਨਾਮਾ ਨੰ. 2018-19/178/1/134 ਮਿਤਲੀ 05-10-2018 ਅਨੁਸਾਰ ਪਲਵਿੰਦਰ ਕੌਰ ਪਤਨੀ ਜਗਜੀਤ ਕੁਮਾਰ ਦੀ ਮਲਕੀਅਤ ਅਚੱਲ ਜਾਇਦਾਦ 0 ਕਨਾਲ 06 ਮਰਲਾ ਰਕਬਾ 1103 ਵਰਗ ਫੁੱਟ ਵਾਕਿਆ ਰਕਬਾ ਪਿੰਡ ਲੋਹੀਆਂ, ਤਹਿਸੀਲ ਸ਼ਾਹਕੋਟ। |
| ਰਾਖਵੀਂ ਕੀਮਤ | ਰੁਪਏ 20 ਲੱਖ (ਰੁਪਏ ਵੀਹ ਲੱਖ ਕੇਵਲ) |
| ਈ ਐੱਮ ਡੀ ਬਿਆਨਾ ਰਕਮ | ਕੁੱਲ ਈ ਐੱਮ ਡੀ (ਰਕਮ ਬਿਆਨਾ) ਸਫ਼ਲ ਬੋਲੀਕਾਰ ਨੂੰ ਰਾਖਵੀਂ ਕੀਮਤ ਦਾ 25 ਫੀਸਦੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਪੱਖ 'ਚ ਜਲੰਧਰ ਵਿਖੇ ਮਿਤੀ 23.08.2024 ਨੂੰ ਡਿਮਾਂਡ ਡਰਾਫਟ ਰਾਹੀਂ ਅਦਾ ਕਰਨਾ ਹੋਵੇਗਾ। ਟੈਂਡਰ ਫਾਰਮਜ਼ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ:, ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਭੇਜੇ ਜਾਣ। |

**ਬੈਂਕ ਦੀ ਜਾਣਕਾਰੀ 'ਚ ਜੋਖਮ :** ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ ਅਧਾਰ" 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 23.08.2024 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਲੋਹੀਆਂ ਖਾਸ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 16.07.2024 — ਅਧਿਕਾਰਤ ਅਫ਼ਸਰ


# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

ਐਸ.ਏ.ਐਸ ਨਗਰ, (ਗੁਰਜੀਤ ਬਿੱਲਾ)- ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੋਜਗਾਰ ਦਫਤਰ ਕਮਰਾ ਨੰ 461, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਐਸ.ਏ.ਐਸ ਨਗਰ ਵਿਖੇ 17 ਜੁਲਾਈ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸਦਾ ਸਮਾਂ ਸਵੇਰੇ 10:30 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਸੀ.ਈ.ਓ.ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਐਸ.ਏ.ਐਸ ਨਗਰ ਸ੍ਰੀਮਤੀ ਸੋਨਮ ਚੌਧਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਬੁੱਧਵਾਰ ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾਣਾ ਹੈ। ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਨਾਮੀ ਕੰਪਨੀ ਭਾਗ ਲੈ ਰਹੀ ਹੈ ਜਿਨ੍ਹਾਂ ਵਿੱਚ ਟਾਈਮਜ਼ ਪ੍ਰੋ (ਐਕਸਿਸ ਬੈਂਕ) ਸ਼ਾਮਲ ਹੈ।

ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋ ਭਾਗ ਲੈ ਸਕਦੇ ਹਨ ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ ਗਰੈਜੂਏਸ਼ਨ ਹੈ। ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਅਫਸਰ ਸ੍ਰੀਮਤੀ ਸੁਖਮਨ ਮਾਨ (ਈ ਜੀ ਐਸ ਡੀ ਟੀ ਓ) ਨੇ ਦੱਸਿਆ ਕਿ ਇਸ ਕੈਂਪ ਵਿੱਚ ਭਾਗ ਲੈਣ ਵਾਲੇ ਪ੍ਰਾਰਥੀਆਂ ਦੀ ਰਜਿਸਟ੍ਰੇਸਨ ਕਰਵਾਉਣਾ ਜ਼ਰੂਰੀ ਹੈ, ਜਿਨ੍ਹਾਂ ਪ੍ਰਾਰਥੀਆਂ ਦੀ ਰਜਿਸਟ੍ਰੇਸ਼ਨ ਨਹੀਂ ਹੋਈ ਹੈ, ਉਹ ਪ੍ਰਾਰਥੀ ਆਪਣੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ ਅਤੇ ਪੈਨ ਕਾਰਡ ਲਾਜ਼ਮੀ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ ਤਾਂ ਜੋ ਪ੍ਰਾਰਥੀਆਂ ਦੀ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਕੀਤੀ ਜਾ ਸਕੇ। ਪ੍ਰਾਰਥੀ ਆਪਣਾ ਬਾਇਉ ਡਾਟਾ ਵੀ ਨਾਲ ਲੈ ਕੇ ਇਸ ਕੈਂਪ ਵਿੱਚ ਸ਼ਮੂਲੀਅਤ ਕਰਨ।

# ਨੌਜਵਾਨ ਕਿਸਾਨਾਂ ਲਈ ਪ੍ਰੇਰਨਾ ਸਰੋਤ ਬਣਿਆ ਪਿੰਡ ਗਵਾਰਾ ਦਾ ਸੁਖਮਨਪ੍ਰੀਤ ਸਿੰਘ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਨੌਜਵਾਨ ਕਿਸਾਨਾਂ ਲਈ ਅੱਜਕਲ ਪ੍ਰੇਰਨਾ ਸਰੋਤ ਬਣਿਆ ਹੋਇਆ ਪਿੰਡ ਗਵਾਰਾ ਦਾ ਕਿਸਾਨ ਸੁਖਮਨਪ੍ਰੀਤ ਸਿੰਘ। ਸੁਖਮਨਪ੍ਰੀਤ ਸਿੰਘ ਆਪਣੀ ਖੇਤੀ, ਰਵਾਇਤੀ ਢੰਗ ਤੋਂ ਹਟ ਕੇ ਵਾਤਾਵਰਨ ਦੇ ਅਨੁਕੂਲ ਰਹਿ ਕੇ ਕਰਨਾ ਚਾਹੁੰਦੇ ਸੀ, ਇਸ ਸਬੰਧ ਵਿੱਚ ਉਸ ਨੇ ਆਪਣੇ ਇਲਾਕੇ ਦੇ ਖੇਤੀਬਾੜੀ ਮਾਹਿਰ ਗੁਰਪ੍ਰਤਾਪ ਸਿੰਘ ਏਡੀਓ ਅਤੇ ਪੁਨੀਤ ਢਿੱਲੋਂ ਨਾਲ ਸੰਪਰਕ ਕੀਤਾ। ਖੇਤੀਬਾੜੀ ਮਾਹਿਰਾਂ ਨੇ ਘੱਟ ਰਹੇ ਪਾਣੀ ਦੇ ਮੁੱਦੇ ਨੂੰ ਮੁੱਖ ਰੱਖਦੇ ਹੋਏ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਸਲਾਹ ਦਿੱਤੀ। ਇਸ ਸਲਾਹ ਤੇ ਪੂਰਾ ਉਤਰਦਿਆਂ ਉਸ ਵੱਲੋਂ ਸਾਲ 2022 ਵਿੱਚ ਕਰੀਬ 7 ਏਕੜ ਵਿੱਚ ਝੋਨੇ ਦੀ ਕਾਸ਼ਤ ਸਿੱਧੀ ਬਿਜਾਈ ਰਾਹੀਂ ਕੀਤੀ ਗਈ। ਸ਼ੁਰੂਆਤੀ ਦੌਰ ਵਿੱਚ ਇਸ ਤਕਨੀਕ ਬਾਰੇ ਘੱਟ ਜਾਣਕਾਰੀ ਹੋਣ ਕਰਕੇ ਸੁਖਮਨਪ੍ਰੀਤ ਵੱਲੋਂ ਆਪਣੀ ਫ਼ਸਲ ਦੀ ਸਾਂਭ ਸੰਭਾਲ ਖੇਤੀਬਾੜੀ ਮਾਹਿਰਾਂ ਦੀ ਸਲਾਹ ਅਤੇ ਖੇਤੀ ਰਸਾਲਿਆਂ ਦੀ ਮਦਦ ਰਾਹੀਂ ਕੀਤੀ ਗਈ। ਆਪਣੀ ਮਿਹਨਤ ਸਦਕਾ ਅਤੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਤੇ ਚਲਦਿਆਂ ਕਿਸਾਨ ਵੱਲੋਂ ਪਹਿਲੇ ਸਾਲ ਹੀ ਇਸ ਵਿਧੀ ਰਾਹੀਂ ਝੋਨੇ ਦੀ ਸਫਲ ਕਾਸ਼ਤ ਕੀਤੀ ਗਈ ਅਤੇ ਫ਼ਸਲ ਦਾ ਭਰਪੂਰ ਝਾੜ ਲਿਆ। ਇਹ ਝਾੜ ਕਿਸਾਨ ਵੱਲੋਂ ਘੱਟ ਪਾਣੀ ਦੀ ਵਰਤੋਂ ਕਰਦਿਆਂ ਅਤੇ ਘੱਟ ਖ਼ਰਚੇ ਦੇ ਨਾਲ ਪ੍ਰਾਪਤ ਕੀਤਾ ਗਿਆ। ਕਿਸਾਨ ਅਨੁਸਾਰ ਇਸ ਵਿਧੀ ਰਾਹੀਂ ਪ੍ਰਤੀ ਏਕੜ ਸਿੱਧੇ ਤੌਰ 'ਤੇ 5000 ਤੋਂ 7000 ਰੁਪਏ ਦੀ ਬੱਚਤ ਕੀਤੀ ਜਦਕਿ ਅਸਿੱਧੇ ਤੌਰ 'ਤੇ ਘੱਟ ਪਾਣੀ ਦੀ ਵਰਤੋਂ ਕਰਦਿਆਂ ਅਤੇ ਪਾਣੀ ਜੀਰਨ ਦੀ ਵਜ੍ਹਾ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਉਚਾ ਚੁੱਕਣ ਵਿੱਚ ਯੋਗਦਾਨ ਪਾਇਆ। ਇਸ ਦੇ ਨਾਲ ਹੀ ਆਮ ਕੱਦੂ ਵਾਲੇ ਝੋਨੇ ਨਾਲ ਜ਼ਮੀਨ ਵਿੱਚ ਜੋ ਸਖ਼ਤ ਪਰਤ ਬਣਦੀ ਹੈ, ਸਿੱਧੀ ਬਿਜਾਈ ਵਿੱਚ ਉਹ ਨਹੀਂ ਬਣਦੀ, ਜਿਸ ਨਾਲ ਜ਼ਮੀਨ ਦੇ ਕਣਾਂ ਦੀ ਬਣਤਰ ਸਹੀ ਰਹਿੰਦੀ ਹੈ ਅਤੇ ਧਰਤੀ ਹੇਠਲੇ ਸੂਖਮ ਜੀਵਾਂ ਦਾ ਸਹੀ ਵਰਤਾਰਾ ਰਹਿੰਦਾ ਹੈ। ਸਾਲ 2023 ਵਿੱਚ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾ ਕੇ 13 ਏਕੜ ਕਰ ਦਿੱਤਾ ਗਿਆ ਅਤੇ ਇਸ ਸਾਲ (2024) ਵਿੱਚ ਕਿਸਾਨ ਵੱਲੋਂ ਆਪਣੇ ਪੂਰੇ ਰਕਬੇ (20 ਏਕੜ) ਵਿੱਚ ਹੀ ਇਸ ਵਿਧੀ ਰਾਹੀਂ ਝੋਨੇ ਦੀ ਕਾਸ਼ਤ ਕੀਤੀ ਗਈ ਹੈ। ਆਪਣੇ ਪਿਛਲੇ ਦੋ ਸਾਲਾਂ ਦੇ ਤਜਰਬੇ ਵਿੱਚ ਕਿਸਾਨ ਨੇ ਵੇਖਿਆ ਕਿ ਸਿੱਧੀ ਬਿਜਾਈ ਵਾਲਾ ਝੋਨਾ ਕੱਦੂ ਕੀਤੇ ਝੋਨੇ ਤੋਂ 10-15 ਦਿਨ ਪਹਿਲਾਂ ਪੱਕ ਕੇ ਤਿਆਰ ਹੋ ਜਾਂਦਾ ਹੈ। ਇਸ ਤਜਰਬੇ ਨੂੰ ਅਵਸਰ ਵਿੱਚ ਬਦਲਣ ਲਈ ਕਿਸਾਨ ਵੱਲੋਂ ਇਸ ਸਾਲ ਬਾਸਮਤੀ ਦੀ ਕਾਸ਼ਤ ਵਧੇਰੇ ਕੀਤੀ ਗਈ ਹੈ। ਉਸ ਦਾ ਮੰਨਣਾ ਹੈ ਕਿ ਬਾਸਮਤੀ ਦੀ ਫ਼ਸਲ ਝੋਨੇ ਦੀਆਂ ਦੂਸਰੀਆਂ ਕਿਸਮਾਂ ਤੋਂ ਪਹਿਲਾਂ ਪੱਕ ਕੇ ਤਿਆਰ ਹੋ ਜਾਵੇਗੀ ਅਤੇ ਖੇਤ ਤੀਸਰੀ ਫ਼ਸਲ ਜਿਵੇਂ ਕਿ ਆਲੂ, ਮਟਰ ਆਦਿ ਦੀ ਕਾਸ਼ਤ ਕਰਨ ਲਈ ਵਿਹਲੇ ਹੋ ਜਾਣਗੇ। ਸੋ ਸੁਖਮਨਪ੍ਰੀਤ ਹੋਰਨਾਂ ਨੌਜਵਾਨਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਿਆ ਹੋਇਆ ਹੈ ਜੋ ਬਾਹਰ ਜਾਣ ਦੀ ਬਜਾਏ ਇੱਥੇ ਰਹਿ ਕੇ ਆਪਣੀ ਪੜ੍ਹਾਈ ਦੇ ਨਾਲ ਚੰਗੀ ਅਤੇ ਲਾਹੇਵੰਦ ਖੇਤੀ ਕਰਨਾ ਚਾਹੁੰਦਾ।

# ਐੱਲ ਪੀ ਯੂ ਦੇ 15 ਮੈਂਬਰਾਂ ਨੇ ਰੂਸ ਦੀ ਚੋਟੀ ਦੀ 'ਵਰਸਿਟੀ ਦਾ ਕੀਤਾ ਦੌਰਾ

**ਜਲੰਧਰ (ਸ਼ੈਲੀ ਐਲਬਰਟ)** - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਦੇ 15 ਮੈਂਬਰਾਂ ਨੇ ਹਾਲ ਹੀ ਵਿੱਚ ਸੇਂਟ ਪੀਟਰਸਬਰਗ, ਰੂਸ ਵਿੱਚ ਵਿਸ਼ਵ ਦੀ ਚੋਟੀ ਦੀ ਰੈਂਕਿੰਗ ਵਾਲੀ ਐਚਐਸਈ ਯੂਨੀਵਰਸਿਟੀ ਦਾ ਦੌਰਾ ਕੀਤਾ। ਐਚ.ਐਸ.ਓ. ਪ੍ਰੋ. ਪਵਿਤਰ ਪ੍ਰਕਾਸ਼ ਸਿੰਘ ਅਤੇ ਐਚ.ਓ.ਡੀ ਡਾ. ਜਤਿੰਦਰ ਸਿੰਘ ਦੀ ਅਗਵਾਈ ਹੇਠ 13 ਵਿਦਿਆਰਥੀਆਂ ਦੇ ਸਮੂਹ ਨੂੰ ਐਚਐਸਈ ਯੂਨੀਵਰਸਿਟੀ ਦੇ ਸਹਿਯੋਗ ਨਾਲ ਸਟੂਡੈਂਟ ਐਕਸਚੇਂਜ ਅਤੇ ਸਮਰ ਸਕੂਲ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ । ਪ੍ਰੋਗਰਾਮ ਨੂੰ ਹੋਸਟ ਯੂਨੀਵਰਸਿਟੀ ਦੁਆਰਾ ਫੰਡ ਕੀਤਾ ਗਿਆ ਸੀ । ਆਪਣੇ ਦੌਰੇ ਦੌਰਾਨ, ਐਲਪੀਯੂ ਦੇ ਵਿਦਿਆਰਥੀਆਂ ਦੇ ਸਮੂਹ ਨੇ ਐਚਐਸਈ ਯੂਨੀਵਰਸਿਟੀ ਦੁਆਰਾ ਆਯੋਜਿਤ ਵਿਸ਼ੇਸ਼ ਲੈਕਚਰਾਂ, ਪ੍ਰੋਜੈਕਟਾਂ ਅਤੇ ਲਾਈਵ ਫੰਕਸ਼ਨਾਂ ਵਿੱਚ ਹਿੱਸਾ ਲਿਆ, ਜਿਸ ਵਿੱਚ ਪੱਤਰਕਾਰੀ ਅਤੇ ਜਨ ਸੰਚਾਰ, ਫੈਸ਼ਨ ਅਤੇ ਕਾਨੂੰਨ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ । ਵਿਦਿਆਰਥੀਆਂ ਨੂੰ ਐਚਐਸਈ ਦੇ ਮੁੱਖ ਕੈਂਪਸ ਦਾ ਦੌਰਾ ਕਰਨ ਦਾ ਮੌਕਾ ਵੀ ਮਿਲਿਅ । ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਫੰਕਸ਼ਨ ਸੇਂਟ ਪੀਟਰਸਬਰਗ ਵਿੱਚ ਵੱਕਾਰੀ ਰਾਸ਼ਟਰੀ ਟੀਵੀ ਚੈਨਲ ਐਨਟੀਵੀ ਦਾ ਦੌਰਾ ਸੀ, ਜਿਸ ਨੇ ਵਿਦਿਆਰਥੀਆਂ ਨੂੰ ਉਦਯੋਗ ਬਾਰੇ



ਕੀਮਤੀ ਜਾਣਕਾਰੀ ਪ੍ਰਦਾਨ ਕੀਤੀ । ਐਚਐਸਈ ਯੂਨੀਵਰਸਿਟੀ ਨਾਲ ਇਸ ਦੇ ਸਬੰਧ ਦੇ ਹਿੱਸੇ ਵਜੋਂ, ਐਚਓਐਸ ਪ੍ਰੋ. ਪਵਿੱਤਰ ਪ੍ਰਕਾਸ਼ ਸਿੰਘ ਨੇ ਭਾਰਤ ਅਤੇ ਅੰਤਰਰਾਸ਼ਟਰੀ ਨੀਤੀ ਤੇ ਲੈਕਚਰ ਦਿੱਤਾ, ਜਦ ਕਿ ਐਚਓਡੀ ਡਾ. ਜਤਿੰਦਰ ਸਿੰਘ ਨੇ ਭਾਰਤੀ ਮੀਡੀਆ ਲੈਂਡਸਕੇਪ ਬਾਰੇ ਸਮੁੱਚੀ ਜਾਣਕਾਰੀ ਪ੍ਰਦਾਨ ਕੀਤੀ । ਐਲਪੀਯੂ ਦੇ ਉਪ ਪ੍ਰਧਾਨ ਡਾ: ਅਮਨ ਮਿੱਤਲ ਨੇ ਐਲਪੀਯੂ ਦੇ ਵਿਦਿਆਰਥੀਆਂ ਦੀ ਵਿਸ਼ਵ ਪੱਧਰ 'ਤੇ ਹੋ ਰਹੀਆਂ ਤਬਦੀਲੀਆਂ ਦੇ ਤਜ਼ਰਬਿਆਂ ਤੋਂ ਸਿੱਖਣ ਦੀ ਮਹੱਤਤਾ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਨੇ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਕਿਉਂਕਿ ਇਹ ਨਾ ਸਿਰਫ਼ ਵਿਦਿਆਰਥੀਆਂ ਦੀ ਸੋਚ ਨੂੰ ਵਧਾਉਂਦੇ ਹਨ ਬਲਕਿ ਵਿਦਿਅਕ ਸੰਸਥਾਵਾਂ ਦੇ ਸਬੰਧਾਂ ਨੂੰ ਵੀ ਮਜ਼ਬੂਤ ਕਰਦੇ ਹਨ, ਇੱਕ ਦੂਜੇ ਦੇ ਸੱਭਿਆਚਾਰ ਨੂੰ ਸਮਝਣ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਦੇ ਹਨ। ਐਲਪੀਯੂ ਨੇ ਯੂਨੀਵਰਸਿਟੀ ਦੇ ਨਾਲ ਇੱਕ ਸਮਝੌਤਾ ਵੀ ਕੀਤਾ, ਜਿਸ ਵਿੱਚ ਅਕਾਦਮਿਕ ਆਦਾਨ-ਪ੍ਰਦਾਨ, ਸੰਯੁਕਤ ਸਿੱਖਿਆ ਅਤੇ ਰਿਚਰਸ ਪ੍ਰੋਗਰਾਮ, ਪ੍ਰਸ਼ਾਸਨਿਕ ਅਤੇ ਮੈਨੇਜਮੈਂਟ ਸਟਾਫ ਲਈ ਐਕਸਚੇਂਜ ਪ੍ਰੋਗਰਾਮਾਂ ਦਾ ਵਿਕਾਸ ਅਤੇ ਸਹਿਯੋਗ ਦੇ ਹੋਰ ਨੁਕਤੇ ਸ਼ਾਮਲ ਹਨ । ਵਿਦਿਆਰਥੀਆਂ ਨੇ ਪੁਰਾਤਨ ਸ਼ਹਿਰ ਸੇਂਟ ਪੀਟਰਸਬਰਗ ਦੀ ਫੀਲਡ ਟ੍ਰਿਪ ਕੀਤੀ ਅਤੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਵਿੰਟਰ ਪੈਲੇਸ, ਹਰਮਿਟੇਜ ਮਿਊਜ਼ੀਅਮ, ਸੇਂਟ ਨਿਕੋਲਸ ਨੇਵਲ ਕੈਥੇਡ੍ਰਲ, ਪੀਟਰ ਐਂਡ ਪੌਲ ਫੋਰਟ੍ਰੇਸ, ਸਿਟੀ ਸੈਂਟਰ, ਨੇਵਸਕੀ ਪ੍ਰੋਸਪੇਕਟ, ਕਾਜ਼ਾਨ ਕੈਥੇਡ੍ਰਲ, ਮੰਗਲ ਦਾ ਖੇਤਰ ਵਰਗੀਆਂ ਪ੍ਰਸਿੱਧ ਥਾਵਾਂ ਦਾ ਦੌਰਾ ਕੀਤਾ।

ਇਸ ਯਾਤਰਾ ਨੇ ਵਿਦਿਆਰਥੀਆਂ ਨੂੰ ਰੂਸੀ ਇਤਿਹਾਸ, ਸੱਭਿਆਚਾਰ ਅਤੇ ਆਰਕੀਟੈਕਚਰ ਦੀ ਡੂੰਘੀ ਸਮਝ ਪ੍ਰਦਾਨ ਕੀਤੀ । ਪਿਛਲੇ ਸਾਲ, ਯੂਨੀਵਰਸਿਟੀ ਦੇ 10 ਵਿਦਿਆਰਥੀ ਅਤੇ ਦੋ ਸਟਾਫ਼ ਮੈਂਬਰ, ਡਾ. ਮਿਖਾਇਲ ਟਿਉਰਕਿਨ ਅਤੇ ਡਾ. ਓਕਸਾਨਾ, 10 ਦਿਨਾਂ ਦੇ ਦੌਰੇ ਲਈ ਐਲ.ਪੀ.ਯੂ. ਆਏ ਸੀ।

# ਜ਼ਿਲ੍ਹੇ 'ਚ ਲਗਾਏ ਜਾਣਗੇ 38 ਲੱਖ ਪੌਦੇ : ਜਿੰਪਾ

**ਹੁਸ਼ਿਆਰਪੁਰ,: (ਓਮ ਪ੍ਰਕਾਸ਼ ਰਾਣਾ)**-ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਵਣ ਚੇਤਨਾ ਪਾਰਕ ਬੱਸੀ ਪੁਰਾਣੀ ਵਿਚ ਆਯੋਜਿਤ ਵਣ ਮਹਾਉਤਸਵ ਦੌਰਾਨ ਪੌਦੇ ਲਗਾਉਂਦਿਆਂ ਜ਼ਿਲ੍ਹਾ ਵਾਸੀਆਂ ਨੂੰ ਮਾਨਸੂਨ ਸੀਜ਼ਨ ਦੌਰਾਨ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿਚ ਵੱਧ ਤੋਂ ਵੱਧ ਪੌਦੇ ਲਗਾਉਣ ਨੂੰ ਲੈ ਕੇ ਵਿਸ਼ੇਸ਼ ਹਦਾਇਤ ਦਿੱਤੀ ਗਈ ਹੈ।



ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਚ 38 ਲੱਖ ਪੌਦੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ, ਜੋ ਕਿ ਲੋਕਾਂ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਸੀ. ਐਫ. ਨਾਰਥ ਡਾ. ਸੰਜੀਵ ਕੁਮਾਰ ਤਿਵਾੜੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡੀ.ਐਫ.ਓ ਨਲਿਨ ਯਾਦਵ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਇਸ ਦੌਰਾਨ ਗ੍ਰਾਮ ਪੰਚਾਇਤ ਬੱਸੀ ਪੁਰਾਣੀ ਦਾ ਧੰਨਵਾਦ ਕੀਤਾ, ਜਿਸ ਨੇ ਵਣ ਚੇਤਨਾ ਪਾਰਕ ਦੇ ਨਿਰਮਾਣ ਵਿਚ ਆਪਣਾ ਪੂਰਨ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿੰਡ ਦੀ ਪੰਚਾਇਤ ਹਮੇਸ਼ਾ ਹੀ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ ਨੂੰ ਲਾਗੂ ਕਰਵਾਉਣ ਵਿਚ ਆਪਣਾ ਪੂਰਾ ਯੋਗਦਾਨ ਪਾਉਂਦੀ ਹੈ। ਇਸ ਦੌਰਾਨ ਸਕੂਲ ਦੇ ਬੱਚਿਆਂ ਤੋਂ ਪੌਦੇ ਲਗਵਾਉਂਦੇ ਹੋਏ ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਏ ਜਾਣ। ਉਨ੍ਹਾਂ ਵਿਦਿਆਰਥੀਆਂ ਨੂੰ ਵਣ ਚੇਤਨਾ ਪਾਰਕ ਵਿਚ ਬਣੇ ਨੇਚਰ ਇੰਟਰਪ੍ਰੇਟੇਸ਼ਨ ਸੈਂਟਰ ਦਾ ਦੌਰਾ ਵੀ ਕਰਵਾਇਆ।

ਉਨ੍ਹਾਂ ਕਿਹਾ ਕਿ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਕਰਕੇ ਉਨ੍ਹਾਂ ਨੂੰ ਜਿਊਂਦਾ ਵੀ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦਿਨੋ-ਦਿਨ ਵਾਤਾਵਰਨ ਦਾ ਸੰਤੁਲਨ ਵਿਗੜਦਾ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਵਣ ਖੇਤਰ ਦਾ ਘੱਟ ਹੋਣਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਨ ਸੰਤੁਲਨ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਲੋੜ ਹੈ, ਕਿਉਂਕਿ ਰੁੱਖਾਂ ਨਾਲ ਵਾਤਾਵਰਨ ਸੰਤੁਲਨ ਬਣਿਆ ਰਹਿੰਦਾ ਹੈ।

ਜਿੰਪਾ ਨੇ ਕਿਹਾ ਕਿ ਅਸੀਂ ਲੋਕਾਂ ਤੱਕ ਸੰਦੇਸ਼ ਪਹੁੰਚਾਉਣਾ ਚਾਹੁੰਦੇ ਹਾਂ ਕਿ ਹਰਿਆਲੀ ਲਈ ਪੌਦੇ ਲਗਾਉਣਾ ਕਿੰਨਾ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਬੱਚਿਆਂ ਦੇ ਜਨਮ ਦਿਨ ਅਤੇ ਬਜ਼ੁਰਗਾਂ ਦੀ ਯਾਦ ਵਿਚ ਪੌਦੇ ਲਗਾਉਣ। ਇਸ ਨਾਲ ਪੌਦੇ ਦੇ ਨਾਲ ਵਿਸ਼ੇਸ਼ ਲਗਾਅ ਬਣਦਾ ਹੈ। ਉਨ੍ਹਾਂ ਕਿਹਾ ਕਿ ਉਹ ਪੌਦੇ ਲਗਾਉਣ ਤੋਂ ਬਾਅਦ ਘੱਟ ਤੋਂ ਘੱਟ ਤਿੰਨ ਜਾਂ ਚਾਰ ਸਾਲ ਪੌਦੇ ਦੀ ਦੇਖਭਾਲ ਵੀ ਜ਼ਰੂਰ ਕਰਨ। ਇਸ ਦੌਰਾਨ ਕੈਬਨਿਟ ਮੰਤਰੀ ਨੇ ਵਣ ਵਿਭਾਗ ਵੱਲੋਂ ਲਗਾਏ ਗਏ ਸਟਾਲਾਂ ਦਾ ਵੀ ਦੌਰਾ ਕੀਤਾ। ਇਸ ਮੌਕੇ ਡਿਪਟੀ ਡੀ.ਈ.ਓ (ਸ) ਧੀਰਜ ਵਸ਼ਿਸ਼ਟ, ਡਿਪਟੀ ਡੀ.ਈ.ਓ (ਅ) ਸੁਖਵਿੰਦਰ ਸਿੰਘ, ਰੇਂਜ ਅਫ਼ਸਰ ਜਤਿੰਦਰ ਸਿੰਘ, ਪ੍ਰੀਤਪਾਲ, ਰਾਜਨ ਸੈਣੀ, ਵਿਸ਼ਾਲ ਮੋਨੂੰ, ਮਦਨ ਲਾਲ, ਬਿਮਲ ਤਲਵਾੜ, ਸ਼ਰੀਫ, ਵਰਿੰਦਰ ਵੈਦ, ਸੁਮੇਸ਼ ਸੈਣੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਬਾਬਾ ਅਬਦੁੱਲਾ ਸ਼ਾਹ ਕਾਦਰੀ ਦੇ ਚਾਲੀਵੇਂ 'ਤੇ ਦੁਆ ਕੀਤੀ



**ਬੰਗਾ (ਅਵਤਾਰ ਕਲੇਰ)**- ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਬਾਬਾ ਅਬਦੁੱਲਾ ਸ਼ਾਹ ਕਾਦਰੀ ਦੇ ਚਾਲੀਵੇਂ 'ਤੇ ਦੁਆ ਕੀਤੀ, ਫਾਤੀਆ ਦਰੂਦ ਪੜ੍ਹਿਆ ਗਿਆ। ਮੁਨੱਵਰ ਅਲੀ, ਖਲੀਫਾ ਮੁਹੰਮਦ ਸਲੀਮ ਮਲੇਰਕੋਟਲਾ ਅਤੇ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਵਲੋਂ ਦਾਤਾ ਦੇ ਕਦਮਾਂ 'ਚ ਕੁਲ ਲੋਕਾਈ ਦੇ ਭਲੇ ਲਈ ਦੁਆ ਕੀਤੀ ਗਈ, ਉਪਰੰਤ ਕਵਾਲੀ ਦੀ ਮਹਿਫ਼ਿਲ ਹੋਈ। ਬਾਬਾ ਅਬਦੁੱਲਾ ਸ਼ਾਹ ਕਾਦਰੀ ਦਾ ਜਨਮ 1795 ਈਸਵੀ ਨੂੰ ਬਗ਼ਦਾਦ ਸ਼ਹਿਰ 'ਚ ਹੋਇਆ ਅਤੇ 1908 ਈਸਵੀ ਨੂੰ ਮੰਢਾਲੀ ਵਿਖੇ ਪ੍ਰਲੋਕ ਗਮਨ ਕਰ ਗਏ। ਵੱਖ ਵੱਖ ਦਰਬਾਰਾਂ ਤੋਂ ਸਾਈਂ ਜੀਤ ਸ਼ਾਹ ਰੁੜਕਾ ਕਲਾਂ, ਸਾਈਂ ਫੱਕਰ ਸ਼ਾਹ ਦਾਦੂਵਾਲ, ਬਾਬਾ ਸੋਢੀ ਭਗਤ ਲਲਵਾਨ, ਬਾਬਾ ਕੁਲਰਾਜ ਮੁਹੰਮਦ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਬਾਬਾ ਗੱਗੀ, ਮੁਹੰਮਦ ਆਸ਼ਿਕ ਨੀਲਾ, ਡਾ. ਜਗਦੀਸ਼ ਮੁਹੰਮਦ, ਚੈਨ ਸਿੰਘ ਪਰਸੋਵਾਲ, ਹਨੀ, ਡਾ. ਮੋਹਣ ਲਾਲ ਬੱਧਣ, ਨੂਰ ਮੁਹੰਮਦ, ਹਰਪ੍ਰੀਤ ਜੱਖੂ, ਅਮਰਜੀਤ ਜੀਤਾ, ਸੋਨੂੰ ਜੱਸੋਮਜਾਰਾ, ਪੱਪੀ ਅਨੀਹਰ, ਸਚਿਨ ਜੰਡਿਆਲੀ, ਸੀਤਲ, ਜੀਤ ਰਾਮ, ਚੰਨੀ ਆਦਿ ਹਾਜ਼ਰ ਸਨ।

# ਲੋਕਾਂ ਨੂੰ ਹੜ੍ਹ ਦੀ ਮਾਰ ਤੋਂ ਬਚਾਉਣ ਲਈ ਪੁਖਤਾ ਪ੍ਰਬੰਧਾਂ ਲਈ ਦ੍ਰਿੜ੍ਹ ਹਾਂ : ਰਾਣਾ ਹਰਦੀਪ

**ਸ਼ਾਹਕੋਟ(ਗਿਆਨ ਸੈਦਪੁਰੀ)** 'ਮੈਂ ਗਿੱਦੜਪਿੰਡੀ ਖੇਤਰ ਵਿੱਚ ਹੜ੍ਹਾਂ ਦੀ ਭਿਆਨਕਤਾ ਅੱਖੀਂ ਦੇਖੀ ਹੋਈ ਹੈ। ਇਸ ਲਈ ਮੈਂ ਦ੍ਰਿੜ ਇਰਾਦਾ ਕੀਤਾ ਹੋਇਆ ਹੈ ਕਿ ਹੜ੍ਹ ਰੋਕਣ ਦੇ ਪੁਖਤਾ ਪ੍ਰਬੰਧ ਕਰਵਾ ਕੇ ਖੇਤਰ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾ ਸਕੇ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਭਾਜਪਾ ਆਗੂ ਰਾਣਾ ਹਰਦੀਪ ਸਿੰਘ ਨੇ ਗਿੱਦੜਪਿੰਡੀ ਪੁਲ 'ਤੇ ਹੜ੍ਹ ਰੋਕੂ ਕਮੇਟੀ ਅਤੇ ਇਕੱਤਰ ਹੋਏ ਹੋਰ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਹੜ੍ਹਾਂ ਦੀ ਸਮੱਸਿਆ ਸਬੰਧੀ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਉਨ੍ਹਾਂ ਨੇ ਹਰ ਤਰਾਂ ਦੀ ਸਹਾਇਤਾ ਦੇਣ ਦਾ ਵਿਸ਼ਵਾਸ ਦਿਵਾਇਆ ਹੈ। ਰਾਣਾ ਹਰਦੀਪ ਸਿੰਘ ਨੇ ਮੌਕੇ 'ਤੇ ਰੇਲਵੇ ਦੇ ਅਧਿਕਾਰੀਆਂ, ਡੀਸਿਲਟਿੰਗ ਦਾ ਕੰਮ ਕਰਵਾ ਰਹੀ ਜੀ. ਆਰ ਇਨਫਰਾ ਪ੍ਰੋਜੈਕਟ ਲਿਮ. ਕੰਪਨੀ ਦੇ ਨੁਮਾਇੰਦਿਆਂ ਅਤੇ ਡਰੇਨਜ਼ ਵਿਭਾਗ ਦੇ ਅਫ਼ਸਰਾਂ ਨੂੰ ਬੁਲਾ ਕੇ ਹੜ੍ਹ ਦੀ ਸਮੱਸਿਆ ਨੂੰ ਸਦਾ ਲਈ ਖਤਮ ਕਰਨ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਗੱਲਬਾਤ ਕੀਤੀ।ਮੌਕੇ 'ਤੇ ਇਕੱਤਰ ਖੇਤਰ ਦੇ ਲੋਕਾਂ ਨੇ ਦੱਸਿਆ ਕਿ ਗਿੱਦੜਪਿੰਡੀ ਨੇੜੇ ਦਰਿਆ ਸਤਲੁਜ 'ਤੇ ਡੀਸਿਲਟਿੰਗ ਦਾ ਕੰਮ ਚੱਲ ਰਿਹਾ ਹੈ। ਗਾਰ ਨਾਲ ਭਰੇ ਟਿੱਪਰਾਂ ਦੇ ਨਿਕਾਸ ਲਈ ਉਚਿਤ ਰਸਤਾ ਨਹੀਂ ਹੈ। ਇਸ ਲਈ ਰੇਲਵੇ ਟਰੈਕ 'ਤੇ ਇੱਕ ਆਰਜ਼ੀ ਲਾਂਘਾ (ਫਾਟਕ) ਬਣਵਾਇਆ ਜਾਵੇ। ਇਸ ਤੋਂ ਇਲਾਵਾ ਪੁਲ ਹੇਠ ਬਣੀਆਂ ਕੈਂਚੀਆਂ ਉਚਿਤ ਢੰਗ ਨਾਲ ਲਾਈਆਂ ਜਾਣ ਤਾਂ ਕਿ ਦਰਿਆ ਵਿੱਚ ਰੁੜ੍ਹ ਕੇ ਆਇਆ ਮਲਬਾ ਰੁਕ ਕੇ ਪਾਣੀ ਦੀ ਡਾਫ ਨਾ ਬਣਾਵੇ। ਲੋਕਾਂ ਨੇ ਦਰਿਆ ਦੇ ਵਿੱਚ ਸੈਂਕੜੇ ਏਕੜ 'ਤੇ ਕਾਬਜ਼ ਲੋਕਾਂ ਕੋਲੋਂ ਕਬਜ਼ਾ ਛਡਵਾਉਣ ਦੀ ਵੀ ਮੰਗ ਕੀਤੀ। ਪਿੰਡ ਗਿੱਦੜਪਿੰਡੀ, ਚੰਨਣ ਵਿੰਡੀ, ਤਕੀਆ, ਕਿਲੀਵਾੜਾ, ਵਾਟਾਂ ਵਾਲੀ, ਯੂਸਫਪੁਰ, ਦਾਰੇਵਾਲ, ਨਸੀਰਪੁਰ, ਮਹਿਰਾਜਵਾਲਾ, ਝੁੱਗੀਆਂ, ਗੱਟਾ ਮੁੰਡੀ ਕਾਸੂ, ਜਾਣੀਆ ਚਾਹਲ, ਚੱਕ ਵਡਾਲਾ, ਧੱਕਾ ਬਸਤੀ, ਮੰਢਾਲਾ ਛੰਨਾਂ, ਟਿੱਬੀ ਆਦਿ ਪਿੰਡਾਂ ਦੇ ਲੋਕਾਂ ਦੀ ਵਿਥਿਆ ਸੁਣਨ ਉਪਰੰਤ ਰਾਣਾ ਹਰਦੀਪ ਸਿੰਘ ਨੇ ਰੇਲਵੇ ਵਿਭਾਗ ਦੇ ਡਵੀਜ਼ਨਲ ਇੰਜੀਨੀਅਰ ਰਾਮੇਸ਼ ਸੰਲੋਕੀ, ਡਰੇਨਜ਼ ਵਿਭਾਗ ਦੇ ਐਸ. ਡੀ. ਓ. ਮਨੋਹਰ ਧੀਰ, ਜੀ. ਆਰ ਇਨਫਰਾ ਪ੍ਰੋਜੈਕਟ ਦੇ ਨੁਮਾਇੰਦੇ ਦੁਸ਼ਯੰਤ ਨਾਲ ਮਸਲੇ ਦੇ ਹੱਲ ਲਈ ਤਰਕੀਬ ਲਈ ਚਰਚਾ ਕੀਤੀ। ਚਰਚਾ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਗਿੱਦੜਪਿੰਡੀ ਰੇਲਵੇ ਪੁਲ ਤੋਂ ਦਰਿਆ ਨੂੰ ਫੈਲ ਕੇ ਚੱਲਣ ਵਿੱਚ ਇੱਥੇ ਜੰਮੀ ਹੋਈ ਮਿੱਟੀ ਰੁਕਾਵਟ ਬਣਦੀ ਹੈ। ਬਰਸਾਤ ਅਤੇ ਹੜ੍ਹ ਆਉਣ ਦੀ ਸੰਭਾਵਨਾ ਦੇ ਮੱਦੇਨਜ਼ਰ ਜੰਮੀ ਹੋਈ ਮਿੱਟੀ ਜਾਂ ਗਾਰ ਨੂੰ ਤੇਜ਼ੀ ਨਾਲ ਬਾਹਰ ਕੱਢਣ ਦੀ ਪਰਮ ਅਗੇਤ ਦਿੱਤੀ ਜਾਣੀ ਜ਼ਰੂਰੀ ਹੈ। ਇਹ ਤੱਦ ਹੀ ਸੰਭਵ ਹੈ ਜੇਕਰ ਰੇਲਵੇ ਟਰੈਕ 'ਤੇ ਆਰਜ਼ੀ ਰੇਲਵੇ ਫਾਟਕ ਬਣਾਇਆ ਜਾਵੇ। ਇਸ ਕੰਮ ਲਈ ਰੇਲਵੇ ਵਿਭਾਗ ਵੱਲੋਂ ਮਨਜ਼ੂਰੀ ਲੈਣੀ ਪੈਣੀ ਹੈ। ਰਾਣਾ ਹਰਦੀਪ ਸਿੰਘ ਨੇ ਮੌਕੇ 'ਤੇ ਹੀ ਡਰੇਨਜ਼ ਵਿਭਾਗ ਵੱਲੋਂ ਰੇਲਵੇ ਵਿਭਾਗ ਨੂੰ ਫਾਟਕ ਦੀ ਮਨਜ਼ੂਰੀ ਲਈ ਚਿੱਠੀ ਲਿਖਵਾਈ।ਇਹ ਚਿੱਠੀ ਐਗਜੈਕਟਿਵ ਇੰਜਨੀਅਰ-ਕਮ-ਜ਼ਿਲ੍ਹਾ ਮਾਈਨਿੰਗ ਅਫਸਰ ਜਲੰਧਰ ਅਤੇ ਸਬ ਡਵੀਜ਼ਨਲ ਅਫਸਰ-ਕਮ-ਸਹਾਇਕ ਜ਼ਿਲ੍ਹਾ ਮਾਈਨਿੰਗ ਅਫਸਰ ਨਕੋਦਰ ਦੇ ਦਸਤਖਤ ਹੇਠ ਡਵੀਜ਼ਨ ਰੇਲਵੇ ਮੈਨੇਜਰ ਫਿਰੋਜ਼ਪੁਰ ਨੂੰ ਲਿਖੀ ਗਈ ਹੈ। ਚਿੱਠੀ ਦੀ ਇਬਾਰਤ ਵਿੱਚ ਪ੍ਰਸਥਿਤੀਆ ਦਾ ਵਰਨਣ ਕਰਦਿਆਂ ਅਪੀਲ ਕੀਤੀ ਗਈ ਹੈ। ਘੱਟੋ ਘੱਟ ਤਿੰਨ ਮਹੀਨਿਆਂ ਲਈ ਰੇਲਵੇ ਫਾਟਕ ਬਣਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਰਾਣਾ ਹਰਦੀਪ ਸਿੰਘ ਵੱਲੋਂ ਫਾਟਕ ਬਣਾਉਣ ਦੀ ਪ੍ਰਕ੍ਰਿਆ ਫੌਰਨ ਸ਼ੁਰੂ ਕਰਵਾਉਣ ਦੀ ਕਾਰਵਾਈ ਦੀ ਲੋਕਾਂ ਵੱਲੋਂ ਸ਼ਲਾਘਾ ਕੀਤੀ ਗਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯਾਦਵਿੰਦਰ ਸਿੰਘ, ਹੜ੍ਹ ਰੋਕੂ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੰਮੂ, ਕਮਲਜੀਤ ਸਿੰਘ ਲਾਲੀ ਤੇ ਅੰਮ੍ਰਿਤਪਾਲ ਸਿੰਘ ਜੋਨਾ (ਦੋਵੇਂ ਪੀ.ਏ) ਮੌਜੂਦ ਸਨ।





ਹੜ੍ਹ ਰੋਕੂ ਕਮੇਟੀ ਨਾਲ ਗੱਲਬਾਤ ਕਰਦੇ ਹੋਏ ਭਾਜਪਾ ਆਗੂ ਰਾਣਾ ਹਰਦੀਪ ਸਿੰਘ ਅਤੇ ਰੇਲਵੇ ਦੇ ਡਵੀਜ਼ਨਲ ਇੰਜੀਨੀਅਰ ਰਮੇਸ਼ ਸੋਲੰਕੀ ਰੇਲਵੇ ਪੁਲ 'ਤੇ ਬਣੀਆਂ ਪ੍ਰਸਥਿਤੀਆਂ ਬਾਰੇ ਰਾਣਾ ਹਰਦੀਪ ਸਿੰਘ ਨੂੰ ਜਾਣਕਾਰੀ ਦਿੰਦੇ ਹੋਏ।

# ਕਿਸਾਨੀ ਹੱਕਾਂ ਲਈ ਜਥੇਬੰਦੀਆਂ ਵੱਲੋਂ ਦਿੱਲੀ ਵੱਲ ਕੂਚ ਕਰਨ ਦੇ ਐਲਾਨ ਦਾ ਸਮਰਥਨ : ਦੇਹਰੀਵਾਲ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਪਿਛਲੇ ਸਮੇਂ ਤੋਂ ਕਿਸਾਨੀ ਹੱਕਾਂ ਲਈ ਦਿੱਲੀ ਜਾ ਰਹੇ ਕਿਸਾਨਾਂ ਨੂੰ ਹਰਿਆਣਾ ਸਰਕਾਰ ਨੇ ਸ਼ੰਭੂ ਬਾਰਡਰ ਅਤੇ ਹੋਰ ਥਾਵਾਂ 'ਤੇ ਭਾਰੀ ਬੈਰੀਕੇਡ ਅਤੇ ਪੁਲਸ ਜਬਰ ਕਰਦਿਆਂ ਰੋਕਿਆ ਹੋਇਆ ਹੈ ਜਿਸ ਸਬੰਧੀ ਪੰਜਾਬ ਹਰਿਆਣਾ ਹਾਈਕੋਰਟ ਅਤੇ ਮਾਣਯੋਗ ਸੁਪਰੀਮ ਕੋਰਟ ਵਲੋਂ ਇਸ ਨੂੰ ਤੁਰੰਤ ਖੋਲ੍ਹਣ ਦੇ ਨਿਰਦੇਸ਼ਾਂ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਵੱਲ ਕੂਚ ਕਰਨ ਦੇ ਐਲਾਨ ਦਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਪੂਰਨ ਰੂਪ ਵਿੱਚ ਸਮਰਥਨ ਕਰਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੁਲਦੀਪ ਸਿੰਘ ਦੇਹਰੀਵਾਲ ਸਰਕਲ ਪ੍ਰਧਾਨ ਟਾਂਡਾ ਨੇ ਜਥੇਬੰਦੀ ਦੀ ਬੁਆ ਬਾਈ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਕੀਤਾ। ਇਸ ਸਮੇਂ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਮਤਿਆਂ 'ਚ ਕਿਹਾ ਗਿਆ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਬਾਰੇ ਪ੍ਰੋਪੇਗੰਡਾ ਕੀਤਾ ਜਾ ਰਿਹਾ ਹੈ ਪਰ ਕੰਡੀ ਕਨਾਲ ਨਹਿਰ ਦੇ ਮੋਘਿਆਂ ਵਿੱਚ ਕੋਈ ਪਾਣੀ ਨਹੀਂ ਛੱਡਿਆ ਜਾ ਰਿਹਾ, ਜਿਸ ਦੀ ਇਸ ਸਮੇਂ ਕਿਸਾਨਾਂ ਨੂੰ ਬੇਹੱਦ ਲੋੜ ਹੈ। ਕਿਸਾਨਾਂ ਨੂੰ ਮਿਲਣ ਵਾਲੇ ਯੂਰੀਆ ਖਾਦ ਨੂੰ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਭ੍ਰਿਸ਼ਟਾਚਾਰ ਕਰਦਿਆਂ ਦੋ ਨੰਬਰ ਵਿੱਚ ਵੇਚਿਆ ਜਾ ਰਿਹਾ ਹੈ ਜਿਸ ਦੀ ਉੱਚ ਪੱਧਰੀ ਜਾਂਚ ਹੋ ਕੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ ਅਤੇ ਕਿਸਾਨਾਂ ਨੂੰ ਦਿੱਤੇ ਗੈਰ ਮਿਆਰੀ ਖਾਦ ਘਪਲੇ ਦੀ ਤੁਰੰਤ ਜਾਂਚ ਹੋ ਕੇ ਦੋਸ਼ੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

ਵੱਖ-ਵੱਖ ਫੈਕਟਰੀਆਂ ਵੱਲੋਂ ਪਲੂਸ਼ਨ ਬੋਰਡ ਦੇ ਅਧਿਕਾਰੀਆਂ ਦੀ ਮਿਲ ਭੁਗਤ ਨਾਲ ਫੈਕਟਰੀਆਂ ਦਾ ਗੰਦਾ ਪਾਣੀ ਆਮ ਰਸਤਿਆਂ ਵਿੱਚ ਪਾ ਕੇ ਉਨ੍ਹਾਂ ਦਾ ਭਾਰੀ ਨੁਕਸਾਨ ਕੀਤਾ ਜਾ ਰਿਹਾ ਹੈ ਜਿਸ 'ਤੇ ਵੀ ਤੁਰੰਤ ਰੋਕ ਲੱਗਣੀ ਚਾਹੀਦੀ। ਇਸ ਸਮੇਂ ਗੁਰਦੀਪ ਸਿੰਘ ਖੁਣ ਖੁਣ, ਰਣਧੀਰ ਸਿੰਘ ਅਸਲਪੁਰ, ਹਰਪ੍ਰੀਤ ਸਿੰਘ ਲਾਲੀ, ਕਰਨੈਲ ਸਿੰਘ ਢੱਡੇ, ਬਲਵੀਰ ਸਿੰਘ ਬੱਗੋਵਾਲ, ਸਰਪੰਚ ਬਲਵਿੰਦਰ ਸਿੰਘ ਕਾਂਟੀਆਂ, ਸਰਪੰਚ ਰਾਜ ਕੁਮਾਰ ਪੰਡੋਰੀ ਖਜੂਰ, ਮਲਕੀਅਤ ਸਿੰਘ ਆਲੋਵਾਲ, ਬਿਕਰ ਸਿੰਘ ਸ਼ੇਰਪੁਰ, ਜਗਤ ਸਿੰਘ ਲੰਬੜਦਾਰ, ਸਤਵੰਤ ਸਿੰਘ ਮੁਰਾਦਪੁਰ, ਕਿਰਪਾਲ ਸਿੰਘ ਪੰਡੋਰੀ ਖਜੂਰ, ਜਸਪਾਲ ਸਿੰਘ ਖੁਣਖੁਣ ਖੁਰਦ, ਪ੍ਰਿਤਪਾਲ ਸਿੰਘ ਮੁਰਾਦਪੁਰ, ਅਜੀਤ ਸਿੰਘ ਬਸੀ ਮੁੱਦਾ, ਇੰਦਰਜੀਤ ਸਿੰਘ ਬਸੀ ਮਰੂਫ, ਅਮਨਦੀਪ ਸਿੰਘ ਬਸੀ ਕਾਸੋ ਆਦਿ ਵੱਡੀ ਪੱਧਰ ਤੇ ਹਾਜ਼ਰ ਸਨ।

## ਜੋਗਿੰਦਰ ਮਾਨ ਦਾ ਵਿਕਾਸ ਕਾਰਜਾਂ ਦੇ ਨਾਂਅ 'ਤੇ ਰੀਬਨ ਕੱਟਣਾ ਸੁਰਖੀਆਂ ਬਟੋਰਨ ਦਾ ਹਥਕੰਡਾ : ਭਾਜਪਾ

**ਫਗਵਾੜਾ, (ਡਾ. ਰਮਨ, ਢੱਡਾ)** – ਭਾਜਪਾ ਦੇ ਸੀਨੀਅਰ ਆਗੂਆਂ ਨੇ ਸੱਤਾਧਾਰੀ 'ਆਪ' ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵੱਲੋਂ ਵਿਕਾਸ ਕਾਰਜਾਂ ਦੇ ਨਾਂ 'ਤੇ ਰਿਬਨ ਕੱਟਣ ਨੂੰ ਖ਼ਬਰਾਂ 'ਚ ਬਣੇ ਰਹਿਣ ਦਾ ਹਥਕੰਡਾ ਕਰਾਰ ਦਿੱਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਰਮੇਸ਼ ਸਚਦੇਵਾ, ਸਾਬਕਾ ਮੇਅਰ ਅਰੁਣ ਖੋਸਲਾ ਅਤੇ ਪੰਕਜ ਚਾਵਲਾ ਨੇ ਕਿਹਾ ਕਿ 'ਆਪ' ਪਾਰਟੀ ਦੇ ਹਲਕਾ ਇੰਚਾਰਜ ਨੇ ਹਾਲ ਹੀ ਵਿੱਚ ਪੁਰਾਣੀ ਦਾਣਾ ਮੰਡੀ ਵਿਖੇ ਵਿਕਾਸ ਦੇ ਕੰਮ ਸ਼ੁਰੂ ਕਰਵਾਉਣ ਦੇ ਨਾਮ ਤੇ ਰਿਬਨ ਕੱਟ ਕੇ ਅਖ਼ਬਾਰਾਂ ਦੀਆਂ ਸੁਰਖੀਆਂ ਬਟੋਰੀਆਂ ਸਨ, ਪਰ ਸਚਾਈ ਇਹ ਹੈ ਕਿ ਪੁਰਾਣੀ ਦਾਣਾ ਮੰਡੀ ਵਿੱਚ ਕੋਈ ਵਿਕਾਸ ਕਾਰਜ ਸ਼ੁਰੂ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਬਰਸਾਤ ਦਾ ਮੌਸਮ ਚਲ ਰਿਹਾ ਹੈ ਅਤੇ ਅਗਲੇ ਦੋ ਮਹੀਨਿਆਂ ਤੱਕ ਨਾ ਤਾਂ ਨਿਗਮ ਵੱਲੋਂ ਕੋਈ ਸੜਕ ਬਣਾਈ ਜਾਣੀ ਹੈ ਅਤੇ ਨਾ ਹੀ ਬਰਸਾਤ ਦੇ ਮੌਸਮ ਤੋਂ ਪ੍ਰਭਾਵਿਤ ਹੋਣ ਵਾਲਾ ਕੋਈ ਹੋਰ ਕੰਮ ਕੀਤਾ ਜਾ ਸਕਦਾ ਹੈ। ਸਾਬਕਾ ਮੇਅਰ ਖੋਸਲਾ ਨੇ ਕਿਹਾ ਕਿ ਜੇਕਰ ਕਿਤੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਜਾਂਦਾ ਹੈ ਤਾਂ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਉੱਥੇ ਕਿਹੜਾ ਕੰਮ ਸ਼ੁਰੂ ਹੋਇਆ ਹੈ ਤਾਂ ਜੋ ਜਨਤਾ ਵੀ ਦੇਖ ਸਕੇ ਕਿ ਉਹ ਕੰਮ ਅਸਲ 'ਚ ਹੋ ਵੀ ਰਿਹਾ ਹੈ ਜਾਂ ਨਹੀਂ। ਭਾਜਪਾ ਆਗੂਆਂ ਨੇ ਕਿਹਾ ਕਿ ਸ਼ਹਿਰ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਹੈ। ਸੜਕਾਂ ਦਾ ਬੁਰਾ ਹਾਲ ਹੈ। ਬੰਗਾ ਰੋਡ ਸਮੇਤ ਹੋਰ ਮੁੱਖ ਸੜਕਾਂ 'ਤੇ ਵੱਡੇ-ਵੱਡੇ ਡੂੰਘੇ ਟੋਏ ਵਿਕਾਸ ਦੀ ਪੋਲ ਖੋਲ੍ਹ ਰਹੇ ਹਨ। ਪਤਾ ਨਹੀਂ ਆਪ ਪਾਰਟੀ ਦੇ ਆਗੂ ਕਿਹੜੇ ਵਿਕਾਸ ਦੀ ਗੱਲ ਕਰਦੇ ਹਨ। ਸਚਦੇਵਾ ਅਤੇ ਚਾਵਲਾ ਨੇ 'ਆਪ' ਆਗੂਆਂ ਅਤੇ ਸੂਬਾ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਸਚਾਈ ਇਹ ਹੈ ਕਿ ਜਦੋਂ ਤੋਂ ਪੰਜਾਬ 'ਚ ਭਗਵੰਤ ਮਾਨ ਦੀ ਸਰਕਾਰ ਬਣੀ ਹੈ, ਪੰਜਾਬ ਵਿਕਾਸ ਦੀ ਰਾਹ 'ਤੇ ਕਾਫੀ ਪਛੜ ਗਿਆ ਹੈ। ਫਗਵਾੜਾ ਦਾ ਵਿਕਾਸ ਵੀ ਠੱਪ ਹੋ ਗਿਆ ਹੈ। ਜੇਕਰ ਪਿਛਲੇ ਢਾਈ ਸਾਲਾਂ 'ਚ ਭਗਵੰਤ ਮਾਨ ਸਰਕਾਰ ਤੋਂ 'ਆਪ' ਪਾਰਟੀ ਦੇ ਆਗੂ ਫਗਵਾੜਾ ਲਈ ਕੋਈ ਵੱਡਾ ਪ੍ਰੋਜੈਕਟ ਲੈ ਕੇ ਆਏ ਹਨ ਤਾਂ ਜਨਤਾ ਨੂੰ ਦੱਸਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਭਗਵੰਤ ਮਾਨ ਸਰਕਾਰ ਕਾਰਪੋਰੇਸ਼ਨ ਚੋਣਾਂ ਦਾ ਐਲਾਨ ਕਰੇ ਤਾਂ ਜੋ ਫਗਵਾੜਾ ਸ਼ਹਿਰ ਦੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਮੁੜ ਤੋਂ ਸ਼ੁਰੂ ਕਰਵਾਇਆ ਜਾ ਸਕੇ।

# ਤਪ ਅਸਥਾਨ ਬਾਬਾ ਸ੍ਰੀਚੰਦ ਵਿਖੇ ਮੁਫ਼ਤ ਮੈਡੀਕਲ ਤੇ ਅੱਖਾਂ ਦਾ ਜਾਂਚ ਕੈਂਪ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਾਇਨ ਕਲੱਬ ਐਕਟਿਵ ਨਵਾਂਸ਼ਹਿਰ 321ਡੀ ਜ਼ੋਨਲ ਚੇਅਰਮੈਨ ਕੁਲਦੀਪ ਭੂਸ਼ਨ ਖੰਨਾ ਅਤੇ ਡਿਪਟੀ ਗਵਰਨਰ ਠੇਕੇਦਾਰ ਤਰਲੋਚਨ ਸਿੰਘ ਵਿਰਦੀ ਨੇ ਦੱਸਿਆ ਕਿ ਹਰ ਸੰਗਰਾਂਦ ਦੇ ਦਿਹਾੜੇ 'ਤੇ ਗੁਰਦੁਆਰਾ ਟਾਹਲੀ ਸਾਹਿਬ ਧਾਰਮਿਕ ਤਪ ਅਸਥਾਨ ਬਾਬਾ ਸ੍ਰੀ ਚੰਦ ਨਵਾਂਸ਼ਹਿਰ ਵਿਖੇ ਮੁਫ਼ਤ ਮੈਡੀਕਲ ਅਤੇ ਅੱਖਾਂ ਦਾ ਜਾਂਚ ਕੈਂਪ ਸਵੇਰੇ 10 ਵਜੇ ਤੋਂ 1 ਵਜੇ ਤੱਕ ਲਗਾਇਆ ਗਿਆ । ਉਨ੍ਹਾਂ ਕਿਹਾ ਕਿ ਕਲੱਬ ਦੇ ਪ੍ਰਧਾਨ ਗੁਰਦੀਪ ਸਿੰਘ ਸੂਚ ਅਮਰੀਕਾ ਦੀ ਅਗਵਾਈ ਹੇਠ ਮਨੁੱਖਤਾ ਦੇ ਭਲੇ ਲਈ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਵਾਤਾਵਰਨ ਨੂੰ ਬਚਾਉਣ ਲਈ 300 ਬੂਟੇ ਵੰਡੇ ਗਏ।ਇਸ ਤੋਂ ਇਲਾਵਾ ਲਾਇਨ ਕਲੱਬ ਦੇ ਨਵੇਂ ਮੈਂਬਰਾਂ ਨੂੰ ਬੈਜ ਲਾ ਕੇ ਸਨਮਾਨਤ ਕੀਤਾ ਗਿਆ। ਡਿਪਟੀ ਗਵਰਨਰ ਵਿਰਦੀ ਨੇ ਕਿਹਾ ਕਿ ਇਸ ਸਮਾਗਮ ਕਮੇਟੀ ਦੇ ਚੇਅਰਮੈਨ ਚੇਤ ਰਾਮ ਰਤਨ ਸੀਨੀਅਰ ਕੌਂਸਲਰ ਨੂੰ ਨਿਯੁਕਤ ਕੀਤਾ ਗਿਆ। ਅੱਖਾਂ ਦੇ ਮਾਹਰ ਡਾ. ਦੀਪਕ ਪਾਂਡੇ ਗੜ੍ਹਸ਼ੰਕਰ ਅਤੇ ਸੰਜੀਵ ਕੁਮਾਰ ਸੂਰੀ ਪੰਚਾਇਤ ਸੈਕਟਰੀ, ਆਦਿ ਨਵੇਂ ਮੈਂਬਰਾਂ ਨੂੰ ਬੈਜ ਲਾ ਕੇ ਸਨਮਾਨਿਤ ਕੀਤਾ ਗਿਆ । ਅੱਜ ਸੰਗਰਾਂਦ ਮੌਕੇ ਆਈ ਵੀ ਆਈ ਹਸਪਤਾਲ, ਨਵਦੀਪ ਆਈ ਕੇਅਰ ਸੈਂਟਰ ਟੀਮ ਵਲੋਂ ਲਾਇਨ ਕਲੱਬ ਐਕਟਿਵ ਮੈਡੀਕਲ ਕੈਂਪ ਅਤੇ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ। ਇਸ ਕੈਂਪ ਵਿੱਚ ਅੱਖਾਂ ਦੇ ਰੋਗਾਂ ਦੇ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਅਤੇ ਦਵਾਈਆਂ ਵੀ ਵੰਡੀਆਂ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਸਮਾਜ ਸੇਵਕ ਕੁਲਵਿੰਦਰ ਸਿੰਘ ਭਾਰਟਾ ਪ੍ਰਧਾਨ ਲੋਕ ਭਲਾਈ ਸੇਵਾ ਸੁਸਾਇਟੀ ਲੁਧਿਆਣਾ ਅਤੇ ਲਾਇਨ ਕਲੱਬ ਦੇ ਗਵਰਨਰ ਰਛਪਾਲ ਸਿੰਘ ਬੱਚਾਜੀਵੀ ਸਟਾਰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਮਾਜ ਸੇਵਾ ਅਤੇ ਪੱਤਰਕਾਰੀ ਖੇਤਰ ਵਿੱਚ ਭੂਮਿਕਾ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਗਿਆ। ਇਸ ਮੌਕੇ ਭੁਪਿੰਦਰ ਸਿੰਘ ਸੈਣੀ ਸਾਬ ਕਾ ਚੇਅਰਮੈਨ, ਗੁਰਚਰਨ ਸਿੰਘ ਖਜ਼ਾਨਚੀ, ਸੰਜੀਵ ਕੁਮਾਰ ਕੈਂਥ, ਜਸਕਰਨ ਸਿੰਘ, ਮਨਪ੍ਰੀਤ ਸਿੰਘ, ਮੈਡਮ ਜਸਵਿੰਦਰ ਕੌਰ ਅਤੇ ਰਾਜਵਿੰਦਰ ਕੌਰ ਹਾਜ਼ਰ ਸਨ।



# ਪਾਵਰ ਕਾਰਪੋਰੇਸ਼ਨ ਸਬ-ਡਵੀਜ਼ਨ ਦਫ਼ਤਰ ਲੋਹੀਆਂ ਖਾਸ 'ਚ 118 'ਚੋਂ 100 ਅਸਾਮੀਆਂ ਖਾਲੀ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਪਾਵਰ ਕਾਰਪੋਰੇਸ਼ਨ ਸਬ-ਡਵੀਜ਼ਨ ਦਫ਼ਤਰ ਲੋਹੀਆਂ 'ਚ ਮੁਲਾਜ਼ਮਾਂ ਦੀ ਵੱਡੀ ਘਾਟ ਪਾਈ ਜਾ ਰਹੀ ਹੈ ਤੇ ਸਿਰਫ 2 ਮੁਲਾਜ਼ਮ ਹੀ ਪੂਰੇ ਸ਼ਹਿਰ ਲੋਹੀਆਂ 'ਚ ਬਿਜਲੀ ਸਪਲਾਈ ਲਈ ਦਿਨ-ਰਾਤ ਇਕ ਕਰ ਰਹੇ ਹਨ। ਭਾਵੇਂ ਕਿ 3 ਨਿੱਜੀ ਕਾਮੇ ਵੀ ਉਨ੍ਹਾਂ ਦੀ ਸਹਾਇਤਾ ਕਰ ਰਹੇ ਹਨ। ਇਨ੍ਹਾਂ 2 ਮੁਲਾਜ਼ਮਾਂ 'ਚ ਇਕ ਜੇ. ਈ. ਹੈ ਤੇ ਇਕ ਲਾਈਨਮੈਨ ਹੈ। ਭਾਵੇਂ ਕਿ ਜੇ. ਈ. ਨੂੰ ਦਫ਼ਤਰੀ ਕੰਮਾਂ 'ਚੋਂ ਵਿਹਲ ਨਹੀਂ ਮਿਲ ਰਿਹਾ। ਇਸ ਤਰ੍ਹਾਂ ਪੂਰੇ ਸ਼ਹਿਰ ਦੀ ਬਿਜਲੀ ਦੀ ਸਪਲਾਈ ਸਿਰਫ ਇਕ ਲਾਈਨਮੈਨ 'ਤੇ ਹੀ ਨਿਰਭਰ ਕਰ ਰਹੀ ਹੈ। ਕੁਝ ਵਰ੍ਹੇ ਪਹਿਲਾਂ 20 ਲਾਈਨਮੈਨ ਤੇ 2 ਜੇ.ਈ. ਲੋਹੀਆਂ 'ਚ ਬਿਜਲੀ ਦੀ ਸਪਲਾਈ ਦਾ ਪ੍ਰਬੰਧ ਕਰਨ 'ਚ ਲੱਗੇ ਹੁੰਦੇ ਸਨ।ਇਸ ਸਮੇਂ ਲੋਹੀਆਂ ਖਾਸ ਸ਼ਹਿਰ ਦੇ ਗੁਰੂ ਨਾਨਕ ਕਾਲੋਨੀ ਫੀਡਰ 'ਚ ਕੁੱਲ 40 ਟਰਾਂਸਫਾਰਮਰ ਤੇ ਲੋਹੀਆਂ ਸ਼ਹਿਰ ਫੀਡਰ 'ਚ ਲੱਗਭਗ 50 ਟਰਾਂਸਫਾਰਮਰ ਬਿਜਲੀ ਦੀ ਸਪਲਾਈ ਕਰ ਰਹੇ ਹਨ ਤੇ ਇਨ੍ਹਾਂ ਦਾ ਪ੍ਰਬੰਧ ਇਨ੍ਹਾਂ ਦੋਵਾਂ ਮੁਲਾਜ਼ਮਾਂ ਵੱਲੋਂ ਕੀਤਾ ਜਾ ਰਿਹਾ ਹੈ, ਜਦਕਿ ਵਾੜਾ, ਯੱਕੋਪੁਰ, ਐੱਫ. ਸੀ. ਆਈ. ਗੋਦਾਮ, ਲੋਹੀਆਂ ਸ਼ਹਿਰ, ਬਾਉਲੀ ਸਾਹਿਬ ਫੀਡਰ, ਫੱਤੂਵਾਲ ਤੋਂ ਤਾਸ਼ਪੁਰ ਮੋੜ ਤੇ ਪਿੰਡ ਡੱਲਾ ਤੋਂ ਸੁਲਤਾਨਪੁਰ ਰੋਡ ਦੇ ਸ਼ੈਲਰਾਂ ਦੀ ਬਿਜਲੀ ਸਪਲਾਈ ਦਾ ਸਾਰਾ ਬੋਝ ਇਨ੍ਹਾਂ 2 ਮੁਲਾਜ਼ਮਾਂ 'ਤੇ ਹੀ ਹੈ।ਇਸ ਵੇਲੇ ਲੋਹੀਆਂ ਸਬ-ਡਵੀਜ਼ਨ ਪਾਵਰ ਕਾਰਪੋਰੇਸ਼ਨ ਦਫ਼ਤਰ 'ਚ ਕੁੱਲ 118 ਅਸਾਮੀਆਂ 'ਚੋਂ ਸਿਰਫ 18 'ਤੇ ਹੀ ਮੁਲਾਜ਼ਮ ਕੰਮ ਕਰ ਰਹੇ ਹਨ ਤੇ 100 ਦੇ ਕਰੀਬ ਅਸਾਮੀਆਂ ਖਾਲੀ ਪਈਆਂ ਹਨ, ਜਿਸ ਕਾਰਨ ਬਿਜਲੀ ਸਪਲਾਈ ਤੇ ਹੋਰ ਕੰਮਾਂ 'ਤੇ ਵੱਡਾ ਪ੍ਰਭਾਵ ਪੈ ਰਿਹਾ ਹੈ। ਇਸ ਸਮੇਂ ਕੁੱਲ 33 ਲਾਈਨਮੈਨਾਂ 'ਚੋਂ ਸਿਰਫ 4 ਲਾਈਨਮੈਨ ਕੰਮ ਕਰ ਰਹੇ ਹਨ ਤੇ 29 ਪੋਸਟਾਂ ਖਾਲੀ ਹਨ। ਇਸੇ ਤਰ੍ਹਾਂ ਸਹਾਇਕ ਲਾਈਨਮੈਨਾਂ 'ਚੋਂ ਸਿਰਫ 6 ਲਾਈਨਮੈਨ ਕੰਮ ਕਰ ਰਹੇ ਹਨ ਤੇ ਬਾਕੀ ਅਸਾਮੀਆਂ ਭਰਨ ਲਈ ਉਡੀਕ ਕੀਤੀ ਜਾ ਰਹੀ ਹੈ।ਇਸ ਸਮੇਂ ਜੇ. ਈ. ਦੀਆਂ ਕੁੱਲ 6 ਅਸਾਮੀਆਂ 'ਚੋਂ 3 'ਤੇ ਜੇ ਈ ਕੰਮ ਕਰ ਰਹੇ ਹਨ ਤੇ ਆਉਂਦੇ ਕੁਝ ਮਹੀਨਿਆਂ 'ਚੋਂ 2 ਜੇ. ਈ. ਰਿਟਾਇਰ ਹੋ ਜਾਣਗੇ, ਜਿਸ ਨਾਲ ਸਿਰਫ ਇਕ ਜੇ. ਈ. ਕੰਮ ਕਰਨ ਲਈ ਹਾਜ਼ਰ ਹੋਵੇਗਾ। ਇਸ ਲਈ ਸ਼ਹਿਰ ਵਾਸੀਆਂ ਦੀ ਮੰਗ ਹੈ ਕਿ ਪਾਵਰ ਕਾਰਪੋਰੇਸ਼ਨ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਫੌਰਨ ਭਰਿਆ ਜਾਵੇ ਨਹੀਂ ਤਾਂ ਆਉਂਦੇ ਮਹੀਨਿਆਂ 'ਚ ਸਬ-ਡਵੀਜ਼ਨ ਦਫ਼ਤਰ ਲੋਹੀਆਂ ਪਾਵਰ ਕਾਰਪੋਰੇਸ਼ਨ ਦੀ ਹਾਲਤ ਅਤਿ ਗੰਭੀਰ ਹੋ ਸਕਦੀ ਹੈ।

# ਸੰਗਰਾਂਦ ਦਿਹਾੜੇ 'ਤੇ ਸੰਗਤਾਂ ਨੂੰ ਮੁਫਤ ਬੂਟੇ ਵੰਡੇ



**ਫਿਲੌਰ (ਨਿਰਮਲ)**- ਸ੍ਰੀ ਗੁਰੂ ਰਵਿਦਾਸ ਭਵਨ ਗੁਰਦੁਆਰਾ ਫਿਲੌਰ ਵਿਖੇ ਮੰਗਲਵਾਰ ਸਾਵਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਪਾਠ ਦੇ ਭੋਗ ਉਪਰੰਤ ਲੰਗਰ ਲਗਾਇਆ ਗਿਆ ਅਤੇ ਸੰਗਤਾਂ ਨੂੰ 100 ਤੋਂ ਵੱਧ ਛਾਂਦਾਰ ਬੂਟੇ ਮੁਫਤ ਵੰਡੇ ਗਏ। ਪ੍ਰਬੰਧਕ ਕਮੇਟੀ ਦੇ ਆਗੂ ਪ੍ਰਧਾਨ ਰਾਜ ਕੁਮਾਰ ਸੰਧੂ ਕੌਂਸਲਰ, ਤਾਰਾ ਚੰਦ ਜੱਖੂ ਜਨਰਲ ਸੈਕਟਰੀ, ਕੈਸ਼ੀਅਰ ਮਨੋਜ ਕੁਮਾਰ ਅਤੇ ਰਾਜ ਕੁਮਾਰ, ਚਮਨ ਲਾਲ, ਬਲਜੀਤ ਸਿੰਘ, ਦਲਬੀਰ ਸਿੰਘ, ਜਤਿੰਦਰ ਕੁਮਾਰ, ਹਰਬੰਸ ਲਾਲ, ਸੋਹਨ ਲਾਲ ਗਾਦੜੇ, ਹਰੀ ਸਿੰਘ ਹਾਜ਼ਰ ਸਨ। ਸੰਗਤਾਂ ਨੂੰ ਬੂਟੇ ਵੰਡਦੇ ਹੋਏ ਆਗੂਆਂ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਹ ਬੂਟੇ ਆਪਣੇ ਘਰਾਂ ਨੇੜੇ ਧਾਰਮਿਕ ਅਸਥਾਨਾਂ ਨੇੜੇ ਲਗਾਏ ਜਾਣ ਅਤੇ ਇਨਾਂ ਦੀ ਦੇਖਭਾਲ ਵੀ ਕਰਨ ਤਾਂ ਜੋ ਵਾਤਾਵਰਣ ਸ਼ੁੱਧ ਰਹੇ ਤੁਹਾਨੂੰ ਤਾਜ਼ੀ ਹਵਾ ਅਤੇ ਆਕਸੀਜਨ ਫਰੀ ਵਿੱਚ ਮਿਲ ਸਕੇ। ਸਭਨਾਂ ਨੇ ਬੂਟੇ ਲਗਾ ਕੇ ਇਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਲਈ।

# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ 'ਸੈਲਫ ਇੰਟਰੋਡਕਸ਼ਨ ਕੰਪੀਟੀਸ਼ਨ'

**ਲੋਹੀਆਂ ਖਾਸ, (ਯੋਗੇਸ਼ਵਰ)** : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕਿੰਡਰਗਾਰਟਨ ਵਿਦਿਆਰਥੀਆਂ ਦਾ ਸੈਲਫ ਇੰਟਰੋਡਕਸ਼ਨ ਕੰਪੀਟੀਸ਼ਨ ਆਯੋਜਿਤ ਕੀਤਾ ਗਿਆ । ਵਿੱਚ ਕੇ .ਜੀ.ਵਨ ਅਤੇ ਕੇ .ਜੀ. ਟੂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ । ਇਸ ਵਿੱਚ ਕੇ.ਜੀ.ਵਨ ਕਲਾਸ ਵਿੱਚੋਂ ਹਰਮਨਦੀਪ ਕੌਰ ਕੇ. ਜੀ.ਵਨ (ਰੋਜ਼) ਨੇ ਪਹਿਲਾ ਸਥਾਨ , ਫੌਜੀਆ ਖਾਨ ਕੇ.ਜੀ . ਵਨ (ਜੈਸਮੀਨ) ਨੇ ਦੂਜਾ ਸਥਾਨ, ਮੁਹੰਮਦ ਹੁਸੈਨ ਕੇ.ਜੀ.ਵਨ (ਲਿਲੀ) ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਕੇ.ਜੀ. ਟੂ ਕਲਾਸ ਵਿੱਚੋਂ ਗੁਰਨੂਰ ਕੌਰ ਨੇ ਪਹਿਲਾ ਸਥਾਨ, ਸੀਰਤ ਕੌਰ ਕੇ.ਜੀ. ਟੂ (ਲਿਲੀ) ਨੇ ਦੂਜਾ ਸਥਾਨ ਤੇ ਸਨਾਪ੍ਰੀਤ ਕੇ.ਜੀ. ਟੂ (ਜੈਸਮੀਨ) ਨੇ ਤੀਜਾ ਸਥਾਨ ਹਾਸਲ ਕੀਤਾ । ਇਸ ਤੋਂ ਇਲਾਵਾ ਦਿਵਿਆਨ ਸ਼ੇਹਾਨ, ਜਪਜੀ ਕੌਰ, ਯੁਵਰਾਜ ਸਿੰਘ, ਖੁਸ਼ਪ੍ਰੀਤ ਕੌਰ ਅਤੇ ਸੁਖਮਨਪ੍ਰੀਤ ਕੌਰ ਨੂੰ ਕੰਸੋਲੇਸ਼ਨ ਪ੍ਰਾਈਜ਼ ਦਿੱਤਾ ਗਿਆ । ਇਸ ਕੰਪੀਟੀਸ਼ਨ ਦੀ ਜਜਮੈਂਟ ਸਕੂਲ ਪ੍ਰਿੰਸੀਪਲ ਅਮਨਪ੍ਰੀਤ ਕੌਰ ਅਤੇ ਕੋਆਰਡੀਨੇਟਰ ਲੋਕੇਸ਼ਵਰੀ ਸ਼ਰਮਾ ਦੁਆਰਾ ਕੀਤੀ ਗਈ। ਪ੍ਰਿੰਸੀਪਲ ਦੁਆਰਾ ਸਾਰੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ ਅਤੇ ਕਿੰਡਰਗਾਰਟਨ ਕੋਡੀਨੇਟਰਜ਼ ਮੈਡਮ ਰਮਨੀਤ, ਰੁਪਿੰਦਰ ਅਤੇ ਐਕਟੀਵਿਟੀ ਇੰਚਾਰਜ ਮੈਡਮ ਕੋਮਲ ਸ਼ਰਮਾ ਨੂੰ ਵੀ ਵਧਾਈ ਦਿੱਤੀ ਗਈ ਜਿਨ੍ਹਾਂ ਦੀ ਯੋਗ ਅਗਵਾਈ ਹੇਠ ਬੱਚਿਆਂ ਨੇ ਪੂਰੇ ਆਤਮ- ਵਿਸ਼ਵਾਸ ਨਾਲ ਆਪਣੀ ਜਾਣ- ਪਛਾਣ ਕਰਵਾਈ। ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਵਿੱਚ ਅਜਿਹੇ ਕੰਪੀਟੀਸ਼ਨ ਆਯੋਜਿਤ ਕੀਤੇ ਜਾਂਦੇ ਹਨ ਤਾਂ ਜੋ ਬੱਚੇ ਪੜ੍ਹਾਈ ਦੇ ਨਾਲ- ਨਾਲ ਹਰ ਖੇਤਰ ਦੇ ਵਿੱਚ ਅੱਗੇ ਵਧ ਸਕਣ, ਬੱਚਿਆਂ ਦਾ ਆਤਮ-ਵਿਸ਼ਵਾਸ ਵਧ ਸਕੇ ਅਤੇ ਇਨ੍ਹਾਂ ਛੋਟੇ - ਛੋਟੇ ਬੱਚਿਆਂ ਦਾ ਸਟੇਜ ਤੇ ਆ ਕੇ ਬੋਲਣਾ ਹੀ ਸਕੂਲ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਸਕੂਲ ਡੀ.ਪੀ. ਸਰਦਾਰ ਅੰਮ੍ਰਿਤ ਪਾਲ ਸਿੰਘ ਅਤੇ ਮੈਡਮ ਅਨੂ ਚੋਪੜਾ ਵੀ ਹਾਜ਼ਰ ਸਨ।



# ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਔਰਤ ਦੀ ਮੌਤ, ਬੱਚਾ ਗੰਭੀਰ ਜ਼ਖ਼ਮੀ



**ਫਿਲੌਰ, ( ਨਿਰਮਲ )** ਰੇਲਵੇ ਸਟੇਸ਼ਨ ਫਿਲੌਰ ਵਿਖੇ ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਇੱਕ ਔਰਤ ਦੀ ਮੌਤ ਅਤੇ ਬੱਚਾ ਜ਼ਖ਼ਮੀ ਹੋ ਗਿਆ।ਜੀ ਆਰ ਪੀ ਚੌਂਕੀ ਇੰਚਾਰਜ ਫਿਲੌਰ ਤੇਜਿੰਦਰ ਸਿੰਘ ਨੇ ਦੱਸਿਆ ਕਿ ਇੱਕ ਔਰਤ ਆਪਣੇ ਬੱਚੇ ਨਾਲ ਰੇਲਵੇ ਸਟੇਸ਼ਨ ਫਿਲੌਰ ਵਿਖੇ ਲਾਈਨਾਂ ਪਾਰ ਕਰ ਰਹੀ ਸੀ ਕਿ ਮਾਲ ਗੱਡੀ ਦੀ ਲਪੇਟ 'ਚ ਆ ਗਈ ਜਿਸ ਕਾਰਨ ਔਰਤ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਉਸ ਦਾ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ।ਗੱਡੀ ਦੇ ਡਰਾਈਵਰ ਅਤੇ ਆਸ ਪਾਸ ਵਾਲਿਆਂ ਨੇ ਬੱਚੇ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਪਹੁੰਚਾਇਆ। ਜਿੱਥੇ ਡਾਕਟਰਾਂ ਨੇ ਬੱਚੇ ਦੀ ਹਾਲਤ ਗੰਭੀਰ ਦੇਖਦੇ ਹੋਏ ਸਿਵਲ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ ਗਿਆ।ਮ੍ਰਿਤਕ ਔਰਤ ਦੀ ਪਹਿਚਾਨ ਨਹੀਂ ਹੋ ਸਕੀ।ਜਿਸ ਦੀ ਲਾਸ਼ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਰੱਖ ਕੇ ਧਾਰਾ 194 ਅਧੀਨ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਖੇਤ ਮਜ਼ਦੂਰਾਂ ਦੀ ਜਨਰਲ ਬਾਡੀ ਮੀਟਿੰਗ 23 ਨੂੰ

**ਬੰਗਾ (ਅਵਤਾਰ ਕਲੇਰ)**–ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਅਤੇ ਸੂਬਾ ਜਨਰਲ ਸਕੱਤਰ ਗੁਰਮੇਸ਼ ਸਿੰਘ ਨੇ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਯੂਨੀਅਨ ਦੇ ਸੂਬਾਈ ਅਤੇ ਜ਼ਿਲ੍ਹਾ ਕਮੇਟੀ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ 23 ਜੁਲਾਈ ਨੂੰ 11 ਵਜੇ ਜਲੰਧਰ ਸੂਬਾਈ ਦਫਤਰ ਵਿਖੇ ਹੋਵੇਗੀ। ਮੀਟਿੰਗ ਨੂੰ ਕੁੱਲ ਹਿੰਦ ਜੁਆਇੰਟ ਸਕੱਤਰ ਸਾਥੀ ਬਿਕਰਮ ਸਿੰਘ ਸੰਬੋਧਨ ਕਰਨਗੇ।ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਤ੍ਰਿਚਨਾਪੱਲੀ (ਤਾਮਿਲਨਾਡੂ) ਵਿਖੇ ਹੋਈ ਕੇਂਦਰੀ ਜਨਰਲ ਕੌਂਸਲ ਦੇ ਫੈਸਲਿਆਂ ਦੀ ਰਿਕਾਰਡਿੰਗ ਵੀ ਕਰਨਗੇ।ਉਨ੍ਹਾਂ ਕਿਹਾ ਕਿ ਸਾਰੇ ਵਰਕਰਾਂ ਨੂੰ ਸਮੇਂ ਸਿਰ ਮੀਟਿੰਗ ਵਿੱਚ ਹਾਜ਼ਰ ਹੋਣ ਦੀ ਅਪੀਲ ਕੀਤੀ ਹੈ।

# ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬਰਮਾਂ 'ਤੇ 400 ਬੂਟੇ ਲਗਾਏ



**ਫਿਲੌਰ ( ਨਿਰਮਲ )**- ਫਿਲੌਰ ਦੇ ਨਜ਼ਦੀਕੀ ਪਿੰਡ ਮੋਤੀਪੁਰ ਖਾਲਸਾ ਵਿਖੇ ਵਾਤਾਵਰਣ ਨੂੰ ਬਚਾਉਣ ਲਈ ਸੜਕ ਦੇ ਬਰਮਾਂ 'ਤੇ 400 ਦੇ ਕਰੀਬ ਬੂਟੇ ਲਗਾਏ ਗਏ। ਇਸ ਮੌਕੇ ਮਨਜੀਤ ਕੌਰ ਸਾਬਕਾ ਸਰਪੰਚ ਨੇ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਮਨੁੱਖ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ ਜਿਸ ਕਾਰਨ ਗਰਮੀ ਦਾ ਤਾਪਮਾਨ ਵਧ ਕੇ 46 ਜਾ 47 ਡਿਗਰੀ ਹੋ ਗਿਆ ਹੈ। ਲੋਕ ਗਰਮੀ ਨਾਲ ਤਰਾਹ ਤਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾ ਜੋ ਸਾਨੂੰ ਘਰ ਵਿੱਚ ਏ ਸੀ ਦੀ ਜ਼ਰੂਰਤ ਨਾ ਪਵੇ। ਉਨ੍ਹਾਂ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹਰ ਮਨੁੱਖ ਲਾਵੇ ਇੱਕ ਰੁੱਖ। ਇਸ ਮੌਕੇ ਲਖਵਿੰਦਰ ਸਿੰਘ ਮੋਤੀਪੁਰ, ਜਰਨੈਲ ਸਿੰਘ, ਰਾਜਵਿੰਦਰ ਕੌਰ ਪੰਚ, ਅਵਤਾਰ ਸਿੰਘ, ਜਰਨੈਲ ਸਿੰਘ ਧੰਜੂ, ਪਰਮਿੰਦਰ ਕੁਮਾਰ, ਸਰਬਜੀਤ ਕੌਰ, ਸੱਤਿਆ, ਚਰਨਦਾਸ ਅਤੇ ਹੋਰ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਸਿਆਲ ਕੌਰ (ਲੁਧਿਆਣਾ)

## ਸ਼ੁਹਿਨਾਈਆਂ



ਮਨਪ੍ਰੀਤ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਡਾਲਾ ਦਾ ਸ਼ੁਭ ਵਿਆਹ ਅਮਨਦੀਪ ਕੌਰ ਵਾਸੀ ਮਹਿਤਾ ਨਾਲ ਹੋਇਆ।

# ਮੁੱਖ ਮੰਤਰੀ ਦੇ ਦਿੱਤੇ ਭਰੋਸੇ ਅਨੁਸਾਰ ਸਾਂਝਾ ਫਰੰਟ ਦੇ ਆਗੂਆਂ ਨਾਲ 25 ਨੂੰ ਮੀਟਿੰਗ ਕਰਕੇ ਮੰਗਾਂ ਲਾਗੂ ਕਰਨ ਦਾ ਐਲਾਨ ਕਰਨ : ਪੈਨਸ਼ਨਰ ਆਗੂ

**ਜਲੰਧਰ/ਫਗਵਾੜਾ (ਰਾਜੇਸ਼ ਥਾਪਾ, ਡਾ.ਰਮਨ, ਜਸਵਿੰਦਰ ਢੱਡਾ)**–ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵਲੋਂ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਸਮੇਂ 6 ਜੁਲਾਈ ਨੂੰ ਝੰਡਾ ਮਾਰਚ ਕਰਨ ਦੇ ਦਿੱਤੇ ਸੱਦੇ ਦੇ ਦਬਾਅ ਅਧੀਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਪਹਿਲੀ ਜੁਲਾਈ ਨੂੰ ਸਾਂਝਾ ਫਰੰਟ ਦੇ ਆਗੂਆਂ ਨਾਲ ਕਬਾਨਾ ਰਿਜ਼ੋਰਟ ਫ਼ਗਵਾੜਾ ਵਿਖੇ ਮੀਟਿੰਗ ਕਰਕੇ ਮੰਗਾਂ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਆਗੂਆਂ ਨਾਲ ਚੰਡੀਗੜ੍ਹ ਵਿਖੇ 25 ਜੁਲਾਈ ਨੂੰ ਦੁਬਾਰਾ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਸੀ। ਉਪਰੋਕਤ ਭਰੋਸੇ 'ਤੇ ਯਕੀਨ ਕਰਦੇ ਹੋਏ ਪੰਜਾਬ ਮੁਲਾਜ਼ਮ ਅਤੇ ਸਾਂਝਾ ਪੈਨਸ਼ਨਰ ਫਰੰਟ ਦੇ ਆਗੂਆਂ ਨੇ 6 ਜੁਲਾਈ ਦਾ ਜਲੰਧਰ ਪੱਛਮੀ ਵਿੱਚ ਕੀਤਾ ਜਾਣ ਵਾਲਾ ਝੰਡਾ ਮਾਰਚ ਮੁਲਤਵੀ ਕਰ ਦਿੱਤਾ ਸੀ। ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਵਰਕਰਾਂ ਨੇ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਮਾਸਿਕ ਮੀਟਿੰਗ ਕਰਕੇ ਮੁੱਖ ਮੰਤਰੀ ਪੰਜਾਬ ਮਾਨ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਸਾਂਝਾ ਫਰੰਟ ਪੰਜਾਬ ਦੇ ਆਗੂਆਂ ਨੂੰ ਪਹਿਲੀ ਜੁਲਾਈ ਨੂੰ ਦਿੱਤੇ ਗਏ ਭਰੋਸੇ ਨੂੰ ਕਾਇਮ ਰੱਖਦੇ ਹੋਏ 25 ਜੁਲਾਈ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾਈ ਆਗੂਆਂ ਨਾਲ ਮੀਟਿੰਗ ਕਰਨ ਲਈ ਗੰਭੀਰਤਾ ਦਿਖਾਉਣ ਅਤੇ ਪਹਿਲੀ ਜੁਲਾਈ ਨੂੰ ਕੀਤੀ ਮੀਟਿੰਗ ਸਮੇਂ ਸਹਿਮਤੀ ਪ੍ਰਗਟਾਈ ਮੰਗਾਂ ਨੂੰ ਮੰਨਣ ਅਤੇ ਤੁਰੰਤ ਲਾਗੂ ਕਰਨ ਦਾ ਐਲਾਨ ਕਰਨ ਤਾਂ ਜੋ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਨਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਜੋ ਗੁੱਸਾ ਭੜਕ ਰਿਹਾ ਹੈ, ਉਹ ਕੁਝ ਠੰਡਾ ਪੈ ਸਕੇ।ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਪ੍ਰਮੋਦ ਕੁਮਾਰ ਜੋਸ਼ੀ, ਨਿਰਮੋਲਕ ਸਿੰਘ ਹੀਰਾ, ਗੁਰਦੀਪ ਕੁਮਾਰ ਜੱਸੀ, ਗੁਰਨਾਮ ਸਿੰਘ ਸੈਣੀ ਆਦਿ ਆਗੂਆਂ ਨੇ ਕਿਹਾ ਕਿ ਜੇ ਮੁੱਖ ਮੰਤਰੀ ਪੰਜਾਬ ਨੇ 25 ਜੁਲਾਈ ਨੂੰ ਸਾਂਝਾ ਫਰੰਟ ਪੰਜਾਬ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਦੋ-ਧਿਰੀ ਗੱਲਬਾਤ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਗੰਭੀਰਤਾ ਨਾ ਦਿਖਾਈ ਤਾਂ ਸਾਂਝਾ ਫਰੰਟ ਪੰਜਾਬ ਵਲੋਂ ਚਾਰ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਸਮੇਂ ਪੰਜਾਬ ਸਰਕਾਰ ਨੂੰ ਭਵਿੱਖ ਵਿੱਚ ਸਬਕ ਸਿਖਾਉਣ ਲਈ ਜੋ ਵੀ ਸੰਘਰਸ਼ ਉਲੀਕਿਆ ਜਾਵੇਗਾ, ਉਸ ਵਿੱਚ ਪੈਨਸ਼ਨਰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸੰਘਰਸ਼ ਨੂੰ ਕਾਮਯਾਬ ਕਰਨ ਲਈ ਯੋਗਦਾਨ ਪਾਉਣ ਲਈ ਤਿਆਰ ਰਹਿਣਗੇ। ਮੰਗਾਂ ਦਾ ਜ਼ਿਕਰ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਸਮੂਹ ਵਿਭਾਗਾਂ ਦੇ ਹਰ ਤਰ੍ਹਾਂ ਦੇ ਕੱਚੇ, ਠੇਕਾ, ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੱਕਾ ਕਰਵਾਉਣ, ਮਾਣ ਭੱਤਾ ਵਰਕਰਾਂ ਤੇ ਘੱਟੋ-ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਵਾਉਣ, 01/01/2016 ਤੋਂ ਪਹਿਲਾਂ ਵਾਲੇ ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ ਤੇ 2.59 ਦਾ ਗੁਣਾਕ ਲਾਗੂ ਕਰਵਾਉਣ, 1972 ਦੇ ਪੈਨਸ਼ਨ ਨਿਯਮਾਂ ਮੁਤਾਬਕ 01-01-2004 ਤੋਂ ਪੁਰਾਣੀ ਪੈਨਸ਼ਨ ਸਕੀਮ ਹੂਬਹੂ ਲਾਗੂ ਕਰਵਾਉਣ, ਪਰਖ ਸਮੇਂ ਦੌਰਾਨ ਮੁਢਲੀ ਤਨਖਾਹ ਦੇਣ ਦਾ ਨੋਟੀਫਿਕੇਸ਼ਨ ਰੱਦ ਕਰਵਾਉਣ, 17-7-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਵਾਉਣ, ਪੇਂਡੂ ਅਤੇ ਬਾਰਡਰ ਭੱਤੇ ਸਮੇਤ ਕੱਟੇ ਗਏ 37 ਭੱਤੇ ਅਤੇ ਏ. ਸੀ. ਪੀ. ਬਹਾਲ ਕਰਵਾਉਣ, 01-01-16 ਤੋਂ 30-06-2021 ਤੱਕ ਸਕੇਲਾਂ ਦੀ ਰਵੀਜ਼ਨ ਦੇ ਬਕਾਏ ਯੱਕ-ਮੁਸ਼ਤ ਅਦਾ ਕਰਵਾਉਣ, ਛੇਵੇਂ ਪੇ ਕਮਿਸ਼ਨ ਦੇ ਅਨੁਸਾਰ ਸੋਧੀ ਬੇਸਿਕ ਪੇ ਤੇ ਕਮਾਈ ਛੁੱਟੀ ਦਾ ਲਾਭ ਦੇਣ ,01-01-2016 ਤੋਂ 113 ਫੀਸਦੀ ਡੀ.ਏ ਦੀ ਬਜਾਇ ਹਾਈਕੋਰਟ ਦੇ ਫੈਸਲੇ ਮੁਤਾਬਕ 119 ਫੀਸਦੀ ਡੀ.ਏ. ਨਾਲ ਪੈਨਸ਼ਨ ਅਤੇ ਤਨਖਾਹ ਦੁਹਰਾਈ ਕਰਵਾਉਣ, ਡੀ.ਏ 38% ਤੋਂ ਵਧਾ ਕੇ ਕੇਂਦਰੀ ਤਰਜ਼ 'ਤੇ 50% ਕਰਵਾਉਣ, 200 ਰੁਪਏ ਵਿਕਾਸ ਟੈਕਸ ਬੰਦ ਕਰਵਾਉਣ, ਮੈਡੀਕਲ ਭੱਤਾ 2000 ਰੁਪਏ ਕਰਵਾਉਣ ਅਤੇ ਕੈਸ਼ਲੈੱਸ ਹੈੱਲਥ ਸਕੀਮ ਸੋਧ ਕੇ ਲਾਗੂ ਕਰਵਾਉਣ ਤੱਕ ਸੰਘਰਸ਼ ਜਾਰੀ ਹੈ ਅਤੇ ਲਗਾਤਾਰ ਜਾਰੀ ਰਹੇਗਾ।ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹਾਈਕੋਰਟ ਵਲੋਂ ਪੈਨਸ਼ਨ ਕਮਿਊਟੇਸ਼ਨ ਦੀ ਕਟੌਤੀ 180 ਮਹੀਨੇ ਦੀ ਬਜਾਏ 128 ਮਹੀਨਿਆਂ ਤੱਕ ਕਰਨ ਦੇ ਦਿੱਤੇ ਫੈਸਲੇ ਨੂੰ ਜਨਰਲਲਾਈਜ਼ ਕਰਨ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਤਾਂ ਜੋ ਬੁਢਾਪੇ ਵਿੱਚ ਪੈਨਸ਼ਨਰਾਂ ਨੂੰ ਕੋਰਟਾਂ ਵਿੱਚ ਧੱਕੇ ਨਾਲ ਖਾਣੇ ਪੈਣ।ਮੀਟਿੰਗ ਦੇ ਸ਼ੁਰੂ ਵਿੱਚ ਸਦੀਵੀ ਵਿਛੋੜਾ ਦੇ ਚੁੱਕੇ ਪੈਨਸ਼ਨਰ ਆਗੂ ਸਾਥੀ ਸਾਧੂ ਸਿੰਘ ਜੱਸਲ ਦੇ ਪਿਤਾ ਕਰਨੈਲ ਸਿੰਘ ਜੱਸਲ ਅਤੇ ਪੈਨਸ਼ਨਰ ਮੈਂਬਰ ਹਰਭਜਨ ਲਾਲ ਦੇ ਮਾਤਾ ਧਰਮ ਕੌਰ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਦੋਨੋਂ ਪਰਵਾਰਾਂ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ ਗਿਆ।ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਪ੍ਰਮੋਦ ਕੁਮਾਰ ਜੋਸ਼ੀ, ਨਿਰਮੋਲਕ ਸਿੰਘ ਹੀਰਾ, ਸਤਪਾਲ ਸਿੰਘ ਖੱਟਕੜ, ਗੁਰਨਾਮ ਸਿੰਘ ਸੈਣੀ,ਗੁਰਦੀਪ ਕੁਮਾਰ ਜੱਸੀ, ਕੇ ਕੇ ਪਾਂਡੇ, ਕ੍ਰਿਸ਼ਨ ਗੋਪਾਲ ਚੋਪੜਾ, ਪਿਆਰਾ ਰਾਮ, ਬਲਵੀਰ ਸਿੰਘ, ਰਤਨ ਸਿੰਘ, ਅਸ਼ਵਨੀ ਕੁਮਾਰ ਆਦਿ ਆਗੂ ਹਾਜ਼ਰ ਸਨ।

